# CONCEPT OF SEWA IN GURMAT

## ਗੁਰਮਤਿ ਵਿਚ ਸੇਵਾ ਦਾ ਸੰਕਲਪ

**THESIS**

SUBMITTED TO THE PANJAB UNIVERSITY, CHANDIGARH
FOR THE DEGREE OF

**Doctor of Philosophy**

IN THE FACULTY OF LANGUAGES

**1989**

**Tarsem Lal**
DEPARTMENT OF GURU NANAK SIKH STUDIES
PANJAB UNIVERSITY
CHANDIGARH

## ਤਤਕਰਾ


| | ਪੰਨਾ |
|---|---|
| ਭੂਮਿਕਾ | 1 - 2 |
| ਧੰਨਵਾਦ | 3 - 4 |
| ਪਹਿਲਾ ਅਧਿਆਇ: ਸੇਵਾ ਸੰਬੰਧੀ ਆਰੰਭਕ ਵਿਚਾਰ | 5 - 43 |
| (ੳ) ਸੇਵਾ ਦੀ ਪਰਿਭਾਸ਼ਾ | |
| (ਅ) ਸੇਵਾ ਦੀ ਇਤਿਹਾਸਕ ਪਿੱਠ-ਭੂਮੀ | |
| ਦੂਜਾ ਅਧਿਆਇ: ਸੇਵਾ ਦੇ ਸਥੂਲ ਸੰਦਰਭ | 44 - 84 |
| (ੳ) ਤਨ ਦੀ ਸੇਵਾ | |
| (ਅ) ਧਨ ਦੀ ਸੇਵਾ | |
| ਤੀਜਾ ਅਧਿਆਇ: ਸੇਵਾ ਦੇ ਸੂਖ਼ਮ ਸੰਦਰਭ | 85 - 120 |
| (ੳ) ਮਨ ਦੀ ਸੇਵਾ | |
| (ਅ) ਸੁਰਤਿ ਦੀ ਸੇਵਾ | |
| ਚੌਥਾ ਅਧਿਆਇ: ਸੇਵਾ ਦਾ ਅਮਲੀ ਸਰੂਪ | 121 - 146 |
| (ੳ) ਸੇਵਕ ਦਾ ਪ੍ਰੇਰਣਾ-ਸਰੋਤ | |
| (ਅ) ਸੇਵਕ ਦਾ ਵਿਕਾਸ | |
| ਪੰਜਵਾਂ ਅਧਿਆਇ: ਸੇਵਾ ਦਾ ਫਲ | 147 - 164 |
| (ੳ) ਸੇਵਕ ਦੀ ਕਾਮਨਾ | |
| (ਅ) ਸੇਵਕ ਦੀ ਪ੍ਰਾਪਤੀ | |
| ਨਿਸ਼ਕਰਸ਼ | 165 - 166 |
| ਪੁਸਤਕ ਸੂਚੀ | 167 - 173 |

## ਭੂਮਿਕਾ

ਪ੍ਰਸਤੁਤ ਸ਼ੋਧ ਪ੍ਰਬੰਧ ਦਾ ਸੀਰਸ਼ਕ "ਗੁਰਮਤਿ ਵਿਚ ਸੇਵਾ ਦਾ ਸੰਕਲਪ" (CONCEPT OF SEWA IN GURMAT) ਹੈ। ਸੇਵਾ ਦੇ ਸੰਕਲਪ ਦਾ ਗੁਰਮਤਿ ਦੇ ਬੁਨਿਆਦੀ ਸੰਕਲਪਾਂ ਵਿਚ ਵਿਸ਼ੇਸ਼ ਮਹੱਤਵ ਹੈ। ਇਸ ਸੰਕਲਪ ਦੇ ਸਿਧਾਂਤਕ ਪੱਖ ਦਾ ਵੀ ਉਤਨਾ ਹੀ ਮਹੱਤਵ ਹੈ, ਜਿਤਨਾ ਇਸਦੇ ਵਿਵਹਾਰਿਕ ਪੱਖ ਦਾ ਹੈ। ਇਸੇ ਲਈ ਇਸ ਅਧਿਐਨ ਦਾ ਮੁਖ ਆਧਾਰ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀ ਹੀ ਹੈ, ਪਰੰਤੂ ਗੁਰੂ ਸਾਹਿਬਾਨ ਦੇ ਅਮਲੀ ਜੀਵਨ, ਉਨ੍ਹਾਂ ਦੁਆਰਾ ਸਥਾਪਿਤ ਕੀਤੀਆਂ ਗਈਆਂ ਸੰਸਥਾਵਾਂ ਅਤੇ ਗੁਰਮਤਿ ਦੇ ਸਿਧਾਂਤਾਂ ਦਾ ਅਨੁਸਰਣ ਕਰਨ ਵਾਲੀਆਂ ਸੰਪਰਦਾਵਾਂ ਦੀਆਂ ਗਤੀ-ਵਿਧੀਆਂ ਨੂੰ ਵੀ ਦ੍ਰਿਸ਼ਟੀ ਵਿਚ ਰਖਿਆ ਗਿਆ ਹੈ। ਕਾਲਿਕ ਜਾਂ ਭੂਗੋਲਿਕ ਪੱਖ ਤੋਂ ਇਸ ਅਧਿਐਨ ਦੀਆਂ ਕੋਈ ਸੀਮਾਵਾਂ ਨਹੀਂ ਮਿਥੀਆਂ ਗਈਆਂ ਕਿਉਂਕਿ ਸੇਵਾ ਦਾ ਸੰਕਲਪ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਮੱਤ ਦੀ ਸਥਾਪਨਾ ਦੇ ਸਮੇਂ ਤੋਂ ਲੈ ਕੇ ਹੁਣ ਤਕ ਨਿਰੰਤਰ ਵਿਕਾਸ ਕਰਦਾ ਆ ਰਿਹਾ ਹੈ ਅਤੇ ਇਸ ਬੁਨਿਆਦੀ ਸੰਕਲਪ ਵਜੋਂ ਇਸ ਦਾ ਮਹੱਤਵ ਹੁਣ ਵੀ ਉਨਾਂ ਹੀ ਹੈ ਜਿਨਾ ਆਰੰਭਕ ਪੜਾਅ ਤੇ ਸੀ। ਕਾਲਿਕ ਤੇ ਭੂਗੋਲਿਕ ਸੀਮਾਵਾਂ ਤੋਂ ਸੁਤੰਤਰ ਰਹਿਕੇ ਗੁਰਮਤਿ ਵਿਚਲੇ ਸੇਵਾ ਦੇ ਸੰਕਲਪ ਦੇ ਭਿੰਨ ਭਿੰਨ ਪੱਖਾਂ ਦੀ, ਲੋੜ ਅਨੁਸਾਰ, ਸੰਸਾਰ ਦੇ ਹੋਰ ਅਨੇਕ ਧਰਮਾਂ ਨਾਲ ਯਥਾ-ਸੰਭਵ ਤੁਲਨਾ ਕੀਤੀ ਗਈ ਹੈ, ਤਾਂ ਜੋ ਸੇਵਾ ਦੇ ਸਿਧਾਂਤਕ ਅਤੇ ਵਿਵਹਾਰਿਕ ਦੋਹਾਂ ਪੱਖਾਂ ਉਤੇ ਵੱਧ ਤੋਂ ਵੱਧ ਚਾਨਣਾ ਪੈ ਸਕੇ।

ਪ੍ਰਸਤੁਤ ਅਧਿਐਨ ਨੂੰ ਕੁਲ ਪੰਜ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਸੇਵਾ ਦੇ ਸੰਕਲਪ ਨੂੰ ਪਰਿਭਾਸ਼ਿਤ ਕਰਨ, ਇਸਦੇ ਸਰੂਪ ਨੂੰ ਪਛਾਣਨ ਅਤੇ ਇਸਦੀ ਇਤਿਹਾਸਕ ਪਿੱਠ-ਭੂਮੀ ਨੂੰ ਉਜਾਗਰ ਕਰਨ ਦਾ ਯਤਨ ਹੈ।

ਦੂਜੇ ਅਧਿਆਇ ਵਿਚ ਤਨ, ਮਨ, ਧਨ ਨੂੰ ਇਕੋ ਲੜੀ ਵਿਚ ਪਰੋਣ ਦੀ ਰਵਾਇਤ ਤੋਂ ਹਟ ਕੇ ਤਨ ਅਤੇ ਧਨ ਦਾ ਦੋ ਸਥੂਲ ਸੰਦਰਭਾਂ ਅਥਵਾ ਸੇਵਾਦੇ ਮਾਧਿਅਮਾਂ ਦੇ ਰੂਪ ਵਿਚ ਅਧਿਐਨ ਕਰਨ ਦਾ ਯਤਨ ਹੈ।

ਇਸੇ ਤਰ੍ਹਾਂ ਤੀਜੇ ਅਧਿਆਇ ਵਿਚ ਸੇਵਾ ਦੇ ਦੋ ਸੂਖ਼ਮ ਸੰਦਰਭਾਂ ਅਥਵਾ ਸੇਵਕ ਦੇ ਅੰਤਹਕਰਣ ਦੀਆਂ ਦੋ ਅਵਸਥਾਵਾਂ ਨੂੰ ਦ੍ਰਿਸ਼ਟੀ ਵਿਚ ਰਖਕੇ ਮਨ ਦੀ ਸੇਵਾ ਅਤੇ ਸੁਰਤਿ ਦੀ ਸੇਵਾ ਦਾ ਜ਼ਿਕਰ ਕੀਤਾ ਗਿਆ ਹੈ।

ਚੌਥੇ ਅਧਿਆਇ ਵਿਚ ਇਹ ਸਮਝਣ ਦਾ ਯਤਨ ਕੀਤਾ ਗਿਆ ਹੈ ਕਿ ਗੁਰਮਤਿ ਵਿਚ ਆਸਥਾ ਰਖਣ ਵਾਲੇ ਸੇਵਕ ਦੇ ਪ੍ਰੇਰਣਾ-ਸਰੋਤ ਕਿਹੜੇ ਕਿਹੜੇ ਹੋ ਸਕਦੇ ਹਨ ਅਤੇ ਸੇਵਾ ਦੇ ਮਾਰਗ ਉਤੇ ਚਲਦਿਆਂ ਉਸਦੀ ਸ਼ਖ਼ਸੀਅਤ ਵਿਕਾਸ ਕਿਵੇਂ ਕਰਦੀ ਹੈ।

ਪੰਜਵੇਂ ਅਤੇ ਅੰਤਮ ਅਧਿਆਇ ਵਿਚ ਚਰਚਾ ਦਾ ਵਿਸ਼ਾ ਨਿਸ਼ਕਾਮ ਸੇਵ ਹੈ, ਜਿਸ ਸੰਬੰਧੀ ਵਿਸਥਾਰ ਸਹਿਤ ਚਰਚਾ ਕਰਨ ਤੋਂ ਉਪਰੰਤ ਇਹ ਜਾਣਨ ਗਿਆ ਹੈ ਕਿ ਗੁਰਮਤਿ ਦੇ ਸਿਧਾਂਤ ਅਨੁਸਾਰ ਸੇਵਾ ਕਰਨ ਵਾਲੇ ਨੂੰ ਵਾਸ ਫਲ ਦੀ ਪ੍ਰਾਪਤੀ ਹੁੰਦੀ ਹੈ।

ਤਰਸੇਮ ਲਾਲ

(ਤਰਸੇਮ ਲਾਲ)

## ਧੰਨਵਾਦ

ਆਪਣੇ ਨਿਗਰਾਨ ਡਾ. ਹਰਦੇਵ ਸਿੰਘ ਸੰਚਰ ਦੇ ਧੰਨਵਾਦ ਲਈ ਮੈਨੂੰ ਢੁਕਵੇਂ ਸ਼ਬਦ ਨਹੀਂ ਮਿਲ ਸਕੇ। ਉਨ੍ਹਾਂ ਦੇ ਸੰਪਰਕ ਵਿਚ ਰਹਿਕੇ ਜੋ ਕੁਝ ਮੈਨੂੰ ਪ੍ਰਾਪਤ ਹੋਇਆ ਹੈ ਉਹ ਇਕ ਅਜਿਹਾ ਰਿਣ ਹੈ ਜਿਸਨੂੰ ਚੁਕਾਣ ਦਾ ਅਸਫਲ ਯਤਨ ਕਰਨ ਦੀ ਥਾਂ, ਇਸ ਨੂੰ ਇਕ ਪਿਆਰ ਭਰੀ ਬਖ਼ਸ਼ਿਸ਼ ਸਮਝਕੇ ਮੈਂ ਹਮੇਸ਼ਾ ਸਤਿਕਾਰ ਨਾਲ ਆਪਣੇ ਹਿਰਦੇ ਵਿਚ ਰਖਣਾ ਚਾਹੁੰਦਾ ਹਾਂ। ਆਪਣੇ ਵਿਸ਼ੇ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ, ਹਰ ਗੱਲ ਨੂੰ ਵੱਧ ਤੋਂ ਵੱਧ ਡੂੰਘਾਈ ਵਿਚ ਜਾ ਕੇ ਸੋਚਣ ਦੀ ਰੁਚੀ ਅਤੇ ਵਾਕ-ਬਣਤਰ ਨੂੰ ਵੱਧ ਤੋਂ ਵੱਧ ਸੁੰਦਰ ਤੇ ਸਾਰਥਕ ਬਣਾਉਣ ਦੀ ਰੀਝ, ਜੋ ਉਨ੍ਹਾਂ ਨੇ ਅਦੁਤੀ ਸਨੇਹ ਅਤੇ ਨਿੱਘ ਨਾਲ ਮੇਰੇ ਅੰਦਰ ਉਤਪੰਨ ਕਰਨ ਦਾ ਯਤਨ ਕੀਤਾ ਹੈ, ਉਸ ਦਾ 25% ਵੀ ਜੇ ਮੇਰੀ ਸ਼ਖ਼ਸੀਅਤ ਦਾ ਅਟੁੱਟ ਅੰਗ ਬਣਿਆ ਰਿਹਾ ਤਾਂ ਸੱਚਮੁਚ ਮੈਂ ਆਪਣੇ ਆਪ ਨੂੰ ਉਨ੍ਹਾਂ ਦਾ ਬਹੁਤ ਹੀ ਵਡਭਾਗਾ ਵਿਦਿਆਰਥੀ ਸਮਝਦਾ ਰਹਾਂਗਾ।

ਪੰਜਾਬ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੇ ਮੁਖੀ ਡਾ. ਦਰਸ਼ਨ ਸਿੰਘ ਜੀ ਵੀ ਦੋ ਕਾਰਨਾਂ ਕਰਕੇ ਮੇਰੇ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ। ਮੈਂ ਉਨ੍ਹਾਂ ਦਾ ਅਹਿਸਾਨਮੰਦ ਹਾਂ ਕਿ ਉਨ੍ਹਾਂ ਨੇ ਮੈਨੂੰ ਉਸ ਵਿਸ਼ੇ ਉਤੇ ਸੋਧ-ਪ੍ਰਬੰਧ ਲਿਖਣ ਦੀ ਪ੍ਰੇਰਣਾ ਦਿਤੀ ਜਿਸ ਨੂੰ ਮੈਂ ਕੇਵਲ ਬੌਧਿਕ ਵਿਚਾਰ ਦੀ ਸਮਗਰੀ ਹੀ ਨਹੀਂ, ਸਗੋਂ ਆਪਣੇ ਜੀਵਨ ਦਾ ਆਧਾਰ ਬਣਾਉਣਾ ਲੋਚਦਾ ਹਾਂ। ਪਰੰਤੂ ਇਸ ਤੋਂ ਇਲਾਵਾ ਮੈਂ ਉਨ੍ਹਾਂ ਦੀ ਇਸ ਮਿਹਰਬਾਨੀ ਲਈ ਵੀ ਅਹਿਸਾਨਮੰਦ ਹਾਂ ਕਿ ਉਨ੍ਹਾਂ ਨੇ ਮੈਨੂੰ ਇਹ ਸੋਧ-ਪ੍ਰਬੰਧ ਡਾ. ਸੰਚਰ ਸਾਹਿਬ ਦੀ ਨਿਗਰਾਨੀ ਵਿਚ ਨੇਪਰੇ ਚਾੜ੍ਹਨ ਦੀ ਆਗਿਆ ਦਿਤੀ।

ਨੌਕਰੀ ਦੇ ਨਾਲ ਨਾਲ ਜਦੋਂ ਮੈਂ ਰੀਸਰਚ ਵਰਗੇ ਕਠਿਨ ਕਾਰਜ ਨੂੰ ਆਰੰਭਿਆ, ਤਾਂ ਮੇਰੇ ਮਨ ਵਿਚ ਤੌਖਲਾ ਸੀ ਕਿ ਜਾਂ ਮੇਰਾ ਸੋਧ-ਪ੍ਰਬੰਧ ਸੰਪੂਰਨ ਨਹੀਂ ਹੋ ਸਕੇਗਾ ਅਤੇ ਜਾਂ ਮੇਰੇ ਗ੍ਰਹਿਸਤੀ ਜੀਵਨ ਵਿਚ ਇਕਸੁਰਤਾ ਕਾਇਮ ਨਹੀਂ ਰਹਿ ਸਕੇਗੀ। ਪਰੰਤੂ ਮੇਰਾ ਮਨ ਆਪਣੀ ਸੁਪਤਨੀ ਪ੍ਰੇਮ ਲਤਾ ਲਈ ਸ਼ੁਕਰਾਨੇ ਦੇ ਅਹਿਸਾਸ ਨਾਲ ਨੱਕੋ ਨੱਕ ਭਰ ਗਿਆ ਹੈ ਕਿ ਉਸਨੇ ਇਸ ਲੰਮੇ ਸਮੇਂ ਦੇ ਦੌਰਾਨ ਕਦੀ ਸਹਿਜ ਸੁਭਾ ਵੀ ਮੈਨੂੰ ਇਹ ਮਹਿਸੂਸ ਨਹੀਂ ਕਰਾਇਆ ਕਿ ਆਪਣੇ ਗ੍ਰਹਿਸਤੀ ਜੀਵਨ ਨਾਲ ਸੰਬੰਧਿਤ ਆਪਣੇ ਹਿੱਸੇ ਦੀਆਂ ਬਹੁਤ ਸਾਰੀਆਂ ਜ਼ਿੰਮੇਦਾਰੀਆਂ ਵੀ

ਉਸਨੂੰ ਸੌਂਪ ਕੇ ਮੈਂ ਉਸਨੂੰ ਬਹੁਤ ਵੱਡੀ ਖੇਚਲ ਦਿਤੀ ਹੈ - ਇਸ ਸਮੇਂ ਦੌਰਾਨ ਉਸਨੂੰ ਕਸ਼ਟ ਤਾਂ ਜ਼ਰੂਰ ਪਹੁੰਚਿਆ ਹੈ, ਪਰੰਤੂ ਮੇਰੀ ਨਜ਼ਰ ਵਿਚ ਉਸਦੀ ਸ਼ਖ਼ਸੀਅਤ ਦਾ ਕੱਦ ਬਹੁਤ ਉਚਾ ਹੋ ਗਿਆ ਹੈ।

ਤਰਸੇਮ ਲਾਲ

(ਤਰਸੇਮ ਲਾਲ)

# ਪਹਿਲਾ ਅਧਿਆਇ

## ਸੇਵਾ ਸੰਬੰਧੀ ਆਰੰਭਕ ਵਿਚਾਰ

(ੳ) ਸੇਵਾ ਦੀ ਪਰਿਭਾਸ਼ਾ

(ਅ) ਸੇਵਾ ਦੀ ਇਤਿਹਾਸਕ ਪਿੱਠ-ਭੂਮੀ

## (ੳ) ਸੇਵਾ ਦੀ ਪਰਿਭਾਸ਼ਾ

ਪੰਜਾਬੀ ਵਿਚ ਭਿੰਨ ਭਿੰਨ ਸੰਦਰਭਾਂ ਵਿਚ ਵਰਤਿਆ ਜਾ ਰਿਹਾ ਸ਼ਬਦ 'ਸੇਵਾ' ਮੂਲ ਰੂਪ ਵਿਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ Service ਅਤੇ ਅਰਬੀ ਦਾ ਸ਼ਬਦ 'ਖ਼ਿਦਮਤ' ਭਾਵੇਂ ਕੋਸ਼ੀ ਅਰਥਾਂ ਅਨੁਸਾਰ, ਸੇਵਾ ਦੇ ਹੀ ਪਰਿਆਇ-ਵਾਚੀ ਹਨ, ਪਰੰਤੂ ਪੰਜਾਬੀ ਵਿਚ 'ਸੇਵਾ' ਸ਼ਬਦ ਦਾ ਇਤਨਾ ਜ਼ਿਆਦਾ ਅਰਥ-ਵਿਸਤਾਰ ਹੋਇਆ ਹੈ ਕਿ ਹੁਣ ਹੋਰ ਕਿਸੇ ਵੀ ਪੂਰਬੀ ਜਾਂ ਪੱਛਮੀ ਭਾਸ਼ਾ ਦਾ ਕੋਈ ਵੀ ਸ਼ਬਦ ਇਸ ਸ਼ਬਦ ਨਾਲ ਜੁੜੇ ਹੋਏ ਅਰਥ-ਸਮੂਹ ਨੂੰ ਪੂਰੀ ਤਰ੍ਹਾਂ ਪ੍ਰਗਟਾਉਣ ਦੇ ਸਮਰਥ ਨਹੀਂ ਹੋ ਸਕਦਾ।

ਸੰਸਕ੍ਰਿਤ, ਅੰਗਰੇਜ਼ੀ, ਫ਼ਾਰਸੀ, ਉਰਦੂ ਅਤੇ ਹਿੰਦੀ ਕੋਸ਼ਾਂ ਤੋਂ ਇਹ ਸੰਕੇਤ ਮਿਲਦੇ ਹਨ ਕਿ ਲਗਭਗ ਸਭ ਭਾਸ਼ਾਵਾਂ ਵਿਚ ਇਸ ਸ਼ਬਦ ਨਾਲ ਵਖਰੇ ਵਖਰੇ ਸੰਦਰਭਾਂ ਵਿਚ ਵਖਰੇ ਵਖਰੇ ਅਰਥ ਜੁੜਦੇ ਰਹੇ ਹਨ। ਉਦਾਹਰਣਾਰਥ ਇਕ ਸੰਸਕ੍ਰਿਤ-ਹਿੰਦੀ-ਅੰਗਰੇਜ਼ੀ ਕੋਸ਼ ਅਨੁਸਾਰ ਸੇਵਾ ਦੇ ਅਰਥ ਇਸ ਪ੍ਰਕਾਰ ਹਨ:

> "ਸੇਵਾ ਕਰਨਾ, ਸਹਾਇਕ ਬਣਨਾ,
> ਆਨੰਦ ਲੈਣਾ, ਸਮੀਪ ਠਹਿਰਨਾ।
> To serve, help, enjoy,
> devote one self to, stay near"[1]

ਸਪਸ਼ਟ ਹੈ ਕਿ ਜੇ ਮੂਲ ਸੰਕਲਪਾਂ ਦੀ ਦ੍ਰਿਸ਼ਟੀ ਤੋਂ ਵਿਚਾਰਨਾ ਹੋਵੇ ਤਾਂ ਉਪਰੋਕਤ ਸਭ ਅਰਥਾਂ ਵਿਚ ਇਕਰੂਪਤਾ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਇਸੇ ਤਰ੍ਹਾਂ Service ਜਿਸ ਨੂੰ ਆਮ ਤੌਰ ਤੇ 'ਸੇਵਾ' ਦਾ ਅੰਗਰੇਜ਼ੀ ਵਿਚ ਪਰਿਆਇਵਾਚੀ ਸ਼ਬਦ ਮੰਨਿਆ ਜਾਂਦਾ ਹੈ, ਦੇ ਅਰਥਾਂ ਵਿਚ ਵੀ ਵਿਵਿਧਤਾ ਦੇ ਪ੍ਰਮਾਣ ਅੰਗਰੇਜ਼ੀ ਸ਼ਬਦ-ਕੋਸ਼ਾਂ ਵਿਚ ਸਭ ਥਾਈਂ ਮਿਲਦੇ ਹਨ। ਉਦਾਹਰਣਾਰਥ New Webster ਕੋਸ਼ ਅਨੁਸਾਰ Service ਦੇ

---

1. <u>Sanskrit-Hindi-English Dictionary</u>, p. 655

ਅਰਥ ਇਸ ਪ੍ਰਕਾਰ ਹਨ:

"An act of helpful activity;
the rendering of assistnace or aid;
the serving of God by obedience or piety;
work done for others which does not
result in tangible commodities;
public religious service according to
prescribed form and order." 1

ਇਸੇ ਤਰ੍ਹਾਂ ਐਲਟਰੂਇਜ਼ਮ (altruism) ਜਿਸਨੂੰ ਪੱਛਮ ਵਿਚ 'ਸੇਵਾ' ਦੇ ਪਰਿਆਇਵਾਚੀ ਸ਼ਬਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ, ਦੇ ਅਰਥ ਅੰਗਰੇਜ਼ੀ-ਪੰਜਾਬੀ ਕੋਸ਼ਾਂ ਨੇ ਇਸ ਪ੍ਰਕਾਰ ਕੀਤੇ ਹਨ:

1. ਪਰਉਪਕਾਰਵਾਦ, ਪਰਉਪਕਾਰ[2]

2. ਪਰਉਪਕਾਰਵਾਦ, ਪਰਹਿਤਵਾਦ, ਨਿਰਸੁਆਰਥਕਤਾ, ਪਰਉਪਕਾਰਤਾ, ਉਪਕਾਰ, ਪਰਸੁਆਰਥ, ਪਰਹਿਤ[3]

"ਹਿੰਦੀ ਸ਼ਬਦ ਸਾਗਰ" ਦੇ ਸੰਪਾਦਕਾਂ ਨੇ ਪੂਰਬ ਤੇ ਪੱਛਮ ਦੀਆਂ ਭਿੰਨ ਭਿੰਨ ਭਾਸ਼ਾਵਾਂ ਦੇ ਕੋਸ਼ ਦ੍ਰਿਸ਼ਟੀ ਵਿਚ ਰਖ ਕੇ ਸਾਰੰਸ਼ ਰੂਪ ਵਿਚ ਇਸ ਸ਼ਬਦ ਦੇ ਅਰਥ ਇਸ ਪ੍ਰਕਾਰ ਦਿਤੇ ਹਨ:

"ਦੂਸਰਿਆਂ ਨੂੰ ਆਰਾਮ ਪਹੁੰਚਾਣ ਦੀ ਕਿਰਿਆ,
ਖ਼ਿਦਮਤ, ਟਹਿਲ,
ਨੌਕਰੀ, ਚਾਕਰੀ,
ਅਰਾਧਨਾ, ਉਪਾਸਨਾ, ਪੂਜਾ।"[4]

---

1. New Webster's Dictionary of the English Language, p. 881
2. English-Punjabi Dictionary, p. 37
3. ਅੰਗਰੇਜ਼ੀ-ਪੰਜਾਬੀ ਕੋਸ਼, ਪੰਨਾ 29
4. ਹਿੰਦੀ ਸ਼ਬਦ ਸਾਗਰ, ਦਸਵਾਂ ਭਾਗ, ਪੰਨਾ 7079

ਹਿੰਦੀ ਦੇ ਉਪਰੋਕਤ ਕੋਸ਼ ਵਿਚ ਦਿੱਤੇ ਗਏ ਅਰਥ ਪੰਜਾਬੀ ਵਿਚ ਪ੍ਰਚਲਿਤ 'ਸੇਵਾ' ਦੇ ਅਰਥਾਂ ਦੇ ਕਾਫੀ ਨੇੜੇ ਹਨ। ਪਰੰਤੂ ਵਾਸਤਵਿਕਤਾ ਇਹ ਹੈ ਕਿ ਪੰਜਾਬੀ ਵਿਚ ਇਸ ਸ਼ਬਦ ਦਾ ਜਿਤਨਾ ਅਰਥ-ਵਿਸਤਾਰ ਹੋਇਆ ਹੈ ਉਸਨੂੰ ਦ੍ਰਿਸ਼ਟੀ ਵਿਚ ਰਖੀਏ ਤਾਂ ਹਿੰਦੀ ਦੇ ਉਪਰੋਕਤ ਕੋਸ਼ ਵਿਚ ਅਰਥਾਂ ਦੀ ਦਿਤੀ ਇਹ ਲੜੀ ਵੀ ਅਧੂਰੀ ਜਾਪਦੀ ਹੈ। ਪੰਜਾਬੀ ਵਿਚ ਭਾਈ ਕਾਨ੍ਹ ਸਿੰਘ ਜੀ ਨੇ ਇਸ ਸ਼ਬਦ ਦੇ ਅਰਥਾਂ ਦੀ ਤਹਿ ਤਕ ਪਹੁੰਚਣ ਦਾ ਯਤਨ ਕੀਤਾ ਹੈ। ਉਨ੍ਹਾਂ ਦੇ ਮਹਾਨ ਕੋਸ਼ ਅਨੁਸਾਰ ਸੇਵਾ ਦੇ ਅਰਥ ਇਸ ਪ੍ਰਕਾਰ ਹਨ:

> "ਖ਼ਿਦਮਤ,
> ਉਪਾਸਨਾ,
> ਨਾਮੈ ਕੀ ਸਭ ਸੇਵਾ ਕਰੈ"[1]

ਭਾਈ ਕਾਨ੍ਹ ਸਿੰਘ ਜੀ ਦੁਆਰਾ ਦਿੱਤੇ ਗਏ ਅਰਥਾਂ ਵਿਚ ਇਕ ਵਿਸ਼ੇਸ਼ ਸੰਕੇਤ ਇਹ ਵੀ ਹੈ ਕਿ ਸੰਸਕ੍ਰਿਤ ਦੇ "ਸੇਵ੍" ਤੋਂ ਇਲਾਵਾ ਫ਼ਾਰਸੀ ਦੇ 'ਸ਼ੇਵਹ' ਦੇ ਤਦਰੂਪ 'ਸੇਵਾ' ਦੇ ਪੰਜਾਬੀ ਵਿਚ ਪ੍ਰਚਲਿਤ ਹੋ ਜਾਣ ਦੀ ਸੰਭਾਵਨਾ ਵੀ ਮੌਜੂਦ ਹੈ। ਇਸ ਲਈ ਉਨ੍ਹਾਂ ਨੇ "ਤਰੀਕਾ", "ਕਾਇਦਾ", "ਆਦਤ", "ਸੁਭਾਉ" ਆਦਿ ਸ਼ਬਦ ਵੀ 'ਸੇਵਾ' ਦੇ ਵਿਭਿੰਨ ਅਰਥਾਂ ਦੀ ਲੜੀ ਵਿਚ ਜੋੜ ਲਏ ਹਨ। ਇਸ ਤੋਂ ਇਲਾਵਾ ਭਾਈ ਸਾਹਿਬ ਦੁਆਰਾ ਦਿੱਤਾ ਗਿਆ ਇਕ ਹੋਰ ਸੰਕੇਤ ਇਹ ਹੈ ਕਿ ਸਿੰਧੀ ਵਿਚ ਫ਼ਾਰਸੀ ਦੇ ਸ਼ਬਦ 'ਸ਼ੇਵਾ' ਦਾ ਰੂਪ-ਪਰਿਵਰਤਨ ਨਹੀਂ ਹੋਇਆ, ਪਰੰਤੂ ਅਰਥ-ਪਰਿਵਰਤਨ ਹੋ ਗਿਆ ਹੈ। ਭਾਈ ਸਾਹਿਬ ਅਨੁਸਾਰ ਸਿੰਧੀ ਵਿਚ 'ਸ਼ੇਵਾ' ਦੇ ਅਰਥ 'ਤਰੀਕਾ', 'ਕਾਇਦਾ', 'ਆਦਤ' ਆਦਿ ਤੋਂ ਇਲਾਵਾ 'ਪੂਜਾ' ਅਤੇ 'ਭੇਟਾ' ਵੀ ਪ੍ਰਸਿੱਧ ਹੋ ਗਏ ਹਨ। ਸਿੰਧ ਵਿਚ ਜਿਸ ਹੱਦ ਤਕ ਗੁਰਮਤਿ ਦਾ ਪ੍ਰਚਾਰ ਹੋਇਆ ਹੈ, ਉਸਤੋਂ ਸਭ ਵਿਦਵਾਨ ਭਲੀ-ਭਾਂਤ ਵਾਕਿਫ਼ ਹਨ। ਇਸ ਲਈ ਸਿੰਧੀ ਭਾਸ਼ਾ ਵਿਚ ਪ੍ਰਚਲਿਤ ਹੋਏ 'ਸੇਵਾ' ਜਾਂ 'ਸ਼ੇਵਾ' ਦੇ ਅਰਥ – ਅਰਥਾਤ 'ਪੂਜਾ' ਜਾਂ 'ਭੇਟਾ' – ਨੂੰ ਗੁਰਮਤਿ ਦੇ ਸੰਦਰਭ ਨਾਲੋਂ ਨਿਖੇੜਨਾ ਕਿਸੇ ਪ੍ਰਕਾਰ ਵੀ ਉਚਿਤ ਨਹੀਂ ਹੋਵੇਗਾ।

---

1. ਕਾਨ੍ਹ ਸਿੰਘ ਨਾਭਾ (ਭਾਈ), <u>ਗੁਰਸ਼ਬਦ ਰਤਨਾਕਰ ਮਹਾਨ ਕੋਸ਼</u>, ਪੰਨਾ 228

'ਸੇਵਾ' ਦੇ ਅਰਥ ਕਰਨ ਲਗਿਆਂ ਫ਼ਾਰਸੀ ਤੇ ਸਿੰਧੀ ਦੇ ਸ਼ਬਦ 'ਸੇਵਾ' ਵਲ ਭਾਈ ਕਾਨ੍ਹ ਸਿੰਘ ਤੋਂ ਬਾਅਦ ਕਿਸੇ ਵਿਰਲੇ ਵਿਦਵਾਨ ਨੇ ਹੀ ਧਿਆਨ ਦਿੱਤਾ ਹੈ। ਆਮ ਪ੍ਰਚਲਿਤ ਪਰੰਪਰਾ ਅਨੁਸਾਰ ਇਸ ਸ਼ਬਦ ਦਾ ਸੰਬੰਧ ਸੰਸਕ੍ਰਿਤ ਨਾਲ ਹੀ ਸਥਾਪਿਤ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਨਵ ਰਤਨ ਕਪੂਰ ਲਿਖਦੇ ਹਨ:

> 'ਸੇਵਾ' ਦਾ ਅਰਥ ਹੈ 'ਖ਼ਿਦਮਤ' (Service)
> ਇਹ ਸ਼ਬਦ ਸੰਸਕ੍ਰਿਤ ਦੇ ਦੋ ਪਦਾਂ 'ਸ + ਏਵ'।ਸ + ਏਵ।
> ਨਾਲ ਬੜੀ ਬਚਿੱਤਰ ਧੁਨੀ-ਸਮਤਾ ਰੱਖਦਾ ਹੈ।"[1]

ਇਸੇ ਤਰ੍ਹਾਂ ਡਾ. ਸੁਰਜੀਤ ਸਿੰਘ ਲਿਖਦੇ ਹਨ:

> "ਸੇਵਾ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਕੋਸ਼ੀ ਅਰਥ ਹਨ, "ਦੂਸਰੇ ਨੂੰ ਆਰਾਮ ਪਹੁੰਚਾਉਣ ਦੀ ਕਿਰਿਆ, ਖ਼ਿਦਮਤ, ਟਹਿਲ, ਨੌਕਰੀ, ਉਪਾਸਨਾ, ਪੂਜਾ, ਆਸਰਾ, ਸ਼ਰਣ, ਰਖਸ਼ਾ, ਸੰਭੋਗ।"[2]

ਪ੍ਰਿੰ: ਪ੍ਰਕਾਸ਼ ਸਿੰਘ ਵੀ ਇਸੇ ਧਾਰਨਾ ਦਾ ਅਨੁਸਰਣ ਕਰਦਿਆਂ ਹੋਇਆਂ ਲਿਖਦੇ ਹਨ:

> "ਸੇਵਾ ਸੰਸਕ੍ਰਿਤ ਦੇ ਸ਼ਬਦ ਸੇਵ੍ਰ ।ਸੇਵ੍ਰ। ਦਾ ਵਿਕਸਤ ਰੂਪ ਹੈ, ਸੇਵ੍ਰ ਦੇ ਅਰਥ ਹਨ: ਸੇਵਾ ਕਰਨਾ, ਚਾਕਰੀ ਕਰਨਾ, ਭਰੋਸਾ ਰੱਖਣਾ, ਪੂਜਾ ਕਰਨੀ।"[3]

ਇਸ ਪ੍ਰਕਾਰ ਭਾਵੇਂ ਇਸ ਗੱਲ ਦੀ ਗੁੰਜਾਇਸ਼ ਹੈ ਕਿ ਅੱਗੇ ਚਲਕੇ ਕੋਈ ਵਿਦਵਾਨ ਪੰਜਾਬੀ ਦੇ ਸ਼ਬਦ 'ਸੇਵਾ' ਦਾ ਸੰਬੰਧ ਫ਼ਾਰਸੀ ਦੇ ਸ਼ਬਦ 'ਸੇਵਾ' ਨਾਲ ਸਥਾਪਿਤ ਕਰ ਸਕਦਾ

---

1. ਨਵ ਰਤਨ ਕਪੂਰ (ਡਾ.), "ਚੌਥੇ ਪਾਤਿਸ਼ਾਹ ਜੀ ਦੀ ਬਾਣੀ ਵਿਚ ਸੇਵਾ ਦੀ ਮਹਿਮਾ", ਨਾਨਕ ਪ੍ਰਕਾਸ਼ ਪਤ੍ਰਿਕਾ, ਸੇਵਾ ਵਿਸ਼ੇਸ਼ ਅੰਕ, ਸੰਪਾ. ਡਾ. ਬਲਕਾਰ ਸਿੰਘ, ਪੰਨਾ 37
2. ਸੁਰਜੀਤ ਸਿੰਘ (ਡਾ.), "ਗੁਰਮਤਿ ਵਿਚ ਸੇਵਾ ਪਰੰਪਰਾ, ਆਧਾਰ, ਵਿਧਾਨ ਤੇ ਪ੍ਰਾਪਤੀ", ਉਹੀ, ਪੰਨਾ 104
3. ਪ੍ਰਕਾਸ਼ ਸਿੰਘ (ਪ੍ਰਿੰ:), "ਗੁਰਮਤਿ ਵਿਚ ਸੇਵਾ ਦਾ ਸੰਕਲਪ", ਉਹੀ, ਪੰਨਾ 19

ਹੈ, ਪਰੰਤੂ ਹਾਲ ਦੀ ਘੜੀ ਇਸ ਤੱਥ ਨੂੰ ਸਵੀਕਾਰ ਕਰ ਲੈਣਾ ਹੀ ਉਚਿੱਤ ਹੈ ਕਿ ਪੰਜਾਬੀ ਵਿਚ ਪ੍ਰਚਲਿਤ ਸ਼ਬਦ 'ਸੇਵਾ' ਦਾ ਸੰਬੰਧ ਸੰਸਕ੍ਰਿਤ ਭਾਸ਼ਾ ਨਾਲ ਹੈ। ਇਸੇ ਤਰ੍ਹਾਂ ਇਹ ਮੰਨ ਲੈਣਾ ਵੀ ਉਚਿੱਤ ਪ੍ਰਤੀਤ ਹੁੰਦਾ ਹੈ ਕਿ ਭਾਈ ਕਾਨ੍ਹ ਸਿੰਘ ਰਚਿਤ ਮਹਾਨ ਕੋਸ਼ ਤੋਂ ਬਾਅਦ ਇਸ ਸ਼ਬਦ ਦੇ ਜਿਤਨੇ ਅਰਥ ਵੀ ਉਪਲਬਧ ਹਨ, ਉਨ੍ਹਾਂ ਸਾਰਿਆਂ ਵਿਚੋਂ "ਹਿੰਦੀ ਸ਼ਬਦ ਸਾਗਰ" ਵਿਚ ਦਿੱਤੇ ਗਏ ਅਰਥ ਪੰਜਾਬੀ ਵਿਚ ਪ੍ਰਚਲਿਤ ਸ਼ਬਦ ਦੇ ਸਭ ਤੋਂ ਵੱਧ ਨੇੜੇ ਹਨ। ਲਗਭਗ ਇਨ੍ਹਾਂ ਅਰਥਾਂ ਨੂੰ ਹੀ ਦ੍ਰਿਸ਼ਟੀ ਵਿਚ ਰਖਕੇ ਆਮ ਲੋਕਾਂ ਨੂੰ ਸਮਝ ਆ ਸਕਣ ਵਾਲੀ ਸਰਲ ਭਾਸ਼ਾ ਵਿਚ ਸਿੰਘ ਸਾਹਿਬ ਗਿਆਨੀ ਮਨੀ ਸਿੰਘ ਨੇ ਸੇਵਾ ਸ਼ਬਦ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ:

> "ਕਿਸੇ ਦੁਖੀ ਦਾ ਦੁਖ ਮਿਟਾਨ ਲਈ, ਭੁੱਖੇ ਨੂੰ ਭੋਜਨ ਛਕਾਨ ਲਈ, ਥੱਕੇ ਨੂੰ ਆਰਾਮ ਦੇਣ ਲਈ, ਕਿਸੇ ਬਿਮਾਰ ਦਾ ਇਲਾਜ ਕਰਵਾਉਣ ਲਈ, ਕਿਸੇ ਗ਼ਰੀਬ ਦੀ ਸਹਾਇਤਾ ਕਰਨ ਲਈ ਕੀਤੇ ਮੁਫ਼ਤ ਕੰਮ ਜਾਂ ਦਾਨ ਨੂੰ ਸੇਵਾ ਕਹਿੰਦੇ ਹਨ। ਇਹ ਸੇਵਾ ਤਿੰਨ ਤਰ੍ਹਾਂ ਦੀ ਹੈ। ਮਨ, ਬਾਣੀ ਤੇ ਸਰੀਰ ਦੀ ਸੇਵਾ ਜਾਂ ਤਨ, ਮਨ ਤੇ ਧੰਨ ਦੀ ਸੇਵਾ।"[1]

ਸਿੰਘ ਸਾਹਿਬ ਦੁਆਰਾ ਦਿਤੀ ਗਈ ਸੇਵਾ ਦੀ ਉਪਰੋਕਤ ਪਰਿਭਾਸ਼ਾ ਆਪਣੇ ਆਪ ਵਿਚ ਸਪਸ਼ਟ ਵੀ ਹੈ ਅਤੇ ਮਹੱਤਵ-ਪੂਰਨ ਵੀ। ਪਰੰਤੂ ਸਿੰਘ ਸਾਹਿਬ ਦੁਆਰਾ ਵਰਤੇ ਗਏ "ਕਿਸੇ ਦੁਖੀ", "ਕਿਸੇ ਭੁਖੇ ...ਥੱਕੇ", "ਕਿਸੇ ਬੀਮਾਰ", "ਕਿਸੇ ਗ਼ਰੀਬ" ਆਦਿ ਸ਼ਬਦਾਂ ਨਾਲ ਕੋਈ ਸਾਧਾਰਨ ਜਗਿਆਸੂ ਇਸ ਭੁਲੇਖੇ ਦਾ ਸ਼ਿਕਾਰ ਵੀ ਹੋ ਸਕਦਾ ਹੈ ਕਿ ਜਗਤ ਵਿਚ ਸਭ ਤੋਂ ਉਤਮ ਸੇਵਾ ਕਿਸੇ ਇਕੱਲੇ ਵਿਅਕਤੀ ਵਲੋਂ ਕਿਸੇ ਇਕੱਲੇ ਵਿਅਕਤੀ ਲਈ ਕੀਤੀ ਜਾਣ ਵਾਲੀ ਸੇਵਾ ਹੈ। ਸ਼ਾਇਦ ਇਸ ਕਿਸਮ ਦੇ ਕਿਸੇ ਸੰਭਾਵੀ ਭੁਲੇਖੇ ਤੋਂ ਸਾਧਾਰਨ ਮਾਨਵ ਨੂੰ ਸੁਚੇਤ ਕਰਨ ਲਈ ਹੀ ਪ੍ਰੋ: ਪ੍ਰੀਤਮ ਸਿੰਘ ਨੇ ਲਿਖਿਆ ਹੈ:

> "ਕਿਸੇ ਵਿਅਕਤੀ ਦੇ ਉਸ ਕੰਮ ਨੂੰ ਸੇਵਾ ਕਹਿੰਦੇ ਹਨ ਜੋ ਕਿਸੇ ਦੇ ਲਾਭ ਲਈ ਕੀਤੀ ਜਾਏ। ... ਇਹ ਕਿਸੇ ਵਿਸ਼ੇਸ਼ ਗਰੁਪ ਦੀ ਵੀ

---

1. ਮਨੀ ਸਿੰਘ (ਗਿਆਨੀ), <u>ਸੇਵਾ ਚਮਤਕਾਰ</u>, ਮੁਖਬੰਧ, ਪੰਨਾ ੳ

ਹੋ ਸਕਦੀ ਹੈ ਅਤੇ ਬਗੈਰ ਕਿਸੇ ਭਿੰਨ ਭੇਦ ਦੇ ਸਾਰੀ ਮਨੁਖਤਾ ਦੀ ਵੀ। ਵਿਸ਼ੇਸ਼ ਗਰੁਪ ਨਾਲੋਂ ਸਾਰੀ ਲੁਕਾਈ ਦੀ ਸੇਵਾ ਵਧੇਰੇ ਚੰਗੀ ਸਮਝੀ ਜਾਂਦੀ ਹੈ।"[1]

ਇਸੇ ਤਰ੍ਹਾਂ ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਨੇ 'ਮਨ' ਅਤੇ 'ਸਰੀਰ' ਦੇ ਨਾਲ 'ਧਾਣੀ' ਸ਼ਬਦ ਦਾ ਪ੍ਰਯੋਗ ਕਰਕੇ ਸੇਵਾ ਦੇ ਸੰਕਲਪ ਨੂੰ ਵਿਭਿੰਨ ਸੰਦਰਭਾਂ ਵਿਚ ਫੈਲਾਉਣ ਦਾ ਯਤਨ ਤਾਂ ਕੀਤਾ ਹੈ, ਪਰ ਫਿਰ ਵੀ ਇਸ ਪਰਿਭਾਸ਼ਾ ਨਾਲ ਸੇਵਾ ਦਾ ਸੰਕਲਪ ਬਹੁਤ ਹੱਦ ਤਕ ਪਦਾਰਥਕ ਅਥਵਾ ਦੁਨਿਆਵੀ ਸੰਦਰਭ ਤਕ ਹੀ ਸੀਮਤ ਹੋ ਗਿਆ ਹੈ। ਪ੍ਰੋ: ਗੁਲਵੰਤ ਸਿੰਘ ਜੀ ਨੇ ਉਪਰੋਕਤ ਸ਼ਬਦ ਨਾਲ ਜੁੜੇ ਹੋਏ ਸੰਕਲਪ ਵਿਚ ਜੋ ਕਮੀ ਰਹਿ ਗਈ ਹੈ, ਉਸ ਨੂੰ ਆਪਣੇ ਇਕ ਲੇਖ ਵਿਚ ਬਹੁਤ ਖੂਬਸੂਰਤ ਢੰਗ ਨਾਲ ਇਸ ਪ੍ਰਕਾਰ ਸੰਪੂਰਨ ਕੀਤਾ ਹੈ:

"ਸੇਵਾ, ਕੋਸ਼ ਅਨੁਸਾਰ 'ਸੇਵ' ਧਾਤੂ ਤੋਂ ਬਣਿਆ ਸ਼ਬਦ ਹੈ, ਜਿਸ ਦਾ ਅਰਥ ਹੈ ਉਪਾਸਨਾ, ਉਪਕਾਰ ਅਤੇ ਟਹਿਲ। ਗੁਰਮਤਿ ਇਕ ਆਸਥਾਪੂਰਣ ਧਰਮ-ਵਿਵਸਥਾ ਹੈ, ਜਿਸ ਵਿਚ ਪਰਮਾਤਮਾ ਦੀ ਉਪਾਸਨਾ ਨੂੰ ਸਰਵੋਪਰੀ ਮਹੱਤਵ ਪ੍ਰਾਪਤ ਹੈ। ਗੁਰਬਾਣੀ ਵਿਚ 'ਹਰਿਨਾਮ ਕੀ ਸੇਵਾ', 'ਭਗਵੰਤੁ ਕੀ ਟਹਿਲ' ਇਤਿਆਦਿ ਤੁਕਾਂਸ਼ਾਂ ਤੋਂ ਇਹ ਸਪਸ਼ਟ ਹੈ ਕਿ ਸੇਵਾ ਇਕ ਪ੍ਰਕਾਰ ਦੀ ਅਧਿਆਤਮਕ ਸਾਧਨਾ ਹੈ।"[2]

ਪ੍ਰੋ: ਗੁਲਵੰਤ ਸਿੰਘ ਜੀ ਨੇ ਜਿਸ ਅਧਿਆਤਮਕ ਸਾਧਨਾ ਵਲ ਉਪਰ ਸੰਕੇਤ ਕੀਤਾ ਹੈ, ਉਸ ਬਾਰੇ ਡਾ. ਤਾਰਨ ਸਿੰਘ ਨੇ ਵੀ ਆਪਣੇ ਢੰਗ ਨਾਲ ਆਪਣੀ ਧਾਰਨਾ ਪ੍ਰਗਟ ਕੀਤੀ ਹੈ। 'ਨਾਮ ਦੀ ਬਖ਼ਸ਼ਿਸ਼', 'ਸੇਵਾ ਦਾ ਆਤਮਕ ਪੱਧਰ' ਅਤੇ 'ਸੇਵਾ ਦੇ ਕਰਮ' ਸੰਬੰਧੀ ਚਰਚਾ ਕਰਦਿਆਂ ਡਾ. ਤਾਰਨ ਸਿੰਘ ਲਿਖਦੇ ਹਨ:

"ਸਤਿਗੁਰੂ ਮਨੁੱਖ ਨੂੰ ਨਾਮ ਬਖ਼ਸ਼ਦਾ ਹੈ। ਨਾਮ ਮਨੁੱਖ ਨੂੰ ਸੇਵਕ

---

1. ਪ੍ਰੀਤਮ ਸਿੰਘ (ਪ੍ਰੋ:), ਸਿੱਖ ਵੀਚਾਰ-ਧਾਰਾ, ਪੰਨਾ 132

2. ਗੁਲਵੰਤ ਸਿੰਘ (ਪ੍ਰੋ:), "ਗੁਰਬਾਣੀ ਅਨੁਸਾਰ ਸੇਵਾ", ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ, ਸੰਪਾ. ਗੁਰਨਾਮ ਕੌਰ, ਪੰਨਾ 3

ਬਣਾਂਦਾ ਹੈ। ਸੇਵਾ ਇਕ ਆਤਮਕ ਪਧਰ ਹੈ, ਨਿਰਾ ਕਰਮ ਨਹੀਂ ਹੈ। ਸੇਵਕ ਦਾ ਸੇਵਾ ਦਾ ਕਰਮ ਉਸ ਦੀ ਨਾਮ ਦੁਆਰਾ ਪੈਦਾ ਹੋਈ ਆਤਮਕ ਪਧਰ ਵਿਚੋਂ ਹੀ ਉਪਜ ਸਕਦਾ ਹੈ।"[1]

ਸੇਵਾ ਦੀ ਆਤਮਕ ਪੱਧਰ ਜਾਂ ਆਤਮਕ ਰੂਪ ਦੇ ਸਪਸ਼ਟੀਕਰਣ ਲਈ ਡਾ. ਸਾਹਿਬ ਗੁਰੂ ਨਾਨਕ ਦੇਵ ਜੀ ਦੀਆਂ ਹੇਠ-ਲਿਖੀਆਂ ਪੰਗਤੀਆਂ ਦਾ ਹਵਾਲਾ ਦਿੰਦੇ ਹਨ:

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ।
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ।
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ।
ਵਡਿਆਈ ਵਡਾ ਪਾਇਆ।[2]

ਇਨ੍ਹਾਂ ਪੰਗਤੀਆਂ ਦਾ ਪ੍ਰੋ: ਸਾਹਿਬ ਸਿੰਘ ਅਨੁਸਾਰ ਵਾਰਤਕ ਵਿਚ ਉਲੱਥਾ ਇਸ ਪ੍ਰਕਾਰ ਹੈ:

"ਜਿਹੜੇ ਸੰਤੋਖੀ ਮਨੁੱਖ ਸਦਾ ਇਕ ਅਬਿਨਾਸ਼ੀ ਪ੍ਰਭੂ ਨੂੰ ਸਿਮਰਦੇ ਹਨ, (ਪ੍ਰਭੂ ਦੀ) ਸੇਵਾ ਉਹੀ ਕਰਦੇ ਹਨ। ਉਹ ਕਦੇ ਮੰਦੇ ਕੰਮ ਦੇ ਨੇੜੇ ਨਹੀਂ ਜਾਂਦੇ, ਭਲਾ ਕੰਮ ਕਰਦੇ ਹਨ ਅਤੇ ਧਰਮ-ਅਨੁਸਾਰ ਆਪਣਾ ਜੀਵਨ ਨਿਬਾਹੁੰਦੇ ਹਨ। ਦੁਨੀਆਂ ਦੇ ਧੰਧਿਆਂ ਵਿਚ ਖਚਤ ਕਰਨ ਵਾਲੇ ਮਾਇਆ ਦੇ ਮੋਹ ਰੂਪ ਜੰਜੀਰ ਉਹਨਾਂ ਤੋੜ ਦਿਤੇ ਹਨ, ਥੋੜਾ ਖਾਂਦੇ ਹਨ, ਅਤੇ ਥੋੜਾ ਹੀ ਪੀਂਦੇ ਹਨ (ਭਾਵ, ਖਾਣ, ਪੀਣ ਚਸਕੇ ਦੀ ਖ਼ਾਤਰ ਨਹੀਂ, ਸਰੀਰਕ ਨਿਰਬਾਹ ਵਾਸਤੇ ਹੈ)। "ਹੇ ਪ੍ਰਭੂ! ਤੂੰ ਬੜੀਆਂ ਬਖ਼ਸ਼ਸ਼ਾਂ ਕਰਨ ਵਾਲਾ ਹੈਂ, ਸਦਾ ਜੀਵਾਂ ਨੂੰ ਦਾਤਾਂ ਬਖ਼ਸ਼ਦਾ ਹੈਂ - ਇਸ ਤਰ੍ਹਾਂ ਦੀ ਪ੍ਰਭੂ ਦੀ

---

1. ਤਾਰਨ ਸਿੰਘ (ਡਾ.), "ਵਾਰ ਆਸਾ", ਗੁਰੂ ਨਾਨਕ: ਜੀਵਨ ਯੁਗ ਅਤੇ ਉਪਦੇਸ਼, ਮੁਖ ਸੰਪਾ. ਗੁਰਮੁਖ ਨਿਹਾਲ ਸਿੰਘ, ਪੰਨਾ 315
2. ਆਦਿ ਗ੍ਰੰਥ, ਮ. 1, ਪੰਨਾ 466-67

ਸਿਫ਼ਤਿ-ਸਾਲਾਹ ਕਰ ਕੇ ਉਹ ਸੰਤੋਖੀ ਮਨੁੱਖ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ।"[1]

ਪਰੰਤੂ ਡਾ. ਤਾਰਨ ਸਿੰਘ ਜੀ ਆਪ ਆਪਣੇ ਵਲੋਂ ਦਿਤੀ ਗਈ ਟੂਕ ਉਤੇ ਖੁਲ੍ਹੀ ਟਿਪਣੀ ਵਜੋਂ ਅਗੇ ਚਲਕੇ ਲਿਖਦੇ ਹਨ:

"ਸੇਵਕ ਉਹ ਹੈ ਜੋ ਸੰਤੋਖੀ ਹੈ, ਸੱਚ ਦਾ ਧਿਆਨ ਧਰਦਾ ਹੈ, ਮੰਦੇ ਪਾਸੇ ਨਹੀਂ ਜਾਂਦਾ, ਧਰਮ ਦੀ ਕ੍ਰਿਤ ਕਰਦਾ ਹੈ, ਮੋਹ ਤੋਂ ਪਾਕ ਹੈ, ਭੋਗਾਂ ਵਿਚ ਖਚਤ ਨਹੀਂ ਹੁੰਦਾ, ਪਦਾਰਥ ਪ੍ਰਭੂ ਦੀ ਦੇਣ ਮੰਨਦਾ ਹੈ, ਸਿਫਤ ਸਾਲਾਹ ਵਿਚ ਲਗਦਾ ਹੈ।"[2]

ਆਪਣੇ ਹੀ ਕਥਨ ਦਾ ਹੋਰ ਵਧੇਰੇ ਸਰਲ ਭਾਸ਼ਾ ਵਿਚ ਸਪਸ਼ਟੀਕਰਣ ਕਰਦਿਆਂ ਅਤੇ ਸੇਵਾ ਦੇ ਸੰਕਲਪ ਨੂੰ ਆਧੁਨਿਕ ਸੰਦਰਭ ਦੇ ਅਤਿਅੰਤ ਕਰੀਬ ਲਿਆਉਂਦੇ ਹੋਏ ਡਾ. ਤਾਰਨ ਸਿੰਘ ਜੀ ਲਿਖਦੇ ਹਨ:

"ਨਾਮ, ਇਹ ਆਚਰਨ ਮਨੁੱਖ ਨੂੰ ਦਿੰਦਾ ਹੈ। ਮਨੁੱਖਤਾ ਦੀ ਸੇਵਾ ਉਹ ਕਰ ਸਕਦਾ ਹੈ, ਜਿਸ ਦੀ ਆਪਣੀ ਰਹਿਣੀ ਐਸੀ ਹੋਏ। ਜਨਤਾ ਦੇ ਨੇਤਾ ਸੇਵਕ ਹੋਣ ਦਾ ਦਾਅਵਾ ਕਰਦੇ ਹਨ, ਜਨਤਾ ਦੇ ਨੇਤਾ ਦੀ ਰਹਿਣੀ ਐਸੀ ਹੋਣੀ ਜ਼ਰੂਰੀ ਹੈ।"[3]

ਪ੍ਰੋ: ਗੁਲਵੰਤ ਸਿੰਘ ਦੁਆਰਾ ਸੰਕੇਤਿਤ ਸੇਵਾ ਦੇ ਉਪਰੋਕਤ 'ਅਧਿਆਤਮਕ ਸਾਧਨਾ' ਵਾਲੇ ਸੰਦਰਭ ਨੂੰ 'ਨੈਤਿਕ ਦਰਸ਼ਨ' ਨਾਲ ਜੋੜਕੇ ਪ੍ਰੋ: ਗੁਰਬਚਨ ਸਿੰਘ ਤਾਲਿਬ ਨੇ ਇਸ ਸੰਕਲਪ ਦੀ ਇਕ ਹੋਰ ਪਰਤ ਨੂੰ ਚਾਨਣੇ ਵਿਚ ਲਿਆਂਦਾ ਹੈ:

---

1. ਸਾਹਿਬ ਸਿੰਘ (ਪ੍ਰੋ:), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਤੀਜੀ, ਪੰਨਾ 640
2. ਤਾਰਨ ਸਿੰਘ (ਡਾ.), "ਵਾਰ ਆਸਾ", ਗੁਰੂ ਨਾਨਕ: ਜੀਵਨ ਯੁਗ ਅਤੇ ਉਪਦੇਸ਼, ਪੰਨਾ 315
3. ਉਹੀ, ਪੰਨਾ 315-316

> "ਸਿੱਖ ਧਰਮ ਦਰਸ਼ਨ ਵਿਚ ਸਮਿਲਿਤ ਅੰਗ ਅਧਿਆਤਮਿਕ ਸਾਧਨਾ, ਭਗਤੀ ਅਤੇ ਪੁੰਨ ਕਰਮ ਵਿਸ਼ਲੇਸ਼ਣ ਕਰਕੇ ਦਰਸਾਏ ਜਾ ਸਕਦੇ ਹਨ। ਇੰਝ ਇਹ ਨੈਤਿਕ ਦਰਸ਼ਨ ਦਾ ਰੂਪ ਧਾਰਨ ਕਰ ਲੈਂਦਾ ਹੈ।ਨੈਤਿਕ ਜੀਵਨ ਦਾ ਆਧਾਰ ਦੂਜਿਆਂ ਪ੍ਰਤੀ ਸ਼ੁਭ ਕਰਮ ਹੈ ਜਿਸ ਦਾ ਦੂਜਾ ਨਾਂ ਪਰਉਪਕਾਰ ਹੈ, ਜਿਸ ਦੇ ਅਨੇਕਾਂ ਰੂਪ ਹਨ ਜੋ ਸਮੇਂ, ਸਥਾਨ ਅਤੇ ਅਵਸ਼ਕਤਾ ਅਨੁਸਾਰ ਅਮਲ ਵਿਚ ਲਿਆਂਦੇ ਜਾ ਸਕਦੇ ਹਨ।"[1]

ਆਮ ਪਦਾਰਥਕ ਜਗਤ ਵਿਚ ਆਪਣੇ ਹਰ ਪ੍ਰਕਾਰ ਦੇ ਸੁਆਰਥ ਨੂੰ ਤਿਆਗ ਕੇ ਦੂਜਿਆਂ ਨੂੰ ਸੁਖ ਪਹੁੰਚਾਉਣ ਦੀ ਨੀਯਤ ਨਾਲ ਕੀਤੀ ਗਈ ਸੇਵਾ ਦੇ ਸੰਕਲਪ ਦਾ ਨੈਤਿਕ ਦਰਸ਼ਨ ਅਤੇ ਇਸ ਤੋਂ ਵੀ ਅਗੇ ਅਧਿਆਤਮਕ ਸਾਧਨਾਂ ਤਕ ਜਿਤਨਾ ਵਿਸਤਾਰ ਹੋਇਆ ਹੈ, ਉਸ ਨੂੰ ਵਧੇਰੇ ਤਰਕਸ਼ੀਲ ਰੂਪ ਵਿਚ ਪੇਸ਼ ਕਰਨ ਲਈ ਡਾ. ਦਰਸ਼ਨ ਸਿੰਘ ਨੇ ਸਥੂਲ ਅਤੇ ਸੂਖਮ ਦੋ ਪਰਤਾਂ ਵਿਚ ਵੰਡਿਆ ਹੈ। ਸੇਵਾ ਦੀ ਸਥੂਲ ਪਰਤ ਨੂੰ ਸਾਧਾਰਨ ਪਰਤ ਦੇ ਸਮਰੂਪ ਮੰਨਦਿਆਂ ਹੋਇਆਂ ਡਾ. ਦਰਸ਼ਨ ਸਿੰਘ ਲਿਖਦੇ ਹਨ:

> "ਸਾਧਾਰਣ ਅਰਥਾਂ ਵਿਚ ਸੇਵਾ ਤੋਂ ਭਾਵ ਲੋੜਵੰਦ ਦੀ ਲੋੜ ਪੂਰੀ ਕਰਨਾ ਹੈ। ਲੋੜਵੰਦ ਉਹੀ ਹੋਏਗਾ ਜਿਸਨੂੰ ਕਮੀ ਦਾ ਅਹਿਸਾਸ ਹੋਵੇਗਾ ਜਾਂ ਸੇਵਾ ਕਰਨ ਵਾਲੇ ਨੂੰ ਲੋੜਵੰਦ ਦੀ ਕਮੀ ਦਾ ਅਹਿਸਾਸ ਹੋਏਗਾ। ਕਿਸੇ ਕਿਸਮ ਦੀ ਅਪੂਰਣਤਾ ਨੂੰ ਤਕਰੀਬਨ ਪੂਰਣਤਾ ਵਿਚ ਤਬਦੀਲ ਕਰਨ ਵਾਲੇ ਨਿਸ਼ਕਾਮ ਕੰਮ ਨੂੰ ਸੇਵਾ ਦੇ ਅਰਥ ਦਿੱਤੇ ਜਾ ਸਕਦੇ ਹਨ।"[2]

ਪਰੰਤੂ ਲੋੜਵੰਦ ਅਤੇ ਲੋੜਵੰਦ ਦੀ ਲੋੜ ਪੂਰੀ ਕਰਨ ਵਿਚ ਸਮਰਥ, ਪਦਾਰਥਕ ਜਗਤ ਦੇ ਸੇਵਕ ਤੋਂ ਇਲਾਵਾ ਡਾ. ਦਰਸ਼ਨ ਸਿੰਘ ਇਕ ਹੋਰ ਸੰਦਰਭ ਦੀ ਕਲਪਨਾ ਕਰਦੇ ਹਨ, ਜਿਸ ਨੂੰ ਉਹ ਸੇਵਾ ਦਾ ਸੂਖਮ ਸੰਦਰਭ ਕਹਿੰਦੇ ਹਨ। ਇਸ ਸੂਖਮ ਸੰਦਰਭ ਦੀ ਪਰਿਭਾਸ਼ਾ ਦਿੰਦਿਆਂ ਉਹ ਲਿਖਦੇ ਹਨ:

---

1. ਗੁਰਬਚਨ ਸਿੰਘ ਤਾਲਿਬ (ਪ੍ਰੋ:), "ਸਿੱਖ ਧਰਮ ਵਿਚ ਸੇਵਾ", ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ, ਪੰਨਾ 30
2. ਦਰਸ਼ਨ ਸਿੰਘ (ਡਾ.), "ਗੁਰਮਤਿ ਅਤੇ ਸੇਵਾ", ਉਹੀ, ਪੰਨਾ 14

"ਜੇ ਇਸ (ਸੇਵਾ) ਨੂੰ ਸੂਖ੍ਮ ਅਰਥਾਂ ਵਿਚ ਗ੍ਰਹਿਣ ਕਰੀਏ ਤਾਂ ਇਸ ਸ਼ਬਦ ਦੇ ਅਰਥਾਂ ਵਿਚ ਵਿਸਥਾਰ ਆ ਜਾਂਦਾ ਹੈ। ਇਸ ਤਰ੍ਹਾਂ ਸੇਵਾ ਕਰਮ ਤੋਂ ਉਠ ਕੇ ਸੋਚ (ਮਨ) ਤੇ ਬੋਲ (ਬਚਨ) ਤੱਕ ਪੁਜਦੀ ਹੈ ਤੇ ਸਭ ਕੁਝ ਅਰਪਨ ਕਰਨ ਦੇ ਅਰਥ ਗ੍ਰਹਿਣ ਕਰਦੀ ਹੋਈ ਇਹ ਤਨ, ਮਨ ਤੇ ਧਨ ਦੀ ਸੇਵਾ ਬਣ ਜਾਂਦੀ ਹੈ।"[1]

ਪਰੰਤੂ ਸੇਵਾ ਦਾ ਆਧਾਰ ਭਾਵੇਂ 'ਅਧਿਆਤਮਕ' ਹੋਵੇ ਭਾਵੇਂ 'ਨੈਤਿਕ' ਤੇ ਭਾਵੇਂ 'ਪਦਾਰਥਕ' ਇਸਦੀ ਕਲਪਨਾ ਕੇਵਲ ਮਾਨਵ ਸਮਾਜ ਵਿਚ ਹੀ ਕੀਤੀ ਜਾ ਸਕਦੀ ਹੈ, ਇਸ ਨੁਕਤੇ ਦਾ ਹੋਰ ਵਧੇਰੇ ਸਪਸ਼ਟੀਕਰਣ ਕਰਦਿਆਂ ਡਾ. ਦਰਸ਼ਨ ਸਿੰਘ ਲਿਖਦੇ ਹਨ:

"ਕੁੱਲ੍ਹ ਮਿਲਾਕੇ ਸੇਵਾ ਇਕ ਐਸੀ ਪ੍ਰਕ੍ਰਿਆ ਹੈ, ਜਿਸਦਾ ਦਾਇਰਾ ਮਨੁਖ ਹੈ ਤੇ ਜਿਸਦਾ ਪਾਸਾਰ ਮਨੁਖ ਤੋਂ ਮਨੁਖ ਹੈ।"[2]

ਇਸ ਪ੍ਰਕਾਰ ਜਿਸ ਸੇਵਾ ਦਾ ਪਾਸਾਰ ਪਦਾਰਥਕ, ਨੈਤਿਕ ਅਤੇ ਅਧਿਆਤਮਕ ਸੰਦਰਭਾਂ ਵਿਚ ਬਹੁਤ ਵਿਸ਼ਾਲ ਸੀਮਾਵਾਂ ਤਕ ਫੈਲਿਆ ਹੋਇਆ ਹੈ, ਉਸਦਾ ਮਹੱਤਵ ਉਨਾ ਹੀ ਹੈ, ਜਿੰਨਾ ਜਗਤ ਵਿਚ ਖੁਦ ਜੀਵਨ ਦਾ ਮਹੱਤਵ ਹੈ। ਸੇਵਾ ਦੇ ਬਿਨਾਂ ਜੀਵਨ ਨਾ ਸੁਅਸਥ ਰਹਿ ਸਕਦਾ ਹੈ, ਨਾ ਸੁਅੱਛ ਅਤੇ ਨਾ ਸ਼ੁੱਧ, ਜਿਸਦਾ ਸਾਧਾਰਨ ਭਾਸ਼ਾ ਵਿਚ ਅਰਥ ਇਹ ਹੈ ਕਿ ਜਗਤ ਵਿਚ ਚੰਗੇ ਅਤੇ ਸਫਲ ਜੀਵਨ ਦੀ ਸੇਵਾ ਤੋਂ ਬਿਨਾਂ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਸੇਵਾ ਦੇ ਇਸ ਅਦੁਤੀ ਮਹੱਤਵ ਦੀ ਚਰਚਾ ਕਰਦਿਆਂ ਸੁਰਜੀਤ ਸਿੰਘ ਭਾਟੀਆ ਲਿਖਦੇ ਹਨ:

"ਜਿਵੇਂ ਫਾਲਤੂ ਬੂਟੀਆਂ (Weeds) ਖੇਤ ਵਿਚੋਂ ਫਸਲ ਨੂੰ ਖਰਾਬ ਕਰ ਦਿੰਦੀਆਂ ਹਨ ਤੇ ਇਨ੍ਹਾਂ ਨੂੰ ਮਾਰਨ ਲਈ ਖੇਤ ਵਿਚ ਗੋਡੀ ਕਰਨੀ ਜ਼ਰੂਰੀ ਹੈ, ਇਸੇ ਤਰ੍ਹਾਂ ਹਉਮੈਂ ਦੀਆਂ ਰੁੱਚੀਆਂ ਨੂੰ ਦਬਾਈ ਰੱਖਣ ਲਈ ਸੇਵਾ ਇਕ ਪ੍ਰਕਾਰ ਦੀ ਗੋਡੀ ਹੈ, ਜੋ ਮਨ ਦੇ ਖੇਤ ਉਤੇ

---

1. ਦਰਸ਼ਨ ਸਿੰਘ (ਡਾ.), "ਗੁਰਮਤਿ ਅਤੇ ਸੇਵਾ", ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ, ਪੰਨਾ 14

2. ਉਹੀ, ਪੰਨਾ 14

ਲਗਾਤਾਰ ਹੁੰਦੀ ਰਹਿਣੀ ਜ਼ਰੂਰੀ ਹੈ। ਜਾਂ ਇਸ ਤਰ੍ਹਾਂ ਕਹਿ ਲਵੋ, ਕਿ ਜਿਵੇਂ ਸਰੀਰ ਨੂੰ ਰਿਸ਼ਟ-ਪੁਸ਼ਟ ਤੇ ਚਲਦਾ ਫਿਰਦਾ ਰੱਖਣ ਲਈ ਚੰਗੀ ਖ਼ੁਰਾਕ ਦੇ ਨਾਲ ਨਾਲ ਲਗਾਤਾਰ ਮਿਹਨਤ ਤੇ ਵਰਜਸ਼ ਦੀ ਲੋੜ ਹੈ, ਇਸੇ ਤਰ੍ਹਾਂ ਜਿਥੇ 'ਨਾਮ' ਜੀਵਨ ਲਈ ਖ਼ੁਰਾਕ ਹੈ, ਜੀਵਨ ਦਾ ਆਧਾਰ ਵੀ ਹੈ, ਉਥੇ ਸੇਵਾ ਮਨ ਨੂੰ ਨਾਮ ਦੇ ਮਾਰਗ ਉਤੇ ਪਾਉਣ ਤੇ ਇਸ ਮਾਰਗ ਉਤੇ ਚਲਦੇ ਰੱਖਣ ਲਈ ਇਕ ਅਤਿ ਅਵੱਸ਼ਕ ਕਸਰਤ ਹੈ, ਜ਼ਰੂਰੀ ਸਾਧਨਾ ਹੈ।"[1]

ਭਾਟੀਆ ਜੀ ਅਨੁਸਾਰ ਸੇਵਾ ਕੇਵਲ ਇਕ ਕਸਰਤ ਹੀ ਨਹੀਂ, ਸਗੋਂ ਇਕ ਆਵਸ਼ਕ ਸਾਧਨਾ ਹੈ। ਇਸੇ ਸੰਕਲਪ ਦੀਆਂ ਹੋਰ ਉਚੇਰੀਆਂ ਪਰਤਾਂ ਫੋਲਦੇ ਹੋਏ ਡਾ. ਰਤਨ ਸਿੰਘ ਜੱਗੀ ਇਸ ਨਿਰਣੇ ਤੇ ਪਹੁੰਚਦੇ ਹਨ ਕਿ ਸੇਵਾ ਨੂੰ ਕੇਵਲ ਕਸਰਤ ਦੀ ਥਾਂ ਇਕ ਸਾਧਨਾ ਕਹਿਣਾ ਹੀ ਕਾਫ਼ੀ ਨਹੀਂ, ਸਗੋਂ ਮਾਨਵ ਦੁਆਰਾ ਜਗਤ ਵਿਚ ਕੀਤੀਆਂ ਜਾਣ ਵਾਲੀਆਂ ਸਭ ਸਾਧਨਾਵਾਂ ਵਿਚ ਇਸਦਾ ਸਥਾਨ ਉਚਤਮ ਹੈ। ਜੱਗੀ ਸਾਹਿਬ ਲਿਖਦੇ ਹਨ:

"ਇਹ (ਸੇਵਾ) ਬਹੁਤ ਉਚੀ ਸਾਧਨਾ ਹੈ। ਮਨੁਖ ਦੀ ਹਰ ਹਰਕਤ ਹਉਮੈ ਵਾਲੀ ਹੁੰਦੀ ਹੈ। ਸੇਵਾ ਦੀ ਭਾਵਨਾ ਹੀ ਹਉਮੈ ਨੂੰ ਨਸ਼ਟ ਕਰ ਸਕਦੀ ਹੈ ਕਿਉਂਕਿ ਹਉਮੈਂ ਧੁੰਧ ਗੁਬਾਰ ਹੈ, ਸੇਵਾ ਪ੍ਰਕਾਸ਼ ਹੈ; ਹਉਮੈ ਆਪਣੇ ਆਪ ਵਿਚ ਜਾਂ ਆਪਣੇ ਲਈ ਜੀਣਾ ਹੈ, ਸੇਵਾ ਦੁਆਰਾ ਦੂਜਿਆਂ ਲਈ ਜੀਵਿਆ ਜਾਂਦਾ ਹੈ। ਜਦ ਤਕ ਜਗਿਆਸੂ ਹਉਮੈਂ ਜਾਂ [illegible] ਨੂੰ ਨਸ਼ਟ ਨਹੀਂ ਕਰਦਾ, ਤਦ ਤਕ ਉਹ ਸੇਵਾ ਕਰਨ ਦਾ ਮਾਣ ਪ੍ਰਾਪਤ ਨਹੀਂ ਕਰ ਸਕਦਾ।"[2]

ਪ੍ਰੋ: ਸਾਹਿਬ ਸਿੰਘ ਦੀ ਦ੍ਰਿਸ਼ਟੀ ਵਿਚ ਸੇਵਾ ਦੇ ਮਹਾਨ ਅਤੇ ਅਦੁਤੀ ਸੰਕਲਪ ਨੂੰ ਅਧਿਆਤਮਕ, ਨੈਤਿਕ ਅਤੇ ਪਦਾਰਥਕ ਸੰਦਰਭ ਵਿਚ ਵਿਭਾਜਿਤ ਕਰਨਾ ਵੀ ਬਹੁਤ ਜ਼ਰੂਰੀ ਨਹੀਂ, ਕਿਉਂਕਿ ਗੁਰਮਤਿ ਦੇ ਬੁਨਿਆਦੀ ਸੰਕਲਪਾਂ ਦੀ ਰੋਸ਼ਨੀ ਵਿਚ ਬਹੁਤ ਡੂੰਘਾਈ ਜਾਂ ਬਹੁਤ

---

1. ਸੁਰਜੀਤ ਸਿੰਘ ਭਾਟੀਆ, ਸਿਮਰਨ, ਸੇਵਾ ਤੇ ਸਿੱਖ ਆਚਰਣ, ਪੰਨਾ 42
2. ਰਤਨ ਸਿੰਘ ਜੱਗੀ (ਡਾ.), ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 439

ਉਚਾਈ ਤੇ ਜਾ ਕੇ ਇਕੋ ਸੰਦਰਭ ਦੇ ਹੀ ਭਿੰਨ ਭਿੰਨ ਹਿੱਸੇ ਬਣ ਜਾਂਦੇ ਹਨ। ਇਸੇ ਲਈ ਸੇਵਾ ਦੇ ਭਿੰਨ ਭਿੰਨ ਸੰਦਰਭਾਂ ਨੂੰ ਇਕੋ ਸੰਪੂਰਨ ਇਕਾਈ ਦੇ ਅੰਗ ਸਮਝਕੇ ਆਪ ਲਿਖਦੇ ਹਨ:

> "ਖਲਕਤਿ ਦੀ ਸੇਵਾ ਕਰਨੀ ਹੀ ਸਭ ਤੋਂ ਉਚਾ ਸੁੱਚਾ ਧਰਮ ਹੈ, ਪਰਮਾਤਮਾ ਦੀ ਭਗਤੀ ਇਸੇ ਵਿਚ ਹੀ ਆ ਜਾਂਦੀ ਹੈ, ਹੋਰ ਕਿਸੇ ਸਿਮਰਨ ਭਜਨ ਦੀ ਲੋੜ ਨਹੀਂ ਹੈ। ਜਗਤ ਅਖਾੜੇ ਦਾ ਸਭ ਤੋਂ ਸੁਚੱਜਾ ਦਾਅ ਖ਼ਲਕਤਿ ਦੀ ਸੇਵਾ ਹੀ ਹੈ। ਆਪਣਾ ਆਪ ਖ਼ਲਕਤਿ ਦੇ ਭਲੇ ਦੀ ਖ਼ਾਤਰ ਸਦਕੇ ਵਾਰ ਦਿਉ।"[1]

ਜਦੋਂ ਸੇਵਾ ਦਾ ਸਮੁੱਚਾ ਸੰਕਲਪ ਭਿੰਨ ਭਿੰਨ ਪਰਤਾਂ ਅਤੇ ਭਿੰਨ ਭਿੰਨ ਦਿਸ਼ਾਵਾਂ ਤਕ ਫੈਲੇ ਹੋਏ ਹੋਣ ਦੇ ਬਾਵਜੂਦ ਇਕੋ ਇਕਾਈ ਵਿਚ ਬਝ ਜਾਂਦਾ ਹੈ ਤਾਂ ਉਸਦੇ 'ਅਧਿਆਤਮਕ', 'ਨੈਤਿਕ' ਅਤੇ 'ਪਦਾਰਥਕ' ਸੰਦਰਭ ਆਪੋ ਵਿਚ ਪੂਰੀ ਤਰ੍ਹਾਂ ਇਕਸੁਰ ਹੋ ਜਾਂਦੇ ਹਨ। ਇਕਸੁਰ ਹੋਏ ਹੋਏ ਇਸ ਸੰਦਰਭ ਦੀ ਆਧਾਰ-ਭੂਮੀ ਅਤੇ ਕਰਮ-ਭੂਮੀ ਹਰ ਹਾਲਤ ਵਿਚ ਸਥੂਲ ਜਗਤ ਹੀ ਹੁੰਦਾ ਹੈ। ਇਸੇ ਲਈ ਮਿਖਾਈਲ ਨਈਮੀ ਜਦੋਂ ਸੇਵਾ ਸੰਬੰਧੀ ਵਿਚਾਰ ਪ੍ਰਗਟ ਕਰਦਾ ਹੈ ਤਾਂ ਆਪਣੀ ਸਮੁੱਚੀ ਦ੍ਰਿਸ਼ਟੀ ਕੇਵਲ ਭੌਤਿਕ ਜਗਤ ਉਤੇ ਹੀ ਕੇਂਦਰਿਤ ਕਰਕੇ ਇਸ ਪ੍ਰਕਾਰ ਲਿਖਦਾ ਹੈ:

> "ਤਾਂ ਜੋ ਤੁਸੀਂ ਲੋੜਵੰਦਾਂ ਨੂੰ ਤ੍ਰਿਪਤ ਕਰ ਸਕੋ ਤੁਹਾਡਾ ਸਦਾ-ਤ੍ਰਿਪਤ ਰਹਿਣਾ ਆਵੱਸ਼ਕ ਹੈ। ਤਾਂ ਜੋ ਤੁਸੀਂ ਡਗਮਗਾਉਂਦਿਆਂ ਤੇ ਕਮਜ਼ੋਰਾਂ ਦੀ ਧਿਰ ਬਣ ਸਕੋ ਤੁਹਾਡਾ ਆਪ ਸਦਾ ਨਰੋਏ ਤੇ ਦ੍ਰਿੜ੍ਹ ਹੋਣਾ ਆਵੱਸ਼ਕ ਹੈ। ਤਾਂ ਜੋ ਤੁਸੀਂ ਸਭ ਤੁਫ਼ਾਨਾਂ ਦੇ ਧੱਫੇ ਖਾਂਦੇ ਲਾਵਾਰਸਾਂ ਨੂੰ ਪਨਾਹ ਦੇ ਸਕੋ ਤੁਹਾਡਾ ਆਪ ਤੁਫ਼ਾਨ ਲਈ ਸਦਾ ਤਿਆਰ ਰਹਿਣਾ ਆਵਸ਼ਕ ਹੈ। ਤਾਂ ਜੋ ਤੁਸੀਂ ਹਨੇਰੇ ਦੇ ਪਾਂਧੀਆਂ ਨੂੰ ਰਾਹ ਦਸ ਸਕੋ, ਤੁਹਾਡਾ ਸਦਾ ਪ੍ਰਕਾਸ਼ਮਾਨ ਰਹਿਣਾ ਆਵਸ਼ਕ ਹੈ। ਕਮਜ਼ੋਰ ਕਮਜ਼ੋਰਾਂ ਲਈ ਬੋਝ ਹੁੰਦੇ ਹਨ, ਪਰ ਤਾਕਤਵਰਾਂ ਲਈ ਉਹ ਸੁਖਾਵੀਂ ਜ਼ਿੰਮੇਵਾਰੀ ਬਣ ਜਾਂਦੇ ਹਨ। ਕਮਜ਼ੋਰਾਂ ਨੂੰ ਲਭੋ, ਉਹਨਾਂ ਦੀ ਕਮਜ਼ੋਰੀ ਹੀ ਤੁਹਾਡੀ ਤਾਕਤ ਹੈ। ਭੁੱਖਿਆਂ ਲਈ ਭੁੱਖੇ ਭੁੱਖ ਹੁੰਦੇ ਹਨ।

---

1. ਸਾਹਿਬ ਸਿੰਘ (ਪ੍ਰੋ:), ਧਰਮ ਤੇ ਸਦਾਚਾਰ, ਪੰਨਾ 28

> ਪਰ ਰੋਗੀਆਂ ਲਈ ਮਨ-ਚਾਹਿਆ ਨਿਕਾਸ। ਭੁੱਖਿਆਂ ਦੀ ਭਾਲ ਕਰੋ। ਉਹਨਾਂ ਦੀ ਲੋੜ ਹੀ ਤੁਹਾਡੀ ਤ੍ਰਿਪਤੀ ਹੈ। ਅੰਨ੍ਹੇ ਅੰਨ੍ਹਿਆਂ ਲਈ ਰਾਹ ਦਾ ਰੋੜ ਹੁੰਦੇ ਹਨ, ਤੇ ਸੁਜਾਖਿਆਂ ਲਈ ਮੀਲ-ਪੱਥਰ। ਅੰਨ੍ਹਿਆਂ ਦੀ ਭਾਲ ਕਰੋ। ਉਹਨਾਂ ਦਾ ਹਨ੍ਹੇਰਾ ਤੁਹਾਡਾ ਚਾਨਣ ਹੈ।"[1]

ਇਸ ਭੌਤਿਕ ਜਗਤ ਵਿਚ ਹੀ ਮਿਖਾਈਲ ਨਈਮੀ ਮਾਨਵ ਜੀਵਨ ਦੀ ਸਮੁਚਤਾ ਦੀ ਕਲਪਨਾ ਕਰਦਾ ਹੈ ਅਤੇ ਇਸ ਭੌਤਿਕ ਜਗਤ ਵਿਚ ਹੀ ਮਾਨਵ ਜੀਵਨ ਦੀ ਸੰਪੂਰਨਤਾ ਅਤੇ ਇਕਾਗਰਤਾ ਲਈ ਉਹ ਦ੍ਰਿੜ੍ਹ ਕਰਾਉਂਦਾ ਹੈ ਕਿ ਸੇਵਾ ਦੇ ਸਭ ਨਿੱਕੇ ਮੋਟੇ ਸੰਦਰਭ ਆਪੋ ਵਿਚ ਇੰਝ ਜੁੜੇ ਹੋਏ ਹਨ ਜਿਵੇਂ ਕਿਸੇ ਬ੍ਰਿਛ ਦੀਆਂ ਟਹਿਣੀਆਂ, ਪੱਤੇ ਅਤੇ ਜੜ੍ਹਾਂ ਜੁੜੀਆਂ ਹੋਈਆਂ ਹਨ। ਇਸੇ ਤਰ੍ਹਾਂ ਇਹ ਸਭ ਭਿੰਨ ਭਿੰਨ ਸੰਦਰਭ ਇਕ ਦੂਜੇ ਉਤੇ ਇਸ ਪ੍ਰਕਾਰ ਨਿਰਭਰ ਹਨ ਜਿਵੇਂ ਵਿਸ਼ਾਲ ਭੌਤਿਕ ਜਗਤ ਵਿਚ ਸੂਰਜ, ਸਮੁੰਦਰ ਅਤੇ ਹਵਾ ਇਕ ਦੂਜੇ ਉਤੇ ਨਿਰਭਰ ਹਨ। ਮਿਖਾਈਲ ਨਈਮੀ ਲਿਖਦਾ ਹੈ:

> "ਕੀ ਬੰਦੇ ਨੇ 'ਜੀਵਨ-ਬਿਰਛ' ਨੂੰ ਲੱਗੇ ਕਿਸੇ ਵਿਸ਼ੇਸ਼ ਪੱਤੇ ਨੂੰ ਚੁਣਨਾ ਹੈ ਤੇ ਉਸ ਨੂੰ ਆਪਣਾ ਸਮੁੱਚਾ ਪਿਆਰ ਸਮਰਪਿਤ ਕਰ ਦੇਣਾ ਹੈ? ਫੇਰ ਉਹ ਟਹਿਣੀ ਜਿਸ ਨੂੰ ਉਹ ਪੱਤਾ ਲੱਗਾ ਹੈ ਉਸ ਦਾ ਕੀ ਬਣੇਗਾ? ਤੇ ਉਸ ਟਹਿਣੇ ਬਾਰੇ ਕੀ ਕਹਿੰਦੇ ਹੋ ਜਿਸ ਤੋਂ ਉਹ ਟਹਿਣੀ ਉਗੀ ਹੈ? ਤੇ ਉਸ ਸੱਕ ਦਾ ਕੀ ਹਾਲ ਜਿਹੜਾ ਟਹਿਣੇ ਦੀ ਰਖਿਆ ਕਰਦਾ ਹੈ? ਤੇ ਉਹਨਾਂ ਜੜਾਂ ਦਾ ਜਿਹੜੀਆਂ ਉਸ ਸੱਕ, ਟਹਿਣੇ, ਟਹਿਣੀਆਂ ਤੇ ਪੱਤਿਆਂ ਨੂੰ ਖੁਰਾਕ ਪਚਾਉਂਦੀਆਂ ਹਨ? ਤੇ ਉਸ ਮਿੱਟੀ ਦਾ ਜਿਸ ਨੇ ਉਹਨਾਂ ਜੜਾਂ ਨੂੰ ਛਾਤੀ ਨਾਲ ਲਾਇਆ ਹੋਇਆ ਹੈ? ਏਹੀਓ ਗੱਲ ਸੂਰਜ, ਸਮੁੰਦਰ ਤੇ ਹਵਾ ਦੀ ਜਿਹੜੇ ਭੋਇ ਵਿਚ ਖਾਦ ਪਾਉਂਦੇ ਹਨ।"[2]

---

1. ਮਿਖਾਈਲ ਨਈਮੀ, ਮੀਰਦਾਦ ਦੀ ਪੁਸਤਕ, ਅਨੁ. ਮਹਿੰਦਰ ਸਿੰਘ ਜੋਸ਼ੀ, ਪੰਨਾ 72-73
2. ਉਹੀ, ਪੰਨਾ 88

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸੇਵਾ ਸਥੂਲ ਜਗਤ ਵਿਚ ਮਾਨਵ ਦੁਆਰਾ ਮਾਨਵ ਲਈ ਸੁਆਰਥ ਰਹਿਤ ਹੋ ਕੇ ਕੀਤਾ ਗਿਆ ਸੁਭ ਕਰਮ ਹੈ, ਜਿਸਦੀਆਂ ਸੀਮਾਵਾਂ ਪਦਾਰਥਕ ਸੰਸਾਰ ਤੋਂ ਸੁਰੂ ਹੋ ਕੇ ਨੈਤਿਕ ਅਤੇ ਅਧਿਆਤਮਕ ਸੰਸਾਰ ਤਕ ਫੈਲੀਆਂ ਹੋਈਆਂ ਹਨ। ਤਨ, ਧਨ,ਮਨ ਅਤੇ ਸੁਰਤਿ ਸੇਵਾ ਦੇ ਆਧਾਰ-ਸਤੰਭ ਹਨ ਅਤੇ ਸੇਵਾ ਦੀ ਪ੍ਰਾਪਤੀ ਸੂਖਮ ਵੀ ਹੈ ਤੇ ਸਥੂਲ ਵੀ, ਭਾਵੇਂ ਸੇਵਾ ਦੀ ਪ੍ਰਕ੍ਰਿਆ ਵਿਚ ਰੁਝਿਆ ਹੋਇਆ ਨਿਸ਼ਕਾਮ ਸੇਵਕ ਆਪਣੇ ਵਲੋਂ ਕਿਸੇ ਵੀ ਫਲ ਦੀ ਕਾਮਨਾ ਨਹੀਂ ਕਰਦਾ।

## (ਅ) ਸੇਵਾ ਦੀ ਇਤਿਹਾਸਕ ਪਿੱਠ-ਭੂਮੀ

ਗੁਰਮਤਿ ਭਾਵੇਂ ਆਪਣੇ ਆਪ ਵਿਚ ਇਕ ਸੰਪੂਰਨ ਦਰਸ਼ਨ ਹੈ, ਫਿਰ ਵੀ ਇਹ ਆਵੱਸ਼ਕ ਪ੍ਰਤੀਤ ਹੁੰਦਾ ਹੈ ਕਿ ਗੁਰਮਤਿ ਤੋਂ ਪਹਿਲਾਂ ਜਿਹੜੇ ਮੱਤ ਭਾਰਤ ਵਿਚ ਅਤੇ ਭਾਰਤ ਤੋਂ ਬਾਹਰ ਵਖ ਵਖ ਸਮਿਆਂ ਵਿਚ ਪ੍ਰਚਲਿਤ ਰਹੇ ਹਨ, ਉਨ੍ਹਾਂ ਦੀ ਛਾਣ ਬੀਣ ਕਰਕੇ ਉਨ੍ਹਾਂ ਵਿਚਲੇ ਸੇਵਾ ਦੇ ਸੰਕਲਪਾਂ ਦੀ ਥਾਹ ਪਾਈ ਜਾਵੇ।

### ਵੇਦ ਸਾਹਿਤ:

ਰਿਗ ਵੇਦ ਵਿਚ ਸੇਵਾ ਦਾ ਪਦਾਰਥਕ ਸੰਦਰਭ ਬਹੁਤ ਉਘੜ ਕੇ ਪੇਸ਼ ਹੋਇਆ। ਕਿਸੇ ਲੋੜਵੰਦ ਸਥਿਤੀ ਜਾਂ ਭਾਈ ਬੰਧੂ ਦੀ ਸਹਾਇਤਾ ਕਰਨਾ ਜਾਂ ਪਰਸਪਰ ਇਕ ਦੂਜੇ ਦੇ ਕੰਮ ਆਉਣ ਦਾ ਯਤਨ ਕਰਨਾ ਆਦਿ 'ਸੇਵਾ' ਦੇ ਅਰਥ ਰਿਗ ਵੇਦ ਦੇ ਲੇਖਕਾਂ ਦੀ ਦ੍ਰਿਸ਼ਟੀ ਵਿਚ ਰਹੇ ਹਨ, ਜਿਨ੍ਹਾਂ ਦੀ ਪੁਸ਼ਟੀ ਹੇਠ ਲਿਖੀਆਂ ਟੂਕਾਂ ਤੋਂ ਸਪਸ਼ਟ ਭਾਂਤ ਹੋ ਜਾਂਦੀ ਹੈ:

1. ਧਨੀ ਮਨੁਖ ਦਾ ਇਹ ਕਰਤੱਵ ਹੈ ਕਿ ਉਹ ਕਿਸੇ ਸੰਤ-ਕਾਰਜ ਲਈ ਮੰਗਣ ਵਾਲੇ ਸਤਿ-ਪਾਤਰ ਨੂੰ ਕਦੇ ਵੀ ਨਿਰਾਸ਼ ਨਾ ਕਰੇ, ਕੁਝ ਨਾ ਕੁਝ ਦਾਨ ਉਸ ਨੂੰ ਅਵੱਸ਼ ਕਰੇ।[1]

2. ਅਤਿਥੀ, ਭਾਈ-ਬੰਧਾਂ ਅਤੇ ਕਿਸੇ ਗ਼ਰੀਬ ਆਦਿ ਨੂੰ ਦਿੱਤੇ ਬਗ਼ੈਰ ਕੇਵਲ ਆਪ ਹੀ ਅੰਨ ਆਦਿਕ ਦਾ ਉਪਭੋਗ ਕਰਨ ਵਾਲਾ ਬੰਦਾ ਅੰਨ ਨੂੰ ਨਹੀਂ, ਦਰਅਸਲ ਪਾਪ ਨੂੰ ਖਾਂਦਾ ਹੈ।[2]

3. ਇਕ ਦੂਸਰੇ ਦੀ ਸਹਾਇਤਾ ਕਰਨਾ ਅਤੇ ਇਕ ਦੂਸਰੇ ਦੀ ਰੱਖਿਆ ਕਰਨਾ ਮਨੁੱਖ ਦਾ ਮੁੱਖ ਕਰਤੱਵ ਹੈ।[3]

---

1. पृणीयादिन्नाधमानाय तव्यान् ।ਰਿ0 10/117/5।
ਉਧਰਿਤ: ਜਗਤ ਪ੍ਰਿਯ, "ਵੈਦਿਕ ਭਗਤੀ ਦੇ ਪ੍ਰਕਾਰ ਤੇ ਸਾਧਨ", ਭਗਤੀ ਕਾਵਿ, ਪੰਨਾ 9

2. केवलाघो भवति केवलादी ।ਰਿ0 10/997/6।
ਉਧਰਿਤ: ਉਹੀ, ਪੰਨਾ 8

3. पुमान् पुमांसं परि पातु विश्वतः ।ਰਿ0 6/75/14।
ਉਧਰਿਤ: ਮੰਗਲਦੇਵ ਸ਼ਾਸਤਰੀ (ਡਾ.), ਭਾਰਤੀਯ ਸੰਸਕ੍ਰਿਤੀ ਕਾ ਵਿਕਾਸ, ਪੰਨਾ 122

ਅਥਰਵ ਵੇਦ ਵਿਚ ਵੀ ਸੇਵਾ ਦਾ ਸੰਕਲਪ ਆਮ ਤੌਰ ਤੇ ਉਹੀ ਹੈ ਜਿਹੜਾ ਉਪਰੋਕਤ ਰਿਗ ਵੇਦ ਦੀਆਂ ਟੂਕਾਂ ਵਿਚੋਂ ਪ੍ਰਗਟ ਹੁੰਦਾ ਹੈ। ਰਿਗ ਵੇਦ ਵਿਚ ਸੇਵਾ ਸੰਬੰਧੀ ਕੀਤੀ ਗਈ ਹਦਾਇਤ ਨਾਲ ਇਥੇ 'ਉਤਸ਼ਾਹ' ਅਤੇ 'ਉਦਾਰਤਾ' ਨੂੰ ਜੋੜ ਕੇ ਪਦਾਰਥਕ ਸੰਦਰਭ ਵਿਚ ਸੇਵਾ ਦੇ ਇਸ ਸੰਕਲਪ ਨੂੰ ਹੋਰ ਵਧੇਰੇ ਸਾਰਥਿਕ ਬਣਾ ਦਿੱਤਾ ਗਿਆ ਹੈ। ਜਿਵੇਂ:

> "ਐ ਇਨਸਾਨ! ਤੂੰ ਸੌ ਹੱਥਾਂ ਦੇ ਉਤਸ਼ਾਹ ਅਤੇ ਯਤਨਾਂ ਨਾਲ ਆਪਣੇ ਧਨ-ਦੌਲਤ ਨੂੰ ਵਧਾ ਅਤੇ ਹਜ਼ਾਰ ਹੱਥਾਂ ਦੀ ਉਦਾਰਤਾ ਨਾਲ ਉਸ ਨੂੰ ਯੋਗ ਅਧਿਕਾਰੀਆਂ ਤੇ ਸਾਰੇ ਸੁਪਾਤਰਾਂ ਵਿਚ ਵੰਡ ਦੇ।"[1]

ਯਜੁਰ ਵੇਦ ਵਿਚ ਇਸ ਸੰਕਲਪ ਦਾ ਇਕ ਪੱਖ ਹੋਰ ਉਘੜਦਾ ਹੈ ਜਦੋਂ ਸੇਵਾ ਭਾਵਨਾ ਵਾਲੇ ਅਥਵਾ ਕਲਿਆਣਕਾਰੀ ਮਨੁਖ ਨੂੰ ਸਤਿਕਾਰ ਨਾਲ 'ਭੱਦਰ' ਕਿਹਾ ਜਾਂਦਾ ਹੈ, ਜਿਵੇਂ ਹੇਠ ਲਿਖੀ ਟੂਕ ਵਿਚ:

> "ਹੇ ਭਗਵਾਨ ਜੋ ਭਦਰ ਅਥਵਾ ਕਲਿਆਣਕਾਰੀ ਹੈ ਉਹ ਸਾਨੂੰ ਪ੍ਰਾਪਤ ਕਰਵਾ।"[2]

ਯਜੁਰ ਵੇਦ ਵਿਚ ਹੀ ਇਕ ਹੋਰ ਥਾਂ ਇਹ ਮਹੱਤਵਪੂਰਨ ਸੰਕੇਤ ਮਿਲਦਾ ਹੈ ਕਿ ਇਸ ਵੇਦ ਦੇ ਲੇਖਕ 'ਸੇਵਾ' ਦੇ ਸੰਕਲਪ ਨੂੰ ਇਤਨਾ ਉੱਚਾ ਤੇ ਮਹਾਨ ਸਮਝਦੇ ਸਨ ਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸੇਵਾ ਮਨੁੱਖ ਨੂੰ ਸਮਾਜ ਵਿਚ ਉਨਤੀ ਵਲ ਲਿਜਾਣ ਵਾਲਾ ਇਕ ਅਜਿਹਾ ਵਿਲੱਖਣ ਸੰਕਲਪ ਹੈ ਜੋ ਕੇਵਲ ਅਸਾਧਾਰਨ ਮਨੁੱਖਾਂ ਨੂੰ ਹੀ ਪ੍ਰਾਪਤ ਹੁੰਦਾ ਹੈ ਅਰਥਾਤ ਸਾਧਾਰਨ ਵਿਅਕਤੀ ਇਸ ਮਹਾਨ ਅਤੇ ਉੱਤਮ ਬਖਸ਼ਿਸ਼ ਤੋਂ ਵੰਚਿਤ ਰਹਿ ਜਾਂਦੇ ਹਨ, ਯਥਾ:

> "ਸਾਨੂੰ ਐਸੇ ਭੱਦਰ ਅਥਵਾ ਕਲਿਆਣਕਾਰੀ ਸੰਕਲਪ ਸਭ ਪ੍ਰਕਾਰ ਦੇ ਪ੍ਰਾਪਤ ਹੋਣ ਜਿਹੜੇ ਅਵਚਲ (अविचल) ਹੋਣ ਜਿਨ੍ਹਾਂ ਨੂੰ

---

1. शत हस्त समाहरसहस्त्र हस्त संकिर ।अथर्व० 3/24/55।
   ਉਧਰਿਤ: ਜਗਤ ਪ੍ਰਿਯ, "ਵੈਦਿਕ ਭਗਤੀ ਦੇ ਪ੍ਰਕਾਰ ਤੇ ਸਾਧਨ", ਭਗਤੀ ਕਾਵਿ, ਪੰਨਾ 8

2. यद् भद्रं तन्न आ सुव ।यजु० 30/3।
   ਉਧਰਿਤ: ਮੰਗਲਦੇਵ ਸ਼ਾਸਤਰੀ, ਭਾਰਤੀਯ ਸੰਸਕ੍ਰਿਤੀ ਕਾ ਵਿਕਾਸ, ਪੰਨਾ 114

> ਸਾਧਾਰਣ ਮਨੁੱਖ ਨਹੀਂ ਸਮਝਦੇ ਅਤੇ ਜਿਹੜੇ ਸਾਨੂੰ ਉਪਰੋਕਤ ਉਨਤੀ ਵੱਲ ਲਿਜਾਣ ਵਾਲੇ ਹੋਣ।"[1]

ਇਸ ਪ੍ਰਕਾਰ ਵੇਦ ਸਾਹਿਤ ਵਿਚ 'ਸੇਵਾ' ਨੂੰ ਸਮਾਜਕ ਵਿਵਸਥਾ ਵਿਚ ਬੱਝ ਚੁਕੇ ਮਨੁੱਖਾਂ ਦੇ ਪਦਾਰਥਕ ਸੰਦਰਭ ਵਿਚ ਪਰਸਪਰ ਰਿਸ਼ਤਿਆਂ ਨੂੰ ਮਜ਼ਬੂਤ ਬਨਾਉਣ ਵਾਲਾ ਇਕ ਬਹੁਤ ਹੀ ਵਧੀਆ ਸਦਾਚਾਰਕ ਮਾਧਿਅਮ ਮੰਨਿਆ ਗਿਆ ਹੈ।

ਉਪਨਿਸ਼ਦ-ਸਾਹਿਤ ਵਿਚ ਸੇਵਾ ਦਾ ਸੰਕਲਪ।

ਗਿਆਨ-ਸਾਹਿਤ ਦੇ ਖੇਤਰ ਵਿਚ ਵੇਦਾਂ ਤੋਂ ਬਾਅਦ ਉਪਨਿਸ਼ਦ ਆਉਂਦੇ ਹਨ। ਬੁਨਿਆਦੀ ਰੂਪ ਵਿਚ ਸ਼ਬਦ 'ਉਪਨਿਸ਼ਦ' ਦਾ ਅਰਥ ਹੈ ਗੁਪਤ ਜਾਂ ਰਹੱਸਾਤਮਿਕ ਸਿਖਿਆ ਜਿਹੜੀ ਸਿਖਿਆਰਥੀ ਆਪਣੇ ਅਧਿਆਪਕ ਤੋਂ ਗ੍ਰਹਿਣ ਕਰਦਾ ਹੈ। ਅਸਲ ਵਿਚ ਭਾਰਤੀ ਦਰਸ਼ਨ ਦੀ ਸਿਧਾਂਤਕ ਵਿਚਾਰਧਾਰਾ ਦਾ ਆਰੰਭ ਉਪਨਿਸ਼ਦਾਂ ਤੋਂ ਹੀ ਹੁੰਦਾ ਹੈ। ਇਨ੍ਹਾਂ ਵਿਚ ਵੇਦਾਂ ਦੁਆਰਾ ਗ੍ਰਹਿਣ ਕੀਤੇ ਗਏ ਗਿਆਨ ਨੂੰ ਸੋਧ ਵਿਚ ਨਿਯਮਬੱਧ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਉਪਨਿਸ਼ਦਾਂ ਵਿਚ ਭਾਵੇਂ ਸੇਵਾ ਦੇ ਕੁਝ ਹੋਰ ਪੱਖ ਵੀ ਉਘੜਕੇ ਸਾਹਮਣੇ ਆਏ ਹਨ, ਪਰੰਤੂ ਮੁਖ ਰੂਪ ਵਿਚ ਵੇਦਾਂ ਵਾਂਗ ਉਪਨਿਸ਼ਦਾਂ ਵਿਚ ਵੀ ਸੇਵਾ ਦੇ ਪ੍ਰਸੰਗ ਵਿਚ ਪਦਾਰਥਕ ਸੰਦਰਭ ਨੂੰ ਹੀ ਪਹਿਲ ਮਿਲੀ ਹੈ। ਉਦਾਹਰਣ ਵਜੋਂ:

> "ਛਾਂਦੋਗਯ ਉਪਨਿਸ਼ਦ ਵਿਚ ਸਭ ਤੋਂ ਮਹਾਨ ਤੇ ਪਹਿਲੀ ਸੇਵਾ ਭੋਜਨ ਸੇਵਾ ਦੱਸੀ ਗਈ ਹੈ, ਕਿਉਂਕਿ ਭੋਜਨ ਨਾਲ ਹੀ ਮਨੁਖੀ ਸਰੀਰ ਵਿਚ ਪ੍ਰਾਣਾਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ।"[2]

---

1. आ नो भद्रा: क्रतवो यन्तु विश्वतो -
   दब्धासो अपरीतास उद्भिद: ।यजु० 25/14।
   ਉਧਰਿਤ: ਮੰਗਲਦੇਵ ਸ਼ਾਸਤਰੀ, ਭਾਰਤੀਯ ਸੰਸਕ੍ਰਿਤੀ ਕਾ ਵਿਕਾਸ, ਪੰਨਾ 114

2. Therefore that food which may come first should be an offering, The first offering he offers he should offer sayihg, 'hail to the prana breath'. The prana breath is satisfied. (Chandogya Upanisad, V. 19.1)

   Ref. S. Radhakrishnan, The Principal Upanisads, p. 441

ਤੈਤਰੀਆ/ਉਪਨਿਸ਼ਦ ਵਿਚ ਦਾਨ ਉਤੇ ਜ਼ੋਰ ਦਿੱਤਾ ਗਿਆ ਹੈ। ਇਸ ਵਿਚ ਵਿਅਕਤ ਹੋਈ ਧਾਰਣਾ ਅਨੁਸਾਰ ਦਾਨ ਸਾਡੀ ਲੋਭੀ ਆਦਤ ਨੂੰ ਦੂਰ ਕਰਦਾ ਹੈ ਅਤੇ ਇਸ ਨਾਲ ਜ਼ਰੂਰਤਮੰਦ ਦੀ ਜ਼ਰੂਰਤ ਪੂਰੀ ਹੁੰਦੀ ਹੈ। ਇਸ ਲਈ ਦਾਨ ਵੀ ਸ਼ਰਧਾ ਭਾਵ, ਖੁਲ੍ਹੇ ਦਿਲ, ਨਿਮਰਤਾ ਅਤੇ ਹਮਦਰਦੀ ਨਾਲ ਦੇਣ ਦੀ ਪ੍ਰੇਰਨਾ ਕੀਤੀ ਗਈ ਹੈ।[1]

ਛੰਦੋਗਯ ਉਪਨਿਸ਼ਦ ਵੀ ਇਸ ਗੱਲ ਨੂੰ ਅੱਗੇ ਤੋਰਦਾ ਹੈ। ਇਸ ਅਨੁਸਾਰ ਜੋ ਪ੍ਰਾਣੀ ਸੇਵਾ ਭਾਵ ਰਖਦੇ ਹਨ ਅਤੇ ਦਾਨ ਦਿੰਦੇ ਹਨ ਉਹ ਅੰਧਕਾਰ 'ਚੋਂ ਪਿਤਰਾਂ ਦੇ ਸੰਸਾਰ ਵਿਚ ਪਹੁੰਚ ਜਾਂਦੇ ਹਨ, ਪਿਤਰਾਂ ਤੋਂ ਬਾਅਦ ਆਕਾਸ਼ ਵਿਚ ਤੇ ਫਿਰ ਗੁਰਮੁਖਾਂ ਦੀ ਗਤੀ ਪ੍ਰਾਪਤ ਕਰ ਲੈਂਦੇ ਹਨ।[2]

ਪਰੰਤੂ ਮੁੰਡਕਾ ਉਪਨਿਸ਼ਦ ਵਿਚ ਸੇਵਾ ਦਾ ਇਕ ਹੋਰ ਮਹੱਤਵਪੂਰਨ ਪੱਖ ਉਘੜਕੇ ਸਾਹਮਣੇ ਆਇਆ ਹੈ। ਇਸ ਉਪਨਿਸ਼ਦ ਅਨੁਸਾਰ ਸ਼ਿਸ਼ ਨੂੰ ਆਪਣੇ ਗੁਰੂ ਕੋਲ ਬੜੀ ਦੀਨਤਾ, ਨਿਮਰਤਾ ਅਤੇ ਸੇਵਾ ਭਾਵ ਨਾਲ ਜਾਣਾ ਚਾਹੀਦਾ ਹੈ।[3] ਇਸ ਤਰ੍ਹਾਂ ਦਾਨ ਦੇਣ ਜਾਂ ਆਪਣੀਆਂ ਪਦਾਰਥਕ ਪ੍ਰਾਪਤੀਆਂ ਵਿਚੋਂ ਕਿਸੇ ਵਸਤੂ ਨਾਲ ਕਿਸੇ ਲੋੜਵੰਦ ਦੀ ਸਹਾਇਤਾ ਕਰਨ ਦੀ ਥਾਂ ਆਪਣੇ ਤਨ ਮਨ ਨਾਲ ਆਪਣੇ ਤੋਂ ਉਚੇਰੀ ਪ੍ਰਤਿਭਾ ਵਾਲੇ ਵਿਅਕਤੀ ਅਰਥਾਤ ਗੁਰੂ ਰੂਪੀ ਮਹਾਂਪੁਰਸ਼ ਦੀ ਸ਼ੁੱਧ ਮਨ ਨਾਲ ਅਤੇ ਆਪਣੇ ਹੱਥੀਂ ਸੇਵਾ ਕਰਨ ਦੀ ਪ੍ਰੇਰਨਾ ਹੈ।

---

1. Dana enjoys gifts. It is negatively freedom from greed and positively assistance to those in need. There is no hope of immortality by wealth. Possessiveness is condemned. The Taittiriya Upanisad regulates the art of giving. One should give with faith, one should not give without faith, one should give liberally, with modesty, with fear, with sympaty.

   Ref.S.Radhakrishnan, The Principal Upanisads, p. 110-111

2. Those who offer sacrifices and do deeds of charity go to the region of shade; from shade to night, the world of fathers; from the world of the fathers to the realm of ether; from ether to Soma.

   (Chandogya Upanisad,V.x3-4)

   Ref.Swami Prabhananda, The Spiritual Heritage of India, p. 69

3. Approach a teacher with humility and with a desire to serve.

   (Mundika Upanisad I.ii.12)

   Ref. Ibid, p. 29

ਇਉਂ ਅਸੀਂ ਦੇਖਦੇ ਹਾਂ ਕਿ ਉਪਨਿਸ਼ਦਾਂ ਵਿਚ ਭੋਜਨ ਦੀ ਸੇਵਾ ਨੂੰ, ਜਿਸ ਵਿਚ ਖਾਣ ਤੇ ਪੀਣ ਦੀਆਂ ਸਾਰੀਆਂ ਵਸਤੂਆਂ ਸ਼ਾਮਲ ਹਨ, ਸਭ ਤੋਂ ਉੱਤਮ ਸੇਵਾ ਮੰਨਿਆ ਗਿਆ ਹੈ। ਇਕ ਤਰ੍ਹਾਂ ਨਾਲ ਭੁੱਖੇ ਮਨੁੱਖ ਨੂੰ, ਜਿਸ ਵਿਚ ਪ੍ਰਭੂ ਦੀ ਆਤਮਾ ਹੀ ਨਿਵਾਸ ਕਰਦੀ ਹੈ, ਭੋਜਨ ਖੁਆਉਣਾ ਅਪ੍ਰਤੱਖ ਰੂਪ ਵਿਚ ਪ੍ਰਭੂ ਦੀ ਸੇਵਾ ਹੀ ਹੈ। ਪਰੰਤੂ ਇਸ ਦੇ ਨਾਲ ਹੀ ਗੁਰੂ ਰੂਪੀ ਮਹਾਂਪੁਰਸ਼ ਦੀ ਨਿਮਰਤਾ ਭਾਵ ਅਤੇ ਤਨ ਮਨ ਨਾਲ ਕੀਤੀ ਗਈ ਸੇਵਾ ਉਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।

## ਬੁੱਧ ਮੱਤ ਵਿਚ ਸੇਵਾ:

ਬੁੱਧ ਮੱਤ ਏਸ਼ੀਆ ਦਾ ਇਕ ਮਹੱਤਵਪੂਰਨ ਮੱਤ ਹੈ, ਜਿਹੜਾ ਭਾਰਤ ਨਾਲੋਂ ਵੀ ਵਧੇਰੇ ਬਾਹਰਲੇ ਦੇਸ਼ਾਂ ਵਿਚ ਜ਼ਿਆਦਾ ਫੈਲਿਆ। ਬੁੱਧ ਮੱਤ ਦੇ ਅਸ਼ਟਾਂਗ ਮਾਰਗ ਵਿਚ ਸੇਵਾ ਸੰਕਲਪ ਦੀ ਕੇਂਦਰੀ, ਵਿਲੱਖਣ ਤੇ ਮਹੱਤਵਪੂਰਨ ਥਾਂ ਹੈ। ਮਹਾਤਮਾ ਬੁੱਧ ਨੇ ਆਪ ਆਪਣੇ ਜੀਵਨ ਕਾਲ ਦੌਰਾਨ ਰਾਜ ਭਾਗ ਦਾ ਤਿਆਗ ਕਰਕੇ ਦੁੱਖਾਂ ਨਾਲ ਪੀੜਤ ਮਨੁੱਖਤਾ ਦੀ ਸੇਵਾ ਲਈ ਜੋ ਸੰਘਰਸ਼ ਕੀਤਾ, ਉਹ ਸਮੁੱਚੇ ਭਾਰਤ ਦੇ ਇਤਿਹਾਸ ਵਿਚ ਸੇਵਾ ਭਾਵਨਾ ਦੀ ਇਕ ਸੁੰਦਰ ਮਿਸਾਲ ਹੈ। ਬੁੱਧ ਮੱਤ ਭਾਰਤ ਦਾ ਪਹਿਲਾ ਮੱਤ ਹੈ ਜਿਸ ਨੇ "ਪੂਜਾ ਦੇ ਕੇਂਦਰ ਭਗਵਾਨ ਦੀ ਸੇਵਾ ਨੂੰ ਮਨੁੱਖ ਦੀ ਸੇਵਾ ਵਿਚ ਤਬਦੀਲ ਕੀਤਾ।"[1] ਇਸੇ ਲਈ ਅਕਸਰ ਇਹ ਕਿਹਾ ਜਾਂਦਾ ਹੈ ਕਿ ਬੁੱਧ ਧਰਮ ਮੂਲ ਰੂਪ ਵਿਚ ਨਾਸਤਕ ਮੱਤ ਦੇ ਰੂਪ ਵਿਚ ਉਭਰਦਾ ਹੈ ਪਰ ਨੈਤਿਕਤਾ ਦੇ ਖੇਤਰ ਵਿਚ ਇਸ ਦੇ ਅਸ਼ਟਾਂਗ ਮਾਰਗ ਦੀ ਸਰਵਉਚਤਾ ਵਿਸ਼ੇਸ਼ ਮੰਨੀ ਗਈ ਹੈ। ਮਹਾਤਮਾ ਬੁੱਧ ਨੇ ਵੇਦਾਂ ਦੀ ਸਰਵਉਚਤਾ ਨੂੰ ਨਹੀਂ ਮੰਨਿਆ ਅਤੇ ਰੀਤਾਂ ਅਤੇ ਜੱਗਾਂ ਦੇ ਵਿਧੀ-ਵਿਧਾਨ ਦਾ ਵੀ ਖੰਡਨ ਕੀਤਾ ਹੈ। ਮਹਾਤਮਾ ਬੁੱਧ ਨੇ "ਅਹਿੰਸਾ ਦੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ ਹਿੰਦੂ ਧਰਮ ਵਿਚ ਕੁਰਬਾਨੀ ਸਮੇਂ ਪਸ਼ੂ ਬਲੀ ਉਤੇ ਵੀ ਕਿੰਤੂ ਕੀਤਾ ਹੈ।"[2] ਪਰੰਤੂ, ਉਨ੍ਹਾਂ ਨੇ ਮਨੁਖਤਾ ਦੀ ਸੇਵਾ ਦੁਆਰਾ ਆਪਣੇ ਉਤਮ ਅਧਿਆਤਮਕ ਵਿਕਾਸ ਦੀ ਗੱਲ ਜ਼ਰੂਰ ਕੀਤੀ ਹੈ ਅਤੇ ਇਸੇ ਵਿਚ ਬੁੱਧ ਧਰਮ ਦੇ ਨਿਰਵਾਣ ਮੱਤ ਦੀ ਫ਼ਿਲਾਸਫ਼ੀ ਸਮਾਈ ਹੋਈ ਹੈ।

---

1. Ancient Buddhism resembles positivism in its attempt to shift the centre from the worship of God to the service of Man.

   S. Radhakrishnan, Indian Philosophy, Vol. I, p. 357

2. ਹਰਬੰਸ ਸਿੰਘ ਤੇ ਹੋਰ, ਸੰਸਾਰ ਦੇ ਧਰਮ, ਅਨੁ. ਡਾ. ਭਗਤ ਸਿੰਘ, ਪੰਨਾ 100-101

ਬੁੱਧ ਮੱਤ ਦੇ ਮਹਾਨ ਪ੍ਰਚਾਰਕ ਮਹਾਰਾਜਾ ਅਸ਼ੋਕ ਨੇ ਗ਼ਰੀਬਾਂ ਅਤੇ ਲੋੜਵੰਦਾਂ ਦੀ ਸਹਾਇਤਾ ਕੀਤੀ। ਉਸਨੇ ਮਨੁੱਖਾਂ ਅਤੇ ਪਸ਼ੂ ਪੰਛੀਆਂ ਲਈ ਹਸਪਤਾਲ ਖੋਲ੍ਹੇ, ਯਾਤਰੀਆਂ ਲਈ ਆਰਾਮ ਕਰਨ ਦੀ ਥਾਂ ਦਾ ਪ੍ਰਬੰਧ ਕੀਤਾ, ਸੜਕਾਂ ਉਤੇ ਥੋੜ੍ਹੇ ਥੋੜ੍ਹੇ ਫ਼ਾਸਲੇ ਉਤੇ ਖੂਹ, ਪਾਣੀ ਦੇ ਹੌਜ਼ ਅਤੇ ਸਰਾਵਾਂ ਬਣਾਈਆਂ। ਉਸਨੇ ਆਪਣੇ ਸਿਲਾਲੇਖਾਂ ਵਿਚੋਂ ਇਕ ਵਿਚ ਲਿਖਿਆ ਹੈ, "ਮੇਰੀ ਇੱਛਾ ਹੈ ਕਿ ਮੇਰੀ ਜਨਤਾ ਉਸ ਤਰ੍ਹਾਂ ਹੀ ਖੁਸ਼ ਰਹੇ ਜਿਵੇਂ ਕਿ ਮੈਂ ਆਪਣੇ ਪੁੱਤਰਾਂ ਦੀ ਖੁਸ਼ੀ ਲੋੜਦਾ ਹਾਂ।"[1]

ਮਹਾਤਮਾ ਬੁੱਧ ਦੁਆਰਾ ਨਿਰਵਾਣ ਪ੍ਰਾਪਤੀ ਤੋਂ ਉਪਰੰਤ ਜਦੋਂ ਬੁੱਧ ਧਰਮ ਹੀਨਯਾਨ ਅਤੇ ਮਹਾਯਾਨ ਦੋ ਸੰਪ੍ਰਦਾਵਾਂ ਵਿਚ ਵੰਡਿਆ ਗਿਆ, ਤਾਂ ਮਹਾਯਾਨ ਸੰਪ੍ਰਦਾਇ ਨਾਲ ਸੰਬੰਧਿਤ ਭਿਖਸ਼ੂਆਂ ਨੇ ਸੇਵਾ ਦੇ ਸੰਕਲਪ ਨੂੰ ਹੋਰ ਵਧੇਰੇ ਨਿਮਰਤਾ, ਸ਼ੁੱਧਤਾ ਅਤੇ ਦ੍ਰਿੜ੍ਹਤਾ ਨਾਲ ਅਪਣਾਇਆ। ਇਸੇ ਲਈ ਸਰਬ ਸੰਮਤੀ ਨਾਲ ਇਸ ਤੱਥ ਨੂੰ ਸਵੀਕਾਰ ਕੀਤਾ ਗਿਆ ਕਿ ਮਹਾਯਾਨੀਆਂ ਨੇ ਹੀ 'ਬੋਧੀ ਸੱਤਵ' ਦੇ ਆਦਰਸ਼ ਨੂੰ ਪ੍ਰਾਪਤ ਕੀਤਾ। "ਹਰ ਬੋਧੀ ਸੱਤਵ ਪ੍ਰਾਪਤ ਕਰਨ ਵਾਲੇ ਦਾ ਇਹ ਫ਼ਰਜ਼ ਸੀ ਕਿ ਉਹ ਗਿਆਨ ਵੀ ਪ੍ਰਾਪਤ ਕਰੇ ਅਤੇ ਬੇਲਾਗ ਹੋ ਕੇ ਮਨੁਖਤਾ ਦੀ ਸੇਵਾ ਵੀ ਕਰੇ।"[2] ਇਸ ਮੱਤ ਦੇ ਸੇਵਾ ਸੰਕਲਪ ਦੇ ਅੰਤਰਗਤ ਨਿੱਜੀ ਮੁਕਤੀ ਇਤਨਾ ਮਹੱਤਵ ਨਹੀਂ ਰਖਦੀ, ਜਿਤਨੀ ਕਿ ਸਮੂਹਿਕ ਉਨਤੀ ਜ਼ਰੂਰੀ ਹੈ।

ਪੂਜਾ ਦਾ ਕੇਂਦਰੀ ਬਿੰਦੂ ਭਗਵਾਨ ਦੀ ਥਾਂ ਮਨੁੱਖ ਨੂੰ ਬਣਾ ਕੇ ਬੁੱਧ ਮੱਤ ਨੇ ਸੇਵਾ ਦੇ ਸੰਕਲਪ ਨੂੰ ਨੈਤਿਕਤਾ ਦੀਆਂ ਬਹੁਤ ਉਚੀਆਂ ਸਿਖਰਾਂ ਤਕ ਪਹੁੰਚਾ ਦਿੱਤਾ। ਉਸ ਨੇ ਗਿਆਨ ਦੇ ਸੰਕਲਪ ਨੂੰ ਸਿੱਧੇ ਤੌਰ ਤੇ ਸੇਵਾ ਦੇ ਸੰਕਲਪ ਨਾਲ ਜੋੜ ਦਿੱਤਾ। ਇਸ ਨਾਲ ਇਕ ਨਵਾਂ ਸੰਕਲਪ ਇਹ ਸਾਹਮਣੇ ਆਇਆ ਕਿ ਸੇਵਾ ਇਕ ਵਰਦਾਨ ਹੈ, ਜਿਸਦੀ ਪ੍ਰਾਪਤੀ ਲਈ ਪਹਿਲਾਂ ਗਿਆਨ ਪ੍ਰਾਪਤ ਹੋਣਾ ਜ਼ਰੂਰੀ ਹੈ। ਗਿਆਨ ਦੀ ਘਾਟ ਜਾਂ ਅਵਿਦਿਆ ਹਉਮੈਂ ਦਾ ਕੇਂਦਰ ਬਣਦੀ ਹੈ। ਇਸ ਲਈ ਬੁੱਧ ਮੱਤ ਵਿਚ ਇਹ ਜ਼ਰੂਰੀ ਸਮਝਿਆ ਗਿਆ ਕਿ ਗਿਆਨ ਦੀ ਪ੍ਰਾਪਤੀ ਲਈ ਹਉਮੈਂ ਦਾ ਵਿਨਾਸ਼ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਹਉਮੈਂ ਦੇ ਤਿਆਗ ਨਾਲ ਗਿਆਨ ਦੀ ਪ੍ਰਾਪਤੀ

1. ਹਰਬੰਸ ਸਿੰਘ ਤੇ ਹੋਰ, ਸੰਸਾਰ ਦੇ ਧਰਮ, ਅਨੁ. ਡਾ. ਭਗਤ ਸਿੰਘ, ਪੰਨਾ 113
2. ਹਰੀ ਚੰਦ ਪਾਰਾਸ਼ਰ, "ਬੁੱਧ ਮੱਤ ਅਤੇ ਭਗਤੀ", ਭਗਤੀ ਕਾਵਿ, ਪੰਨਾ 26

ਤੋਂ ਉਪਰੰਤ ਕੀਤੀ ਹੋਈ ਸੇਵਾ ਨਿਸ਼ਕਾਮ ਸੇਵਾ ਦੇ ਬਹੁਤ ਨੇੜੇ ਆ ਗਈ।

ਬੁੱਧ ਮੱਤ ਦੇ ਸੇਵਾ ਸੰਕਲਪ ਨੂੰ ਸੰਪੂਰਨ ਰੂਪ ਵਿਚ ਸਮਝਣ ਲਈ ਇਸਦੇ ਨੈਤਿਕ ਉਪਦੇਸ਼ ਨੂੰ ਸਮਝਣਾ ਬੜਾ ਜ਼ਰੂਰੀ ਹੈ ਅਤੇ ਇਸ ਮੱਤ ਦੀ ਨੈਤਿਕਤਾ ਦਾ ਆਧਾਰ ਇਸਦਾ ਅਸ਼ਟਾਂਗ ਮਾਰਗ ਹੈ ਜਿਵੇਂ - (1) ਠੀਕ ਦ੍ਰਿਸ਼ਟੀ (2) ਠੀਕ ਸੰਕਲਪ, (3) ਠੀਕ ਬਾਣੀ, (4) ਠੀਕ ਕਰਮ, (5) ਠੀਕ ਰੋਜ਼ੀ, (6) ਠੀਕ ਯਤਨ, (7) ਠੀਕ ਸਮ੍ਰਿਤੀ ਅਤੇ (8) ਠੀਕ ਸਮਾਧੀ।

ਉਪਰੋਕਤ ਸੰਦਰਭ ਵਿਚ ਠੀਕ ਦ੍ਰਿਸ਼ਟੀ ਦਾ ਭਾਵ ਜੀਵਨ ਪ੍ਰਤੀ ਸਹੀ ਗਿਆਨ ਨੂੰ ਸਮਝਣਾ ਹੈ। ਮਹਾਤਮਾ ਬੁੱਧ ਅਨੁਸਾਰ "ਜਿਹੜਾ ਵਿਸ਼ਵਾਸ਼ ਸੰਜਮ ਤੋਂ ਸ਼ਾਂਤੀ ਵੱਲ ਲੈ ਜਾਂਦਾ ਹੈ ਉਹੀ ਸੱਚਾ ਗਿਆਨ ਹੈ।"[1] ਇਸ ਵਿਚਾਰ ਅਨੁਸਾਰ ਆਪਣੇ ਆਲੇ ਦੁਆਲੇ ਦੇ ਜੀਵਨ ਵਿਚ ਸ਼ਾਂਤੀ ਵੇਖਣਾ, ਲਾਲਚ ਤੋਂ ਬਚਣਾ ਅਤੇ ਸੰਤੋਖੀ ਅਥਵਾ ਸੰਜਮੀਂ ਹੋਣਾ ਇਕ ਪ੍ਰਕਾਰ ਦੀ ਬੌਧਿਕ ਸੇਵਾ ਹੈ ਜੋ ਕਿ ਸਮਾਜ ਲਈ ਵੀ ਅਤੇ ਨਿੱਜ ਲਈ ਵੀ ਅਨਿਵਾਰੀ ਹੈ। ਇਸਦਾ ਦੂਸਰਾ ਮਾਰਗ ਠੀਕ ਸੰਕਲਪ ਹੈ ਜਿਸਦਾ ਭਾਵ ਹੈ ਕਿ ਮਨੁਖ ਦਾ ਇਰਾਦਾ ਠੀਕ ਹੋਣਾ ਚਾਹੀਦਾ ਹੈ, ਭਾਵ ਮਨੁੱਖ ਧੁਰ ਅੰਦਰੋਂ ਦੂਜੇ ਪ੍ਰਾਣੀਆਂ ਲਈ ਦਇਆ ਭਾਵਨਾ ਰਖੇ। ਕਿਉਂਕਿ ਸੰਕਲਪ ਹੀ ਕਰਮਾਂ ਦਾ ਰੂਪ ਧਾਰਨ ਕਰਦਾ ਹੈ, ਇਸ ਲਈ ਸੱਚੀ ਸੇਵਾ ਮਨ-ਬਿਰਤੀਆਂ ਦੇ ਸੰਕਲਪ ਨੂੰ ਸ਼ੁੱਧ ਰਖਣ ਵਿਚ ਹੈ। ਇਸੇ ਦੇ ਆਧਾਰ ਤੇ ਮਨੁੱਖ ਬਾਹਰੀ ਜਗਤ ਵਿਚ ਵਿਵਹਾਰ ਕਰਦਾ ਹੈ। ਬੁੱਧ ਮੱਤ ਨੇ ਨੈਤਿਕ ਸੇਵਾ ਦੇ ਖੇਤਰ ਵਿਚ ਠੀਕ ਬਾਣੀ ਨੂੰ ਵੀ ਸੱਚੀ ਸੇਵਾ ਮੰਨਿਆ ਹੈ। ਸੱਚ ਬੋਲਣਾ ਅਤੇ ਆਪਣੇ ਬੋਲਾਂ ਦੁਆਰਾ ਕਿਸੇ ਦਾ ਹਿਰਦਾ ਪੀੜਤ ਨਾ ਕਰਨਾ ਵੀ ਮਨੁੱਖ ਮਾਤਰ ਦੀ ਉੱਚੀ ਤੇ ਸੁੱਚੀ ਸੇਵਾ ਹੈ। ਠੀਕ ਬਾਣੀ ਸੇਵਾ ਇਸ ਲਈ ਵੀ ਹੈ ਕਿਉਂਕਿ ਮਿੱਠਾ ਬੋਲਣ ਨਾਲ ਆਪਣੇ ਆਪ ਨੂੰ ਵੀ ਅਤੇ ਹੋਰ ਸੰਪਰਕ ਵਿਚ ਆਉਣ ਵਾਲਿਆਂ ਨੂੰ ਵੀ ਠੰਡਕ ਤੇ ਸ਼ਾਂਤੀ ਮਿਲਦੀ ਹੈ।

ਬੁੱਧ ਮੱਤ ਦਾ ਸੰਕਲਪ ਠੀਕ ਕਰਮ ਕਰਨ ਤੇ ਵੀ ਬਹੁਤ ਬਲ ਦਿੰਦਾ ਹੈ। ਇਸ ਮੱਤ ਅਨੁਸਾਰ ਕਰਮ ਦੋ ਕਿਸਮ ਦੇ ਹਨ - (1) ਪਵਿੱਤਰ ਕਰਮ, (2) ਅਪਵਿੱਤਰ ਕਰਮ। ਅਪਵਿੱਤਰ ਕਰਮ ਮਨੁੱਖ ਦੇ ਬੰਧਨ ਦਾ ਕਾਰਨ ਬਣਦੇ ਹਨ ਅਤੇ ਪਵਿੱਤਰ ਕਰਮ ਮੁਕਤੀ ਵਲ ਲਿਜਾਂਦੇ ਹਨ। ਦੂਸਰੇ ਜੀਵਾਂ ਲਈ ਦਇਆਭਾਵਨਾ ਰਖਣਾ ਤੇ ਲੋੜਵੰਦਾਂ ਦੀ ਸਹਾਇਤਾ ਕਰਨਾ ਹੀ ਪਵਿੱਤਰ ਕਰਮ ਹਨ।

---

1. ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 111

ਬੁੱਧ ਮੱਤ ਦੀ ਸੇਵਾ ਦਾ ਇਕ ਸਰੂਪ ਸੁੱਚੀ ਕਿਰਤ ਦੁਆਰਾ ਰੋਜ਼ੀ ਕਮਾਉਣਾ ਵੀ ਹੈ। ਈਮਾਨਦਾਰੀ ਨਾਲ ਰੋਜ਼ੀ ਕਮਾਉਣੀ ਅਤੇ ਚੋਰੀ, ਧੋਖਾ, ਭ੍ਰਿਸ਼ਟਾਚਾਰ ਨਾਲ ਕਿਸੇ ਦਾ ਹੱਕ ਮਾਰਨਾ ਆਦਿ ਬੁਰਾਈਆਂ ਤੋਂ ਬਚਣਾ ਵੀ ਇਕ ਪ੍ਰਕਾਰ ਦੀ ਸੱਚੀ ਸੇਵਾ ਹੈ। ਸਮਾਜਿਕ ਤੌਰ ਤੇ ਇਹ ਇਕ ਮਹਾਨ ਸੇਵਾ-ਸੰਕਲਪ ਵਾਲਾ ਵਿਚਾਰ ਹੈ। ਬੁੱਧ ਮੱਤ ਦਾ ਛੇਵਾਂ ਅਸੂਲ ਠੀਕ ਯਤਨ ਹੈ ਜਿਸ ਦਾ ਭਾਵ ਸੁਚੇਤ ਰਹਿਣ ਤੋਂ ਹੈ ਤਾਂ ਕਿ ਮਨ, ਬਚਨ ਅਤੇ ਕਰਮ ਕਰਕੇ ਕਿਸੇ ਨਾਲ ਬੇਇਨਸਾਫ਼ੀ ਨਾ ਹੋ ਜਾਵੇ; ਇਸ ਲਈ ਹਰ ਬੁਰੇ ਵਿਚਾਰ ਨੂੰ ਉਪਜਣ ਤੋਂ ਪਹਿਲਾਂ ਹੀ ਸੁਚੇਤ ਹੋ ਕੇ ਨਾਸ਼ ਕਰ ਦੇਣਾ ਵੀ ਇਕ ਪ੍ਰਕਾਰ ਦੀ ਸੇਵਾ ਹੈ।

ਠੀਕ ਸਮ੍ਰਿਤੀ ਵੀ ਇਕ ਪ੍ਰਕਾਰ ਦੀ ਸੇਵਾ ਹੈ। ਬੁੱਧ ਮੱਤ ਅਨੁਸਾਰ ਜੇ ਸਮ੍ਰਿਤੀ ਠੀਕ ਹੋਵੇ ਤਾਂ ਸੱਦ-ਵਿਚਾਰ ਅਤੇ ਸੱਦ-ਵਿਵਹਾਰ ਆਪਣੇ ਆਪ ਉਪਜਦੇ ਹਨ। ਸੱਦ-ਵਿਚਾਰ ਅਤੇ ਸੱਦ-ਵਿਹਾਰ ਸੇਵਾ ਭਾਵਨਾ ਦੀ ਹੀ ਉਪਜ ਹਨ। ਮਾਨਸਿਕ ਬੁਰਾਈਆਂ ਤੋਂ ਖ਼ਬਰਦਾਰ ਰਹਿਣਾ ਵੀ ਸੱਚੀ ਸੇਵਾ ਹੈ।

ਬੁੱਧ ਮੱਤ ਵਿਚ ਯੋਗ ਸਾਧਨਾ ਦੀ ਭਰਪੂਰ ਪ੍ਰੇਰਨਾ ਦਿੱਤੀ ਗਈ ਹੈ। ਇਹ ਸਾਧਨਾ ਧਿਆਨ ਤੋਂ ਆਰੰਭ ਹੁੰਦੀ ਹੈ ਅਤੇ ਨਿਰਵਾਣ ਤਕ ਸਫ਼ਰ ਕਰਦੀ ਹੈ। ਮਹਾਤਮਾ ਬੁੱਧ ਨੇ ਇਸ ਅਵਸਥਾ ਨੂੰ ਠੀਕ ਸਮਾਧੀ ਦਾ ਨਾਮ ਦਿੱਤਾ ਹੈ। ਭਾਵੇਂ ਬੁੱਧ ਮੱਤ ਅਨੁਸਾਰ ਨਿਰਵਾਣ ਨੂੰ ਆਨੰਦਹੀਣ ਅਵਸਥਾ ਮੰਨਿਆ ਗਿਆ ਹੈ, ਫਿਰ ਵੀ ਇਥੇ ਤਕ ਪੁੱਜਣ ਲਈ ਮਹਾਤਮਾ ਬੁੱਧ ਨੇ ਜੋ ਸਾਧਨ ਦਰਸਾਏ ਹਨ, ਉਹ ਸਾਰੇ ਹੀ ਸਮਾਜਿਕ ਸੇਵਾ ਅਤੇ ਵਿਅਕਤੀਗਤ ਭਾਵਨਾ ਪੱਖੋਂ ਬੜੇ ਮਹਾਨਤਾ ਵਾਲੇ ਹਨ। ਕਿਉਂਕਿ ਵਿਅਕਤੀਆਂ ਦੇ ਸਮੂਹ ਨਾਲ ਹੀ ਸਮਾਜ ਬਣਦਾ ਹੈ, ਇਸ ਲਈ ਵਿਅਕਤੀਗਤ ਤੌਰ ਤੇ ਉਚੇਰਾ ਜੀਵਨ ਜੀਉਣਾ ਵੀ ਇਕ ਪ੍ਰਕਾਰ ਦੀ ਸਮਾਜਿਕ ਸੇਵਾ ਹੀ ਹੈ। ਬੁੱਧ ਮੱਤ ਵਿਚ ਨੈਤਿਕ ਸੇਵਾ ਦਾ ਵਿਚਾਰ ਬਹੁਤ ਬਲਵਾਨ ਤੇ ਮਹੱਤਵਪੂਰਨ ਹੈ।

## ਜੈਨ ਮੱਤ:

ਬੁੱਧ ਮੱਤ ਵਾਂਗ ਜੈਨ ਮੱਤ ਵਿਚ ਵੀ ਸੇਵਾ ਦਾ ਸੰਕਲਪ ਕੇਵਲ ਪਦਾਰਥਕ ਸੰਦਰਭ ਤਕ ਸੀਮਤ ਨਹੀਂ। ਧਾਰਮਿਕ ਅਤੇ ਨੈਤਿਕ ਸੰਦਰਭਾਂ ਵਿਚ ਇਸਨੂੰ ਇਤਨੀ ਵਿਸ਼ੇਸ਼ ਥਾਂ ਮਿਲੀ ਕਿ ਪਦਾਰਥਕ ਸੰਦਰਭ ਵਿਚ ਵੀ ਧਾਰਮਿਕ ਭਾਵਨਾ ਨਾਲ ਹੀ ਸੇਵਾ ਕਰਨ ਦੀ ਹਦਾਇਤ ਹੈ।

ਡਾ. ਰਾਧਾ ਕ੍ਰਿਸ਼ਨਨ ਆਪਣੀ ਪੁਸਤਕ 'ਇੰਡੀਅਨ ਫ਼ਿਲਾਸਫ਼ੀ' ਵਿਚ ਜੈਨ ਮੱਤ ਉਤੇ ਵਿਚਾਰ ਕਰਦੇ ਹੋਏ ਲਿਖਦੇ ਹਨ ਕਿ ਉਹ ਸਾਰੇ ਕਰਮ, ਜੋ ਮਨ ਨੂੰ ਸ਼ਾਂਤੀ ਬਖਸ਼ਦੇ ਹਨ, ਪੁੰਨ

ਹਨ। ਮਾਨਸ਼ਿਕ ਸ਼ਾਂਤੀ ਨੂੰ ਪ੍ਰਾਪਤ ਕਰਨ ਲਈ ਜੋ ਸਾਧਨ ਦਸੇ ਗਏ ਹਨ, ਉਹ ਹਨ ਲੋੜਵੰਦ ਸਤਿਪਾਤਰ ਨੂੰ ਭੋਜਨ ਦੇਣਾ, ਪਿਆਸੇ ਨੂੰ ਪਾਣੀ ਪਿਲਾਉਣਾ, ਗਰੀਬਾਂ ਤੇ ਨੰਗਿਆਂ ਨੂੰ ਬਸਤਰ ਦੇਣਾ ਅਤੇ ਜੈਨ ਮੁਨੀਆਂ ਦੇ ਰਹਿਣ ਦਾ ਕਾਰਜ ਕਰਨਾ।[1]

ਇਸ ਟੂਕ ਵਿਚ ਜੈਨ ਮੁਨੀਆਂ ਦੇ ਰਹਿਣ ਦੇ ਪ੍ਰਬੰਧ ਦਾ ਨਿਖੇੜ ਕੇ ਜ਼ਿਕਰ ਕਰਨਾ ਇਸ ਤੱਥ ਵਲ ਸੰਕੇਤ ਹੈ ਕਿ ਇਹ ਸਭ ਤੋਂ ਉੱਤਮ ਸੇਵਾ ਹੈ, ਪਰੰਤੂ ਪਿਆਸੇ ਨੂੰ ਪਾਣੀ ਪਿਲਾਉਣਾ ਅਤੇ ਕਿਸੇ ਨੰਗੇ ਗ਼ਰੀਬ ਦਾ ਬਸਤਰ ਨਾਲ ਤਨ ਢਕਣ ਦੀ ਸੇਵਾ ਜੈਨ ਮੁਨੀਆਂ ਦੇ ਰਹਿਣ ਦੇ ਪ੍ਰਬੰਧ ਦੇ ਕਾਰਜ ਨਾਲੋਂ ਦੂਜੇ ਨੰਬਰ ਦੀ ਹੋਣ ਦੇ ਬਾਵਜੂਦ, ਜੈਨ ਮੱਤ ਅਨੁਸਾਰ ਮਾਨਸਿਕ ਸ਼ਾਂਤੀ ਦੀ ਪ੍ਰਾਪਤੀ ਦਾ ਇਕ ਜ਼ਰੂਰੀ ਸਾਧਨ ਹੈ।

ਜੈਨ ਮੱਤ ਵਿਚ ਇੱਛਾਵਾਂ ਅਤੇ ਮਨੋਬਿਰਤੀਆਂ ਉਤੇ ਕਾਬੂ ਪਾ ਕੇ ਉਚਤਮ ਲਕਸ਼, ਮੋਕਸ਼ ਅਥਵਾ ਨਿਰਵਾਣ ਪ੍ਰਾਪਤ ਕਰਨਾ ਹੈ। ਜੈਨ ਮੱਤ ਅਨੁਸਾਰ ਗਿਆਨ ਦਾ ਅਰਥ ਕੇਵਲ ਕਿਤਾਬੀ ਗਿਆਨ ਹੀ ਨਹੀਂ ਅਤੇ ਨਾ ਹੀ ਪਵਿੱਤਰ/ਆਚਰਣ ਦਾ ਅਰਥ ਯੱਗ ਆਦਿ ਕਰਕੇ ਦੇਵਤਿਆਂ ਨੂੰ ਖ਼ੁਸ਼ ਕਰਨਾ ਹੈ, ਕਿਉਂਕਿ ਇਨ੍ਹਾਂ ਕਰਮਾਂ ਤੋਂ ਤਾਂ ਕੇਵਲ ਨਾਸ਼ਵਾਨ ਸੁੱਖ ਹੀ ਮਿਲ ਸਕਦਾ ਹੈ ਪਰ ਸਦੀਵੀ ਸੁੱਖ ਤਾਂ ਸਤਿ-ਚਿਤ-ਆਨੰਦ ਦੀ ਅਵਸਥਾ ਹੈ ਜਿਥੇ ਮੋਕਸ਼ ਪ੍ਰਾਪਤ ਹੁੰਦਾ ਹੈ। ਇਸ ਲਈ ਇਸ ਮੰਤਵ ਦੀ ਪ੍ਰਾਪਤੀ ਲਈ ਜੈਨ ਮੱਤ ਸ਼ੁੱਧ ਆਚਰਣ ਅਤੇ ਅਮਲੀ ਤੇ ਸੱਚੇ ਗਿਆਨ ਦੀ ਪ੍ਰਾਪਤੀ ਉਤੇ ਬਲ ਦਿੰਦਾ ਹੈ। ਸ਼ੁੱਧ ਆਚਰਣ ਅਤੇ ਅਮਲੀ ਗਿਆਨ ਪ੍ਰਾਪਤ ਕਰਨ ਦੇ ਸਾਧਨ ਹੀ ਸੇਵਾ ਦੇ ਘੇਰੇ ਵਿਚ ਆਉਂਦੇ ਹਨ।

ਜੈਨੀਆਂ ਦਾ ਕਰਮ ਸਿਧਾਂਤ ਵੀ ਬੜਾ ਮਹੱਤਵਪੂਰਨ ਹੈ। ਜੈਨੀਆਂ ਅਨੁਸਾਰ ਕਰਮ ਦੋ ਪ੍ਰਕਾਰ ਦੇ ਹਨ: ਜੀਵ ਕਰਮ (ਚੇਤਨ) ਅਤੇ ਸਜੀਵ ਕਰਮ (ਅਚੇਤਨ)।[2] ਜੈਨੀਆਂ ਅਨੁਸਾਰ ਬ੍ਰਹਿਮੰਡ ਵਿਚੋਂ ਅਣਗਿਣਤ ਸੂਖਮ ਅਣੂ ਮਨੁੱਖੀ ਸਰੀਰ ਅੰਦਰ ਘੁੰਮਦੇ ਰਹਿੰਦੇ ਹਨ ਜਿਨ੍ਹਾਂ ਨੂੰ ਚੰਗੇ ਮਾੜੇ ਕਰਮਾਂ ਅਨੁਸਾਰ ਜੀਵ-ਆਤਮਾ ਆਪਣੇ ਵੱਲ ਖਿਚਦੀ ਰਹਿੰਦੀ ਹੈ। ਇਨ੍ਹਾਂ 'ਕਰਮਿਕ ਅਣੂਆਂ' ਨੂੰ ਨਸ਼ਟ ਕਰਕੇ ਹੀ ਮੁਕਤੀ ਮਿਲਣੀ ਹੈ। ਇਸ ਲਈ ਮਨੁਖ ਨੂੰ ਚੰਗੇ

---

1. All those actions which lead to peace of mind are punya. There are nine ways of obtaining punya or merit such as giving food to the deserving, water to the thirsty, clothes to the poor, shelter to monks etc.
   S.Radhakrishnan, Indian Philosophy, Vol. I, p. 326

2. ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 67

ਕਰਮ ਕਰਨੇ ਚਾਹੀਦੇ ਹਨ। ਇਹ ਚੰਗੇ ਕਰਮ ਹੀ ਜੈਨ ਮੱਤ ਦੀ ਸੇਵਾ ਦੇ ਸਿਧਾਂਤ ਦੇ ਸੂਚਕ ਹਨ। ਇਥੇ ਇਹ ਗੱਲ ਵੀ ਸਪਸ਼ਟ ਕਰਨ ਯੋਗ ਹੈ ਕਿ ਜੈਨ ਮੱਤ ਵਿਚ ਈਸ਼ਵਰਵਾਦ ਦੀ ਨਿਖੇਧੀ ਕੀਤੀ ਗਈ ਹੈ। ਪਰ ਕਿਉਂਕਿ ਜੈਨੀ ਲੋਕ "ਜੈਨੀ ਸਿਧ ਪੁਰਖਾਂ" ਅਤੇ "ਤੀਰਥੰਕਰਾਂ" (ਗੁਰੂਆਂ) ਦੀ ਪੂਜਾ ਕਰਦੇ ਹਨ ਅਤੇ ਆਪਣੇ ਅੰਦਰ ਭਗਤੀ ਭਾਵ ਰਖਦੇ ਹਨ ਅਤੇ ਨਾਲ ਹੀ ਅਹਿੰਸਾ ਤੇ ਸ਼ੁਭ ਕਰਮਾਂ ਦੇ ਸਿਧਾਂਤ ਨੂੰ ਮੰਨਦੇ ਹਨ, ਇਸ ਲਈ ਸਿਧਾਂਤਕ ਪੱਧਰ ਉਤੇ ਅਨੀਸ਼ਰਵਾਦ ਹੁੰਦੇ ਹੋਏ ਵੀ ਘੱਟੋ ਘੱਟ ਸੇਵਾ ਦੇ ਸੰਦਰਭ ਵਿਚ ਜੈਨੀਆਂ ਦਾ ਅਮਲ ਆਮ ਆਸਤਕ ਤੇ ਧਾਰਮਿਕ ਵਿਸ਼ਵਾਸ਼ ਅਧੀਨ ਕੀਤੇ ਗਏ ਅਮਲ ਨਾਲ ਮੇਲ ਖਾਂਦਾ ਹੈ।

ਉਪਰੋਕਤ ਸਾਰੀ ਵਿਚਾਰ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਜੈਨ ਮੱਤ ਅਨੁਸਾਰ ਮਨੁੱਖੀ ਜੀਵਨ ਦਾ ਪਰਮ ਲਕਸ਼ ਮੋਕਸ਼ ਪ੍ਰਾਪਤੀ ਹੈ। ਪਰ ਇਹ ਪ੍ਰਾਪਤੀ ਕੀਤੀ ਕਿਸ ਤਰ੍ਹਾਂ ਜਾਵੇ? ਇਸ ਪ੍ਰਸ਼ਨ ਦਾ ਉਤਰ ਹੀ ਜੈਨੀਆਂ ਦੀ ਸੇਵਾ ਭਾਵਨਾ ਨੂੰ ਸਪਸ਼ਟ ਕਰਦਾ ਹੈ। ਪਰਮ ਲਕਸ਼ ਦੀ ਪ੍ਰਾਪਤੀ ਲਈ ਜੈਨੀ ਲੋਕ - (1) ਸ਼ੁੱਧ ਵਿਸ਼ਵਾਸ਼, (2) ਸ਼ੁੱਧ ਗਿਆਨ ਅਤੇ (3) ਸ਼ੁੱਧ ਆਚਰਣ ਤੇ ਜ਼ੋਰ ਦਿੰਦੇ ਹਨ। ਇਸ ਮੱਤ ਦੇ ਸੇਵਾ ਸਿਧਾਂਤ ਨੂੰ ਸਮਝਣ ਲਈ ਸ਼ੁੱਧ ਵਿਸ਼ਵਾਸ਼ ਅਨੁਸਾਰ ਤੀਰਥੰਕਰਾਂ ਅਤੇ ਜੈਨੀ ਸਿੱਧ ਪੁਰਖਾਂ ਦੀ ਸੇਵਾ ਕਰਨੀ ਜ਼ਰੂਰੀ ਹੈ। ਸ਼ੁੱਧ ਗਿਆਨ ਦੀ ਪ੍ਰਾਪਤੀ ਕਰਨੀ ਹੈ ਅਤੇ ਸ਼ੁੱਧ ਆਚਰਣ ਦੇ ਅੰਤਰਗਤ ਅਹਿੰਸਾ ਦੀ ਨੀਤੀ ਧਾਰਨ ਕਰਨੀ ਹੈ। ਜੈਨ ਮੱਤ ਅਨੁਸਾਰ ਸੱਚ ਬੋਲਣਾ, ਲੋਕਾਂ ਨੂੰ ਦਾਨ ਦੇਣਾ, ਵਿਵਹਾਰ ਠੀਕ ਰੱਖਣਾ, ਚੋਰੀ ਨਾ ਕਰਨਾ, ਮਨ, ਬਚਨ ਅਤੇ ਕਰਮਾਂ ਦੀ ਪਵਿੱਤਰਤਾ ਹੀ ਸੱਚੀ ਸੇਵਾ ਹੈ।[1]

ਜੈਨ ਮੱਤ ਦੇ ਪੰਜਾਂ ਉਪਦੇਸ਼ਾਂ ਵਿਚੋਂ ਪਹਿਲੇ ਵਿਚ ਮਨ, ਬਚਨ ਅਤੇ ਕਰਮ ਕਰਕੇ ਜੀਵਾਂ ਨੂੰ ਨਾ ਮਾਰਨ ਵਿਚ ਸੇਵਾ ਦੀ ਭਾਵਨਾ ਆਉਂਦੀ ਹੈ। ਬਾਕੀ ਉਪਦੇਸ਼ਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਸੇਵਾ ਦਾ ਅਪ੍ਰਤੱਖ ਸਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ।

## ਗੀਤਾ ਅਨੁਸਾਰ ਸੇਵਾ:

ਭਗਵਤ ਗੀਤਾ ਹਿੰਦੂ ਮੱਤ ਦਾ ਇਕ ਪਵਿੱਤਰ ਧਾਰਮਿਕ ਗ੍ਰੰਥ ਹੈ ਜਿਸਦਾ ਕਰਤਾ ਰਿਸ਼ੀ ਵੇਦ ਬਿਆਸ ਨੂੰ ਮੰਨਿਆ ਜਾਂਦਾ ਹੈ। ਭਗਵਤ ਗੀਤਾ ਦੀ ਫ਼ਿਲਾਸਫ਼ੀ ਉਤੇ ਕਠ-ਉਪਨਿਸ਼ਦ ਅਤੇ ਈਸ਼-ਉਪਨਿਸ਼ਦ ਦਾ ਪ੍ਰਭਾਵ ਵਧੇਰੇ ਹੈ। ਇਸ ਲਈ ਭਗਵਤ ਗੀਤਾ ਨੂੰ ਕੇਵਲ ਇਕ ਉਪਨਿਸ਼ਦ

---

1. ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 72

ਵਧਰੀ ਮਹਾਨਤਾ ਹੀ ਪ੍ਰਾਪਤ ਨਹੀਂ ਹੈ, ਸਗੋਂ ਇਥੋਂ ਤਕ ਕਿ ਗੀਤਾ ਨੂੰ ਉਪਨਿਸ਼ਦਾਂ ਦਾ ਤੱਤਸਾਰ ਮੰਨਿਆ ਜਾਂਦਾ ਹੈ। ਗੀਤਾ ਦਾ ਕੇਂਦਰੀ ਧੁਰਾ ਕਰਮਵਾਦ ਹੈ। ਕਰਮ ਨੂੰ ਕੇਂਦਰੀ ਮੰਨ ਕੇ ਗੀਤਾ ਜੀਵਨ ਦੇ ਸਾਰੇ ਮਾਰਗਾਂ ਦੀ ਸਮੀਖਿਆ ਪ੍ਰਸਤੁਤ ਕਰਦੀ ਹੈ। ਇਨ੍ਹਾਂ ਜੀਵਨ ਮਾਰਗਾਂ ਵਿਚੋਂ ਹੀ ਇਕ ਮਾਰਗ ਸੇਵਾ ਭਾਵਨਾ ਦਾ ਹੈ। ਗੀਤਾ ਦੀ ਮੁੱਖ ਸਮੱਸਿਆ ਮਨੁੱਖ ਦਾ ਨੈਤਿਕ ਜੀਵਨ ਹੈ। ਨੈਤਿਕਤਾ ਵਿਚ ਪ੍ਰਮੁੱਖ ਪੱਖ ਕਰਮ ਕਰਨ ਦਾ ਹੈ ਅਤੇ ਉਹ ਵੀ ਨਿਸ਼ਕਾਮ ਭਾਵਨਾ ਨਾਲ। ਨਿਸ਼ਕਾਮ ਭਾਵਨਾ ਨਾਲ ਕੀਤਾ ਹੋਇਆ ਹਰ ਕਰਮ ਸੇਵਾ ਦੇ ਕਲੇਵਰ ਵਿਚ ਆਉਂਦਾ ਹੈ। ਗੀਤਾ ਵਿਚ ਭਿੰਨ ਭਿੰਨ ਮਾਰਗਾਂ ਦੀ ਵਿਆਖਿਆ ਕੀਤੀ ਗਈ ਹੈ, ਜਿਵੇਂ ਗਿਆਨ ਮਾਰਗ, ਭਗਤੀ ਮਾਰਗ, ਕਰਮ ਮਾਰਗ, ਧਿਆਨਯੋਗ, ਸਨਿਆਸ ਯੋਗ ਆਦਿ।

ਗੀਤਾ ਦੇ ਗਿਆਨ-ਯੋਗ ਅਨੁਸਾਰ ਗਿਆਨ ਦਾ ਅਰਥ ਅੰਤਰ-ਗਿਆਨ ਹੈ ਜਿਸ ਦੁਆਰਾ ਮਨੁੱਖ ਸਮੁੱਚੀ ਸਚਾਈ ਨੂੰ ਸਮਝ ਸਕਦਾ ਹੈ। ਗਿਆਨ-ਯੋਗ ਦਾ ਮੰਤਵ ਮਨੁੱਖ ਅੰਦਰ ਨਿਸ਼ਕਾਮ ਭਾਵਨਾ ਪੈਦਾ ਕਰਨਾ ਹੈ। ਗਿਆਨ ਅੰਤਰੀਵ ਖੋਜ ਨਾਲ ਜੁੜਿਆ ਹੋਇਆ ਹੈ ਅਤੇ ਖੋਜ ਨਾਲ ਸੇਵਾ ਜੁੜੀ ਹੋਈ ਹੈ।[1] ਗੀਤਾ ਅਨੁਸਾਰ ਕਾਮਨਾ ਗਿਆਨ ਦੀ ਦੁਸ਼ਮਣ ਹੈ। ਗਿਆਨੀ ਪੁਰਸ਼ ਗਿਆਨ ਦੀ ਅਗਨੀ ਨਾਲ ਸਾਰੀਆਂ ਕਾਮਨਾਵਾਂ ਭਸਮ ਕਰ ਲੈਂਦਾ ਹੈ ਅਤੇ ਫਿਰ ਹਉਮੈਂ ਤਿਆਗ ਕੇ ਕਰਮ ਕਰਦਾ ਹੈ। ਤਿਆਗ ਭਾਵਨਾ ਅਧੀਨ ਕੀਤੇ ਹੋਏ ਸਾਰੇ ਕਰਮ ਸੇਵਾ ਦੇ ਸੰਕਲਪ ਦੇ ਧਾਰਨੀ ਹੁੰਦੇ ਹਨ।

ਗੀਤਾ ਦਾ ਭਗਤੀ-ਯੋਗ ਵੀ ਸੇਵਾ ਦੇ ਇਕ ਮਹੱਤਵਪੂਰਨ ਸਰੂਪ ਨੂੰ ਨਿਰਧਾਰਿਤ ਕਰਦਾ ਹੈ। ਗੀਤਾ ਅਨੁਸਾਰ ਜਿਹੜਾ ਵਿਅਕਤੀ ਨਿਸ਼ਕਾਮ ਭਾਵਨਾ ਨਾਲ ਪ੍ਰਭੂ ਦੀ ਭਗਤੀ ਕਰਦਾ ਹੈ ਉਹੀ ਸੱਚਾ ਸੇਵਕ ਹੈ। ਗੀਤਾ ਦੀ ਭਗਤੀ ਭਾਵਨਾ ਵੀ ਮਨੁੱਖ ਵਿਚ ਨਿਸ਼ਕਾਮ ਭਾਵਨਾ ਉਤਪੰਨ ਕਰਦੀ ਹੈ ਜਿਹੜੀ ਕਿ ਸੇਵਾ ਦੇ ਸਰੂਪ ਨੂੰ ਨਿਸ਼ਚਿਤ ਕਰਦੀ ਹੈ।

ਗੀਤਾ ਦੇ ਕਰਮ ਮਾਰਗ ਅਨੁਸਾਰ ਕਰਮ ਦੋ ਪ੍ਰਕਾਰ ਦੀ ਭਾਵਨਾ ਨਾਲ ਕੀਤਾ ਜਾਂਦਾ ਹੈ – (1) ਸਕਾਮ ਭਾਵਨਾ ਅਤੇ (2) ਨਿਸ਼ਕਾਮ ਭਾਵਨਾ।[2] ਗੀਤਾ ਦੀ ਸੇਵਾ ਭਾਵਨਾ ਦਾ ਸੰਬੰਧ ਨਿਸ਼ਕਾਮ ਭਾਵਨਾ ਨਾਲ ਹੈ। ਸਕਾਮ ਸੇਵਾ ਦਾ ਫ਼ਲ ਨਾਸ਼ਵਾਨ ਹੈ ਅਤੇ ਨਿਸ਼ਕਾਮ ਸੇਵਾ ਦਾ ਫ਼ਲ ਮੋਕਸ਼ ਅਥਵਾ ਮੁਕਤੀ ਹੈ। ਗੀਤਾ ਅਨੁਸਾਰ ਗਿਆਨ, ਭਗਤੀ, ਸਨਿਆਸ ਅਤੇ ਯੋਗ

---

1. ਭਗਵਤ ਗੀਤਾ 4.34
   ਹਵਾਲਾ: ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 83
2. ਉਹੀ, ਪੰਨਾ 85

ਸਾਰੇ ਮਨੁੱਖ ਅੰਦਰ ਨਿਸ਼ਕਾਮ ਭਾਵਨਾ ਪੈਦਾ ਕਰਦੇ ਹਨ। ਨਿਸ਼ਕਾਮ ਭਾਵਨਾ ਹੀ ਸੱਚੀ ਸੇਵਾ ਦੀ ਪ੍ਰੇਰਕ ਸ਼ਕਤੀ ਹੈ। ਗੀਤਾ ਦਾ ਮੂਲ ਉਪਦੇਸ਼ ਹੈ:

> "ਸੁਆਰਥ ਕਾਮ, ਨਾਸ਼ਵਾਨ ਆਦਰਸ਼ ਅਤੇ ਹਉਮੈਂ ਕਰਮ ਦੇ ਪ੍ਰੇਰਕ ਨਹੀਂ ਹੋਣੇ ਚਾਹੀਦੇ। ਮੋਕਸ਼-ਪਦਵੀ ਨੂੰ ਪ੍ਰਾਪਤ ਕਰਨ ਲਈ ਫਲ ਦੀ ਇੱਛਾ ਤੋਂ ਰਹਿਤ ਕਰਮ ਕਰਨਾ ਚਾਹੀਦਾ ਹੈ। ਮਨੁੱਖ ਦਾ ਕਰਤੱਵ ਕੇਵਲ ਕਰਮ ਕਰਨਾ ਹੈ। ਫਲ ਦੀ ਲਾਲਸਾ ਨਹੀਂ ਰੱਖਣੀ ਚਾਹੀਦੀ ਕਿਉਂਕਿ ਫਲ ਦੀ ਪ੍ਰਾਪਤੀ ਉਸ ਦੇ ਵਸ ਤੋਂ ਬਾਹਰ ਹੈ। ਉਹ ਤਾਂ ਪ੍ਰਕਿਰਤੀ ਜਾਂ ਭਗਵਾਨ ਦੇ ਅਧੀਨ ਹੈ।"[1]

ਉਪਰੋਕਤ ਵਿਚਾਰ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਗੀਤਾ ਉਪਦੇਸ਼ ਦਾ ਸਾਰੰਸ਼ ਕਰਮ ਕਰਨਾ ਹੈ ਅਤੇ ਨਿਸ਼ਕਾਮ ਕਰਮ ਹੀ ਸੱਚੀ ਸੇਵਾ ਹੈ। ਗੀਤਾ ਅਨੁਸਾਰ ਨਿਸ਼ਕਾਮ ਭਾਵਨਾ ਨਾਲ ਕੀਤਾ ਕਰਮ ਹੀ ਯੋਗ ਅਤੇ ਸਨਿਆਸ ਹੈ। ਨਿਸ਼ਕਾਮ ਯੋਗ ਲਈ ਮਾਨਵ-ਪ੍ਰਕਿਰਤੀ ਦੇ ਅੰਦਰ ਦੀ ਹਾਲਤ ਨੂੰ ਬਦਲਣ ਦੀ ਲੋੜ ਹੈ। ਇਸ ਤਬਦੀਲੀ ਲਈ ਸੇਵਾ ਭਾਵਨਾ ਨਾਲ ਕੀਤਾ ਕਰਮ ਹੀ ਕੇਵਲ ਸਾਧਨ ਮਾਤਰ ਹੈ। ਗੀਤਾ ਦਾ ਸਨਿਆਸ ਕਰਮਾਂ ਦਾ ਤਿਆਗ ਨਹੀਂ ਸਗੋਂ ਫਲ ਦੀ ਕਾਮਨਾ ਦਾ ਤਿਆਗ ਹੈ। ਕਰਮ ਸਭ ਤੋਂ ਬਲਵਾਨ ਹਨ। ਮਨੁੱਖ ਮੋਕਸ਼ ਦੀ ਸਥਿਤੀ ਵਿਚ ਵੀ ਕਰਮ ਕਰਦਾ ਰਹਿੰਦਾ ਹੈ, ਪਰ ਉਹ ਕਰਮ ਸਾਰੇ ਹੀ ਨਿਰਸੁਆਰਥ ਹੁੰਦੇ ਹਨ ਅਤੇ ਸੇਵਾ ਭਾਵਨਾ ਨਾਲ ਕੀਤੇ ਜਾਂਦੇ ਹਨ। ਇਹ ਗੀਤਾ ਦਾ ਰਾਜ-ਯੋਗ ਵੀ ਹੈ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੀਤਾ ਦਾ ਮੁੱਖ ਵਿਸ਼ਾ ਜੀਵਨ ਮੁਕਤੀ ਹੈ। ਗੀਤਾ ਵਿਚ ਮਾਨਵ-ਪ੍ਰਕਿਰਤੀ ਦੀ ਸ਼ੁੱਧੀ ਉਤੇ ਜ਼ੋਰ ਦਿੱਤਾ ਹੈ ਜਿਹੜਾ ਕਿ ਇਕ ਨੈਤਿਕ ਮੂਲ ਹੈ। ਇਸ ਮੂਲ ਦੇ ਅਧੀਨ ਹੀ ਗੀਤਾ ਦੇ ਸੇਵਾ-ਸੰਕਲਪ ਨੂੰ ਵਿਚਾਰਿਆ ਜਾ ਸਕਦਾ ਹੈ। ਸਾਰੰਸ਼ ਰੂਪ ਵਿਚ ਗੀਤਾ ਅਨੁਸਾਰ ਮਨ, ਬੁਧੀ ਅਤੇ ਸਰੀਰਕ ਤੌਰ ਤੇ ਕੀਤਾ ਹੋਇਆ ਉਹ ਹਰ ਕਰਮ ਜਿਹੜਾ ਨਿਸ਼ਕਾਮ ਭਾਵਨਾ ਨਾਲ ਕੀਤਾ ਗਿਆ ਹੈ, ਮਨੁੱਖ ਦੀ ਹੀ ਨਹੀਂ ਸਗੋਂ ਭਗਵਾਨ ਦੀ ਵੀ ਸੱਚੀ ਸੇਵਾ ਹੈ ਜਿਹੜਾ ਇਸ ਜੀਵਨ ਨੂੰ ਮੋਕਸ਼ ਦੀ ਅਵਸਥਾ ਵਲ ਲਿਜਾਂਦਾ ਹੈ।

---

1. ਸ਼ਾਂਤੀ ਨਾਥ ਗੁਪਤਾ, <u>ਭਾਰਤੀ ਦਰਸ਼ਨ</u>, ਪੰਨਾ 86

ਗੀਤਾ ਦੇ ਇਸ ਕਰਮ ਸਿਧਾਂਤ ਨਾਲ ਸੇਵਾ ਦਾ ਸੰਕਲਪ ਅਨੇਕ ਸੰਦਰਭਾਂ ਵਿਚ ਫੈਲ ਗਿਆ ਹੈ। ਸੰਦਰਭ ਭਾਵੇਂ ਪਦਾਰਥਕ ਹੋਵੇ, ਭਾਵੇਂ ਨੈਤਿਕ ਜਾਂ ਧਾਰਮਿਕ, ਜੇ ਕਰਮ ਸ਼ੁੱਧ ਹੈ ਅਤੇ ਮਨ ਵਿਚ ਸੁਆਰਥ ਜਾਂ ਫਲ ਦੀ ਕਾਮਨਾ ਨਹੀਂ ਤਾਂ ਇਹ ਸੇਵਾ ਹੈ। ਇਸ ਪ੍ਰਕਾਰ ਸ਼ੁੱਧ ਮਨ ਨਾਲ ਕੀਤੀ ਗਈ ਸੇਵਾ ਦਾ ਪਾਤਰ ਭਾਵੇਂ ਕੋਈ ਸਧਾਰਨ ਮਾਨਵ ਹੋਵੇ ਭਾਵੇਂ ਕੋਈ ਧਾਰਮਿਕ ਮਹਾਂਪੁਰਸ਼, ਗੀਤਾ ਅਨੁਸਾਰ ਵਾਸਤਵ ਵਿਚ ਇਹ ਸੇਵਾ ਭਗਵਾਨ ਦੀ ਹੀ ਸੇਵਾ ਹੈ।

ਭਾਰਤੀ ਖੱਟ ਦਰਸ਼ਨ ਵਿਚ ਸੇਵਾ ਦਾ ਸੰਕਲਪ:

ਭਾਰਤ ਦੀਆਂ ਪ੍ਰਾਚੀਨਤਮ ਛੇ ਦਰਸ਼ਨ ਪਰਣਾਲੀਆਂ ਜਿਸ ਨੂੰ ਸਮੁੱਚੇ ਰੂਪ ਵਿਚ ਖੱਟ ਦਰਸ਼ਨ ਕਿਹਾ ਜਾਂਦਾ ਹੈ, ਵਿਚੋਂ ਸਾਂਖ ਸਭ ਤੋਂ ਪੁਰਾਤਨ ਦਰਸ਼ਨ ਹੈ। ਇਸ ਦਰਸ਼ਨ ਦਾ ਮੁੱਖ ਧੁਰਾ ਗਿਆਨ ਹੈ। ਇਸ ਲਈ ਸੇਵਾ ਦੇ ਸੰਕਲਪ ਦੀ ਇਸ ਵਿਚ ਪ੍ਰਤੱਖ ਅਤੇ ਸਪਸ਼ਟ ਰੂਪ ਵਿਚ ਚਰਚਾ ਨਹੀਂ ਹੋਈ। ਪਰੰਤੂ ਯੋਗ-ਸ਼ਾਸਤਰ, ਜਿਸਦੇ ਪਰਵਰਤਕ ਪਾਤੰਜਲੀ ਰਿਸ਼ੀ ਹਨ, ਦੇ ਕੁਝ ਪੱਖ ਅਜਿਹੇ ਹਨ ਜਿਨ੍ਹਾਂ ਤੋਂ ਸੇਵਾ ਦੇ ਸੰਕਲਪ ਉਤੇ ਕੁਝ ਚਾਨਣਾ ਪੈਂਦਾ ਹੈ। ਯੋਗ-ਸ਼ਾਸਤਰ ਦਾ ਅਠ-ਅੰਗੀ ਸਾਧਨਾ ਦਾ ਸੰਕਲਪ ਇਸ ਸੰਦਰਭ ਵਿਚ ਖ਼ਾਸ ਤੌਰ ਉਤੇ ਵਿਚਾਰਨਯੋਗ ਹੈ। ਇਹ ਅਠ-ਅੰਗ ਹਨ:

ਯਮ, ਨਿਯਮ, ਆਸਣ, ਪ੍ਰਾਣਾਯਾਮ,
ਪ੍ਰਤਿਆਹਾਰ, ਧਾਰਣਾ, ਧਿਆਨ ਅਤੇ ਸਮਾਧੀ।

ਇਨ੍ਹਾਂ ਵਿਚੋਂ ਪਹਿਲਾ ਅੰਗ 'ਯਮ' ਇਸ ਮੱਤ ਦੀ ਸੇਵਾ-ਭਾਵਨਾ ਨੂੰ ਅਪਰਤੱਖ ਰੂਪ ਵਿਚ ਵਿਅਕਤ ਕਰਦਾ ਹੈ। 'ਯਮ' ਅਨੁਸਾਰ ਪੰਜ ਪ੍ਰਕਾਰ ਦੇ ਸਦ ਗੁਣ ਅਥਵਾ ਸਦ-ਵਿਵਹਾਰ ਆਉਂਦੇ ਹਨ, ਜਿਵੇਂ ਦੂਸਰਿਆਂ ਨੂੰ ਮਨ, ਬਚਨ ਅਤੇ ਕਰਮ ਕਰਕੇ ਦੁੱਖ ਨਾ ਦੇਣਾ, ਅੰਦਰੋਂ ਬਾਹਰੋਂ ਇਕ ਹੋਣਾ, ਚੋਰੀ ਨਾ ਕਰਨਾ ਅਥਵਾ ਦੂਸਰੇ ਦੀਆਂ ਵਸਤੂਆਂ ਨਾ ਅੰਗੀਕਾਰ ਕਰਨੀਆਂ, ਕਾਮ-ਵਾਸ਼ਨਾ ਉਤੇ ਸੰਜਮ ਰੱਖਣਾ ਅਤੇ ਲਾਲਚ ਨਾ ਕਰਨਾ। ਇਹ ਸਾਰੇ ਨੈਤਿਕ ਕਰਮ ਹਨ ਅਤੇ ਇਹ ਅਸਿੱਧੇ ਰੂਪ ਵਿਚ ਸੇਵਾ ਭਾਵਨਾ ਨਾਲ ਸੰਬੰਧਿਤ ਹਨ।

ਨਿਯਾਇ-ਸ਼ਾਸਤਰ ਦਾ ਮੁੱਖ ਧੁਰਾ ਮੁਕਤੀ ਹੈ ਅਤੇ ਮੁਕਤੀ ਪ੍ਰਾਪਤ ਕਰਨ ਦਾ ਮੁੱਖ ਸਾਧਨ ਗਿਆਨ ਨੂੰ ਮੰਨਿਆ ਗਿਆ ਹੈ। ਇਸ ਲਈ ਇਸ ਸ਼ਾਸਤਰ ਵਿਚ ਵੀ ਸੇਵਾ ਦੇ ਸੰਕਲਪ ਸੰਬੰਧੀ ਕੋਈ ਸਿੱਧੀ ਅਤੇ ਸਪਸ਼ਟ ਚਰਚਾ ਨਹੀਂ ਹੋਈ। ਇਸੇ ਤਰ੍ਹਾਂ ਕਣਾਦ ਰਿਸ਼ੀ ਦੇ ਵੈਸ਼ੇਸ਼ਿਕ

ਸ਼ਾਸਤਰ ਦਾ ਮੁੱਖ ਖੇਤਰ ਵੀ ਤੱਤ ਗਿਆਨ ਹੈ।

ਪਰੰਤੂ ਮੀਮਾਂਸਾ ਦਰਸ਼ਨ ਵਿਚ ਕੁਝ ਐਸੇ ਅਜਿਹੇ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਤੋਂ ਸੇਵਾ ਦੇ ਸੰਕਲਪ ਉਤੇ ਕੁਝ ਰੋਸ਼ਨੀ ਪੈਂਦੀ ਹੈ। ਮੀਮਾਂਸਾ ਦਾ ਅਰਥ ਹੈ 'ਪਵਿੱਤਰ ਵਿਚਾਰ'। ਇਸ ਦਰਸ਼ਨ ਦੇ ਦੋ ਭਾਗ ਹਨ: (1) ਪੂਰਵ-ਮੀਮਾਂਸਾ, (2) ਉਤਰ-ਮੀਮਾਂਸਾ। ਮੀਮਾਂਸਾ ਦਰਸ਼ਨ ਅਨੁਸਾਰ ਰੱਬ ਦੀ ਹੋਂਦ ਨੂੰ ਇਕ ਫ਼ਜ਼ੂਲ ਵਿਚਾਰ ਮੰਨਿਆ ਜਾਂਦਾ ਹੈ।[1] ਇਸ ਲਈ ਇਸ ਦਰਸ਼ਨ ਅਨੁਸਾਰ ਸੇਵਾ ਦੇ ਗੋਚਰ ਰੂਪ ਤਾਂ ਵਿਚਾਰੇ ਜਾ ਸਕਦੇ ਹਨ ਪਰ ਸੇਵਾ ਦੇ ਅਗੋਚਰ/ਅਥਵਾ ਰੂਹਾਨੀ ਸਰੂਪ ਬਾਰੇ ਕੋਈ ਵਿਚਾਰ ਅੰਕਿਤ ਨਹੀਂ। ਇਸ ਦਰਸ਼ਨ ਦੇ ਧਰਮ ਦੇ ਸਰੂਪ ਤੋਂ ਵੀ ਇਸ ਦੀ ਸੇਵਾ-ਭਾਵਨਾ ਬਾਰੇ ਕੁਝ ਵਿਚਾਰ ਪ੍ਰਾਪਤ ਹਨ। ਇਸ ਮੱਤ ਅਨੁਸਾਰ ਧਰਮ ਦਾ ਅਰਥ ਕਰਤਵ ਪਾਲਣਾ ਹੈ। ਜੈਮਿਨੀ ਰਿਸ਼ੀ 'ਭਲੇ' ਦੇ ਵਿਚਾਰ ਲਈ ਮੁੱਲ (ਅਰਥ) ਸ਼ਬਦ ਦਾ ਪ੍ਰਯੋਗ ਕਰਦਾ ਹੈ। ਜੈਮਿਨੀ ਅਨੁਸਾਰ ਕੋਈ ਵੀ ਅਰਥ ਭਲਾਈ ਹੋ ਸਕਦਾ ਹੈ। ਜੈਮਿਨੀ ਦਾ ਵਿਚਾਰ ਹੈ ਕਿ ਕਰਤੱਵ ਉਹ ਮੁੱਲ (ਅਰਥ) ਹੈ ਜਿਹੜਾ ਮਨੁੱਖ ਨੂੰ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ।[2] ਇਸ ਮੱਤ ਅਨੁਸਾਰ/ਧਰਮ ਦੇ ਚਾਰ ਆਧਾਰ ਮੰਨੇ ਗਏ ਹਨ:

(1) ਸ਼ਰੁਤੀ (ਵੇਦ)
(2) ਸਮ੍ਰਿਤੀ
(3) ਸਦਾਚਾਰ (ਨੇਕ ਵਿਹਾਰ)
(4) ਆਤਮਾ ਜਾਂ ਮਨੁੱਖ ਦੀ ਆਪਣੀ ਜ਼ਮੀਰ।[3]

ਇਸ ਪ੍ਰਕਾਰ ਇਸ ਸ਼ਾਸਤਰ ਦੇ ਚਾਰ ਮੁੱਖ ਆਧਾਰਾਂ ਵਿਚੋਂ ਇਕ ਦਾ ਨਾਂ ਸਦਾਚਾਰ ਹੋਣਾ ਸੇਵਾ ਦੇ ਸੰਕਲਪ ਵਲ ਹੀ ਸੰਕੇਤ ਕਰਦਾ ਹੈ। ਇਸ ਆਧਾਰ ਦੀ ਵਿਆਖਿਆ ਕਰਦਿਆਂ ਸਦਾਚਾਰ ਦੇ ਸੰਦਰਭ ਵਿਚ ਕਿਹਾ ਗਿਆ ਹੈ ਕਿ ਜੇਕਰ ਮਨੁੱਖ ਆਪਣੇ ਹਿਰਦੇ ਵਿਚ ਸ਼ੁਭ-ਅਸ਼ੁਭ ਦਾ ਨਿਰਣਾ ਨਹੀਂ ਕਰ ਸਕਦਾ ਤਾਂ ਉਸਨੂੰ ਭਲੇ ਪੁਰਸ਼ਾਂ ਵਲ ਤੱਕਣਾ ਚਾਹੀਦਾ ਹੈ ਅਤੇ ਨੇਕ ਵਿਹਾਰ

---

1. ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 195
2. ਉਹੀ, ਪੰਨਾ 197
3. ਉਹੀ, ਪੰਨਾ 198

ਦੇ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਲੋਕ ਵਿਹਾਰ ਅਨੁਸਾਰ ਕਰਮ ਕਰਨ ਦੇ ਇਸ ਉਪਦੇਸ਼ ਵਿਚ ਹੀ ਮੀਮਾਂਸਾ ਦਰਸ਼ਨ ਦਾ ਸੇਵਾ ਸੰਕਲਪ ਨਿਹਿਤ ਹੈ।

ਵੇਦਾਂਤ ਦਰਸ਼ਨ ਜਿਸਦੇ ਪ੍ਰਮੁਖ ਪਰਵਰਤਕ ਸ਼ੰਕਰਾਚਾਰੀਆ ਹਨ, ਦੀ ਵਿਆਖਿਆ ਬਾਅਦ ਵਿਚ ਰਾਮਾਨੁਜ, ਮਾਧਵ, ਨਿੰਬਾਰਕ ਅਤੇ ਵਲੱਭ ਨੇ ਕਰਮਵਾਰ ਅਦਵੈਤਵਾਦ, ਦਵੈਤਵਾਦ, ਦਵੈਤਾਦਵੈਤਵਾਦ ਅਤੇ ਸ਼ੁੱਧ ਅਦਵੈਤਵਾਦ ਦੇ ਰੂਪਾਂ ਵਿਚ ਕੀਤੀ ਹੈ। ਇਨ੍ਹਾਂ ਵਿਚੋਂ ਰਾਮਾਨੁਜ ਨੇ ਸੁੱਚੇ ਵਿਹਾਰ ਅਤੇ ਮਾਧਵ ਨੇ ਨਿਸ਼ਕਾਮ ਕਰਮਯੋਗ ਉਤੇ ਵਿਸ਼ੇਸ਼ ਜ਼ੋਰ ਦੇ ਕੇ ਇਸ ਪ੍ਰਕਾਰ/ਨਾਲ ਅਜਿਹੇ ਵਿਚਾਰ ਪ੍ਰਗਟਾਏ ਹਨ ਜਿਨ੍ਹਾਂ ਨੂੰ ਅਸਿੱਧੇ ਰੂਪ ਵਿਚ ਅਸੀਂ ਉਨ੍ਹਾਂ ਦੁਆਰਾ ਸੁਝਾਏ ਗਏ ਸੇਵਾ ਦੇ ਸੰਕਲਪ ਹੀ ਕਹਿ ਸਕਦੇ ਹਾਂ। ਇਸੇ ਤਰ੍ਹਾਂ ਨਿੰਬਾਰਕ ਦੇ 'ਦੀਨਤਾ ਦਾ ਭਾਵ' ਰਖਣ ਵਾਲੇ ਉਪਦੇਸ਼ ਅਤੇ ਵਲੱਭ ਦੇ 'ਮਰਿਆਦਾ ਮਾਰਗ' ਅਤੇ 'ਪੁਸ਼ਟੀ ਮਾਰਗ' ਵਿਚੋਂ ਹੀ ਉਨ੍ਹਾਂ ਦੇ ਸੇਵਾ ਸੰਕਲਪ ਦੇ ਬੀਜ ਲਭੇ ਜਾ ਸਕਦੇ ਹਨ।

ਪਰੰਤੂ ਵਾਸਤਵਿਕਤਾ ਇਹ ਹੈ ਕਿ ਜਗਤ ਵਿਚ ਵਿਚਰਦਾ ਮਨੁੱਖ ਖੱਟ ਦਰਸ਼ਨ ਦੇ ਆਚਾਰੀਆਂ ਦਾ ਪ੍ਰਮੁੱਖ ਵਿਸ਼ਾ ਕਦੀ ਨਹੀਂ ਬਣਿਆ। ਪ੍ਰਮੁਖਤਾ ਬ੍ਰਹਮ ਨੂੰ ਅਤੇ ਬ੍ਰਹਮ ਸੰਬੰਧੀ ਗਿਆਨ ਜਾਂ ਇਸ ਜਗਤ ਤੋਂ ਮੁਕਤੀ ਨੂੰ ਹੀ ਪ੍ਰਾਪਤ ਹੁੰਦੀ ਰਹੀ ਹੈ। ਜਗਤ ਵਿਚ ਮਨੁੱਖ ਦੀ ਮਨੁੱਖ ਨਾਲ ਸਾਂਝ ਦੇ ਵਿਸ਼ੇ ਉੱਤੇ ਇਨ੍ਹਾਂ ਛੇ ਦਰਸ਼ਨਾਂ ਵਿਚ ਬਹੁਤ ਜ਼ਿਆਦਾ ਚਰਚਾ ਨਹੀਂ ਹੋਈ, ਕੇਵਲ ਟਾਵੇਂ ਟਾਵੇਂ ਅਤੇ ਅਸਿੱਧੇ ਰੂਪ ਵਿਚ ਹੀ ਇਨ੍ਹਾਂ ਸ਼ਾਸਤਰਾਂ ਵਿਚ ਸੇਵਾ ਦੇ ਸੰਕਲਪ ਸੰਬੰਧੀ ਕੁਝ ਸੰਕੇਤ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਦਾ ਜ਼ਿਕਰ ਸੰਖੇਪ ਰੂਪ ਵਿਚ ਉਪਰ ਕੀਤਾ ਗਿਆ ਹੈ।

## ਇਸਲਾਮ ਧਰਮ ਵਿਚ ਸੇਵਾ:

ਇਸਲਾਮ ਦੁਨੀਆਂ ਦੇ ਵੱਡੇ ਧਰਮਾਂ ਵਿਚੋਂ ਇਕ ਹੈ। ਇਸ ਧਰਮ ਦੀ ਬੁਨਿਆਦ ਪਵਿੱਤਰ ਕੁੱਰਾਨ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ ਅਤੇ ਸਿਖਿਆਵਾਂ ਹਨ। ਪਵਿੱਤਰ ਕੁਰੱਨ ਵਿਚ ਸੇਵਾ ਦੀ ਭਾਵਨਾ ਨੂੰ ਅੱਲਾਹ ਦੀ ਸੱਚੀ ਪੂਜਾ ਮੰਨਿਆ ਗਿਆ ਹੈ। ਅੱਲਾਹ ਦੀ ਪੂਜਾ ਲਈ ਇਸਲਾਮ ਵਿਚ ਸ਼ਬਦ 'ਇਬਾਦਤ' ਵਰਤਿਆ ਗਿਆ ਹੈ। ਰਾਤ ਅਤੇ ਦਿਨ ਵਿਚ ਪੰਜ ਵਾਰ ਨਮਾਜ਼ ਪੜ੍ਹੀ ਜਾਂਦੀ ਹੈ। "ਨਮਾਜ਼ ਦਾ ਮਕਸਦ ਪਰਮਾਤਮਾ ਦੀ ਪੂਜਾ ਕਰਨਾ ਅਤੇ ਉਸ ਦੇ ਮਹਾਨ ਗੁਣਾਂ ਦਾ ਚਿੰਤਨ ਕਰਨਾ ਹੈ ਤਾਂ ਜੋ ਕੋਈ ਇਨਸਾਨ ਇਸ ਚਿੰਤਨ ਨਾਲ ਇਨ੍ਹਾਂ ਗੁਣਾਂ ਨੂੰ ਆਪਣੇ ਜੀਵਨ ਵਿਚ ਲਿਆ ਸਕੇ।"[1]

---

1. ਮਹਿਮੂਦੁਲ ਹਸਨ, "ਇਸਲਾਮ", ਸੰਸਾਰ ਦੇ ਕੁਝ ਮੁਖ ਧਰਮ, ਸੰਪਾ. ਗੁਰਬਚਨ ਸਿੰਘ ਤਾਲਿਬ, ਪੰਨਾ 128

ਇਸ ਮੰਤਵ ਦੀ ਪ੍ਰਾਪਤੀ ਲਈ ਇਸਲਾਮ ਵਿਚ ਮਨੁੱਖ ਨੂੰ ਸਹੀ ਰਸਤੇ ਉਤੇ ਤੁਰਨ ਦਾ ਆਦੇਸ਼ ਹੈ ਅਤੇ ਸਹੀ ਰਸਤਾ ਹੀ ਮਨੁੱਖਾਂ ਵਿਚ ਵਸਦੇ ਅੱਲਾਹ ਦੀ ਸੇਵਾ ਕਰਨ ਦਾ ਹੈ। ਮਨੁੱਖਾਂ ਵਿਚ ਵਸਦੇ ਅੱਲਾਹ ਨੂੰ ਸਮਝਣਾ ਹੀ ਉਸਦੇ ਗੁਣਾਂ ਨੂੰ ਗ੍ਰਹਿਣ ਕਰਨਾ ਹੈ ਅਤੇ ਮਨੁੱਖਾਂ ਵਿਚ ਵਸਦੀ ਏਕਤਾ ਦੀ ਸੇਵਾ ਕਰਨਾ ਹੈ। ਇਸ ਭਾਵਨਾ ਅਧੀਨ ਇਕ ਸੱਚਾ ਮੁਸਲਮਾਨ ਨਿਰਸੁਆਰਥ ਸੇਵਾ ਲਈ ਪ੍ਰਭੂ ਪਾਸ ਅਰਦਾਸ ਕਰਦਾ ਹੈ:

> "ਤੇਰੀ ਹੀ ਅਸੀਂ ਸੇਵਾ ਕਰਦੇ ਹਾਂ ਅਤੇ ਤੇਰੀ ਹੀ ਸਹਾਇਤਾ ਲਈ ਅਸੀਂ ਜਾਚਨਾ ਕਰਦੇ ਹਾਂ। ਸਹੀ ਰਸਤੇ ਉਤੇ ਚਲਣ ਲਈ ਸਾਡਾ ਪੰਥ ਪ੍ਰਦਰਸ਼ਨ ਕਰੋ।"[1]

ਕੁੱਰਾਨ ਸ਼ਰੀਫ਼ ਵਿਚ ਅਨੇਕ ਵਾਰ ਜ਼ਾਕਾਤ ਅਤੇ ਇਬਾਦਤ ਦਾ ਇਕੋ ਥਾਂ ਜ਼ਿਕਰ ਕੀਤਾ ਗਿਆ ਹੈ ਅਤੇ ਇਬਾਦਤ ਭਾਵੇਂ ਜ਼ਕਾਤ ਨਾਲੋਂ ਉਚੇਰਾ ਮੰਨਿਆ ਗਿਆ ਹੈ, ਪਰ ਇਹ ਦ੍ਰਿੜ੍ਹ ਕਰਾਉਣ ਦਾ ਥਾਂ ਥਾਂ ਯਤਨ ਹੈ ਕਿ ਸੱਚੀ ਤੇਂ ਸੁੱਚੀ ਜ਼ਾਕਾਤ ਉਹੀ ਹੈ ਜਿਸ ਨਾਲ ਇਬਾਦਤ ਅਥਵਾ ਪ੍ਰਾਰਥਨਾ ਜੁੜੀ ਹੋਈ ਹੈ।[2]

ਪਵਿੱਤਰ ਕੁੱਰਾਨ ਸ਼ਰੀਫ਼ ਵਿਚ ਕੇਵਲ ਗ਼ੁਲਾਮਾਂ ਦਾ ਉਧਾਰ ਕਰਨ, ਗ਼ਰੀਬਾਂ ਨੂੰ ਭੋਜਨ ਛਕਾਉਣ, ਯਤੀਮਾਂ ਦੀ ਦੇਖ ਭਾਲ ਕਰਨ ਅਤੇ ਮਾਨਵ-ਜਾਤੀ ਦੀ ਭਲਾਈ ਲਈ ਕੀਤੇ ਗਏ ਚੰਗੇ ਕੰਮ ਕਰਨ ਉਤੇ ਹੀ ਜ਼ੋਰ ਨਹੀਂ ਦਿੱਤਾ ਗਿਆ, ਸਗੋਂ ਉਦਾਰਤਾ ਨਾਲ ਛੋਟੇ ਛੋਟੇ ਕੰਮਾਂ ਰਾਹੀਂ ਲੋੜਵੰਦਾਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਸੁੱਖ ਪਹੁੰਚਾਣ ਦੇ ਕੰਮਾਂ ਉਤੇ ਵੀ ਉਤਨਾ ਹੀ ਜ਼ੋਰ ਦਿਤਾ ਗਿਆ ਹੈ ਜਿੰਨਾ ਕਿ ਪਹਿਲੇ ਗਿਣਾਏ ਗਏ ਵੱਡੇ ਫ਼ਰਜ਼ਾਂ ਦੀ ਪਾਲਣਾ ਉਤੇ।[3]

---

1. ਮਹਿਮੂਦੁਲ ਹਸਨ, "ਇਸਲਾਮ", ਸੰਸਾਰ ਦੇ ਕੁਝ ਮੁਖ ਧਰਮ, ਸੰਪਾ. ਗੁਰਬਚਨ ਸਿੰਘ ਤਾਲਿਬ, ਪੰਨਾ 128

2. It should be noted that when prayer and charity are spoken of together, and this combination is of frequent occurrence in the Holy Quran, prayer always takes precedence of charity.

   Mulana Muhammad Ali, The Religion of Islam, p. 458

3. The Holy Quran not only lays stress on such great deeds of charity as the emancipation of slaves, the feeding of the poor, taking care of orphans and doing good to humanity in general, but gives equal emphasis to smaller acts of benevolence.

   Mulana Muhammad Ali, The Religion of Islam, p. 459

ਇਸਲਾਮ ਧਰਮ ਵਿਚ ਸੇਵਾ ਭਾਵਨਾ ਦਾ ਪਦਾਰਥਕ ਤੇ ਸਮਾਜਿਕ ਪਹਿਲੂ ਵਧੇਰੇ ਉਘੜਿਆ ਹੈ, ਪਰ ਇਸ ਦਾ ਭਾਵ ਇਹ ਨਹੀਂ ਕਿ ਸੇਵਾ ਦੇ ਰੂਹਾਨੀ ਪੱਖ ਤੇ ਕੋਈ ਵਿਚਾਰ ਪ੍ਰਾਪਤ ਨਹੀਂ ਹੈ। ਕੁੱਰਾਨ ਸ਼ਰੀਫ਼ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਸੇਵਾ ਦਾ ਮੰਤਵ ਪ੍ਰਭੂ ਪਿਆਰ ਤੋਂ ਪ੍ਰੇਰਿਤ ਅਤੇ ਨਿਰਸੁਆਰਥ ਹੋਣਾ ਚਾਹੀਦਾ ਹੈ। ਇਸਲਾਮ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਸਾਰੀ ਮਨੁੱਖਤਾ ਇਕ ਪਰਿਵਾਰ ਵਾਂਗ ਹੈ। ਇਸ ਲਈ ਸਾਡੀ ਸੇਵਾ ਭਾਵਨਾ ਅੱਲਾਹ ਦੇ ਨਾਂ ਤੇ ਹੀ ਪ੍ਰਵਾਨ ਹੁੰਦੀ ਹੈ ਵਿਅਕਤੀਗਤਰੂਪ ਵਿਚ ਨਹੀਂ।[1]

ਪਵਿੱਤਰ ਕੁੱਰਾਨ ਅਨੁਸਾਰ ਮਨੁੱਖ ਨੂੰ ਕਦੀ ਵੀ ਅੱਛਾਈ ਪ੍ਰਾਪਤ ਨਹੀਂ ਹੋ ਸਕਦੀ ਜਿੰਨਾਂ ਚਿਰ ਤਕ ਉਹ ਆਪਣੀਆਂ ਪਿਆਰੀਆਂ ਵਸਤਾਂ ਵਿਚੋਂ ਖ਼ੈਰਾਤ ਨਹੀਂ ਦਿੰਦਾ। ਇਕ ਆਇਤ ਵਿਚ ਦਸਿਆ ਗਿਆ ਹੈ ਕਿ ਜੋ ਕੁਝ ਮਨੁੱਖ ਦਿੰਦਾ ਹੈ, ਇਹ ਸੱਚ ਹੈ ਕਿ ਪਰਮਾਤਮਾ ਉਸ ਨੂੰ ਜਾਣਦਾ ਹੈ।[2]

ਇਸਲਾਮ ਵਿਚ ਕਹਿਣੀ ਤੇ ਕਰਨੀ ਦਾ ਇਕ ਹੋਣਾ ਵੀ ਸੇਵਾ ਦਾ ਅੰਗ ਮੰਨਿਆ ਗਿਆ ਹੈ। ਇਸਲਾਮ ਅਨੁਸਾਰ ਮਨੁੱਖ ਨੂੰ ਉਹ ਵਿਚਾਰ ਦੂਸਰਿਆਂ ਤੇ ਕਦਾਚਿਤ ਨਹੀਂ ਠੋਸਣੇ ਚਾਹੀਦੇ ਜਿਨ੍ਹਾਂ ਤੇ ਉਹ ਆਪ ਅਮਲ ਨਹੀਂ ਕਰਦਾ। ਇਸ ਤਰ੍ਹਾਂ ਜ਼ੁਬਾਨ ਨੂੰ ਪਵਿੱਤਰ ਰਖਣਾ, ਝੂਠ ਨਾ ਬੋਲਣਾ, ਕਿਸੇ ਦਾ ਤ੍ਰਿਸਕਾਰ ਨਾ ਕਰਨਾ, ਨਿੰਦਾ ਚੁਗਲੀ ਤੋਂ ਪਰਹੇਜ਼ ਕਰਨਾ ਅਤੇ ਆਪਸੀ ਪਰੇਮ ਸਦ-ਭਾਵਨਾ ਭਰਿਆ ਵਿਵਹਾਰ ਕਰਨਾ ਵੀ ਪ੍ਰਭੂ ਦੀ ਇਬਾਦਤ ਅਤੇ ਮਨੁਖਤਾ ਦੀ ਸੇਵਾ ਹੈ।

ਕਿਉਂਕਿ ਇਸਲਾਮ ਵਿਚ 'ਜ਼ਕਾਤ' ਨੂੰ ਹੀ ਸੇਵਾ ਦਾ ਕੇਂਦਰੀ ਨੁਕਤਾ ਮੰਨਿਆ ਗਿਆ ਹੈ, ਇਸ ਲਈ 'ਜ਼ਕਾਤ' ਦੇ ਅੰਤਰਗਤ ਧੰਨ ਦੌਲਤ ਅਤੇ ਹੋਰ ਵਸਤੂਆਂ ਦੇ ਦਾਨ ਦੀ ਗੱਲ ਵਧੇਰੇ ਕੀਤੀ ਗਈ ਹੈ। ਪਰ ਸੇਵਾ ਦੇ ਆਤਮਿਕ ਉਦੇਸ਼ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਗਿਆ।

---

1. "As for those who spend their wealth in the way of Allah, then do not follow up what they have spent with reproach or injury, they shall have their reward from their lord.."

(Quran 2:262)

Ref. Maulana Muhammad Ali, The Religion of Islam, p.461

2. By no means shall ye attain righteousness unless you give (freely) of that which ye love; and whatever ye give, of a truth God knoweth it well.

(Quran 3:92)

Ref. Abdullah Yusuf Ali, The Holy Quran, Text, Translation and Commentary, Vol. I, p. 147.

ਜ਼ਕਾਤ ਦਾ ਆਤਮਿਕ ਉਦੇਸ਼ ਉਦੋਂ ਹੀ ਪੂਰਾ ਹੁੰਦਾ ਹੈ ਜਦੋਂ ਕਿਸੇ ਪਾਸਿਉਂ ਵੀ ਇਸਦੇ ਫਲ ਦੇ ਪ੍ਰਾਪਤ ਹੋਣ ਦੀ ਆਸ਼ਾ ਨਾ ਰਖੀ ਜਾਏ। ਕੁੱਰਾਨ ਸ਼ਰੀਫ ਵਿਚ ਲਿਖਿਆ ਹੈ: "ਜੋ ਵਿਅਕਤੀ ਚੰਗਿਆਈ ਲਈ ਦਾਨ ਦਿੰਦਾ ਹੈ ਅਤੇ ਸਿਵਾਏ ਆਪਣੇ ਮਹਾਨ ਪ੍ਰਭੂ ਦੀ ਖੁਸ਼ੀ ਦੀ ਪ੍ਰਾਪਤੀ ਦੀ ਇੱਛਾ ਦੇ, ਕਿਸੇ ਵੀ ਫਲ ਦੀ ਪ੍ਰਾਪਤੀ ਤੋਂ ਬਿਨਾਂ ਆਪਣੀ ਦੌਲਤ ਦਿੰਦਾ ਹੈ, ਉਸਨੂੰ ਅਵੱਸ਼ ਹੀ ਸੰਤੋਖ ਦੀ ਪ੍ਰਾਪਤੀ ਹੋਵੇਗੀ।"[1]

ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਕ ਵਾਰੀ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੀ ਸੁਪਤਨੀ ਆਇਸ਼ਾ ਜੀ ਨੂੰ ਕਿਹਾ ਸੀ ਕਿ "ਹੇ ਆਇਸ਼ਾ! ਬਿਨਾਂ ਕੁਝ ਦਿੱਤੇ ਦਰ ਉਤੇ ਆਏ ਕਿਸੇ ਵੀ ਗ਼ਰੀਬ ਨੂੰ ਖ਼ਾਲੀ ਮੋੜ ਜਾਣ ਦਿਓ, ਭਾਵੇਂ ਇਕ ਖਜੂਰੀ ਹੀ ਦੇ ਦਿਉ। ਹੇ ਆਇਸ਼ਾ, ਗ਼ਰੀਬਾਂ ਨੂੰ ਪਿਆਰ ਕਰੋ, ਉਨ੍ਹਾਂ ਨੂੰ ਆਪਣੇ ਨੇੜੇ ਆਉਣ ਦਿਓ; ਪਰਮਾਤਮਾ ਤੈਨੂੰ ਕਿਆਮਤ ਦੇ ਦਿਨ ਆਪਣੇ ਨੇੜੇ ਲਿਆਏਗਾ।"[2]

ਇਸ ਤਰ੍ਹਾਂ ਜਗਤ ਵਿਚ 'ਜ਼ਕਾਤ' ਰਾਹੀਂ ਕੀਤੀ ਗਈ ਸੇਵਾ ਨੂੰ ਕਿਆਮਤ ਦੇ ਦਿਨ ਖੁਦਾਵੰਦ ਕਰੀਮ ਦੀ ਬਖ਼ਸ਼ਿਸ਼ ਨਾਲ ਜੋੜ ਦਿੱਤਾ ਗਿਆ ਹੈ ਜਿਸਦੇ ਫਲਸਰੂਪ ਮਨੁੱਖ ਦੁਆਰਾ ਮਨੁੱਖ ਦੀ ਸੇਵਾ ਦਾ ਮਹੱਤਵ ਇਸਲਾਮ ਵਿਚ ਬਹੁਤ ਵਧ ਗਿਆ ਹੈ ਕਿਉਂਕਿ ਅਸਿੱਧੇ ਰੂਪ ਵਿਚ ਇਸ ਨੂੰ ਪ੍ਰਮਾਤਮਾ ਦੀ ਸੇਵਾ ਹੀ ਮੰਨ ਲਿਆ ਗਿਆ।

ਇਸਲਾਮ ਦੀ ਰਹੱਸਵਾਦੀ ਸੰਪ੍ਰਦਾਇ, ਜੋ ਸੂਫ਼ੀ ਮੱਤ ਦੇ ਨਾਂ ਨਾਲ ਪ੍ਰਸਿੱਧ ਹੈ, ਵਿਚ ਸੇਵਾ ਦਾ ਸੰਕਲਪ ਹੋਰ ਵੀ ਵਧੇਰੇ ਨਿਖਰਵੇਂ ਰੂਪ ਵਿਚ ਪ੍ਰਗਟ ਹੋਇਆ। ਇਸ ਸੰਪ੍ਰਦਾਇ ਨਾਲ ਸੰਬੰਧਤ ਫ਼ਕੀਰਾਂ ਅਤੇ ਦਰਵੇਸ਼ਾਂ ਨੇ ਇਸ਼ਕ ਹਕੀਕੀ ਦੇ ਨਾਲ ਨਾਲ ਇਸ਼ਕ ਮਜਾਜ਼ੀ ਦੀ ਕਲਪਨਾ ਕਰਕੇ ਮਨੁੱਖ ਦੀ ਮਨੁੱਖ ਨਾਲ ਹੋਣ ਵਾਲੀ ਮੁਹੱਬਤ ਨੂੰ, ਮਨੁੱਖ ਦੀ ਭਗਵਾਨ ਨਾਲ ਹੋਣ ਵਾਲੀ ਮੁਹੱਬਤ ਦਾ ਪਹਿਲਾ ਪੜਾ ਮੰਨ ਲਿਆ। ਇਸ ਲਈ ਸੱਚੇ ਦਿਲੋਂ ਖੁਦਾ ਨਾਲ ਮੁਹੱਬਤ ਕਰਨ ਵਾਲੇ ਸੂਫ਼ੀ ਖੁਦਾ ਦੀ ਮਖਲੂਕ ਅਰਥਾਤ ਮਾਨਵ ਜਾਤੀ ਦੀ ਸੇਵਾ ਕਰਕੇ ਆਤਮਕ ਸੰਤੁਸ਼ਟਤਾ ਪ੍ਰਾਪਤ ਕਰਨ ਲਗ ਪਏ। ਇਸ ਲਈ ਭਿੰਨ ਭਿੰਨ ਸੂਫ਼ੀ ਡੇਰਿਆਂ ਵਿਚ ਅਤੇ ਜਿਥੋਂ ਤਕ ਇਨ੍ਹਾਂ ਡੇਰਿਆਂ ਦਾ ਅਸਰ ਰਸੂਖ਼ ਸੀ ਉਸ ਸਮੁੱਚੇ ਖੇਤਰ ਵਿਚ ਸੇਵਾ ਦੀ ਭਾਵਨਾ ਨੂੰ ਬਹੁਤ ਉੱਚਾ ਸਥਾਨ ਪ੍ਰਾਪਤ ਹੋ ਗਿਆ।

---

1. ਮਹਿਮੂਦੁਲ ਹਸਨ, "ਇਸਲਾਮ", ਸੰਸਾਰ ਦੇ ਕੁਝ ਮੁਖ ਧਰਮ, ਸੰਪਾ. ਗੁਰਬਚਨ ਸਿੰਘ ਤਾਲਿਬ, ਪੰਨਾ 131
2. ਉਹੀ, ਪੰਨਾ 131

ਈਸਾਈ ਮੱਤ ਵਿਚ ਸੇਵਾ ਦਾ ਸੰਕਲਪ:

ਇਸ ਮੱਤ ਅਨੁਸਾਰ ਅਸਲੀ ਸੇਵਾ ਮਨੁਖਤਾ ਨੂੰ ਪਿਆਰ ਕਰਨ ਵਿਚ ਹੈ ਕਿਉਂਕਿ ਮਨੁਖਤਾ ਵਿਚ ਹੀ ਪ੍ਰਭੂ ਆਪ ਸਮਾਇਆ ਹੋਇਆ ਹੈ। ਈਸਾਈ ਧਰਮ ਦੇ ਪੈਰੋਕਾਰ ਇਸ ਗੱਲ ਨੂੰ ਯਾਦ ਕਰਕੇ ਬੜਾ ਗੌਰਵ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਪੈਗੰਬਰ ਹਜ਼ਰਤ ਈਸਾ ਮਸੀਹ ਨੇ ਆਪਣੀ ਵਫ਼ਾਤ ਤੋਂ ਕੁਝ ਸਮਾਂ ਪਹਿਲਾਂ ਆਪਣੇ ਬਾਰਾਂ ਚੇਲਿਆਂ ਦੇ ਪੈਰ ਆਪ ਧੋਤੇ ਸਨ। ਇਸ ਸੰਦਰਭ ਨਾਲ ਸੰਬੰਧਿਤ ਬਾਈਬਲ ਦੇ ਸ਼ਬਦ ਇਸ ਪ੍ਰਕਾਰ ਹਨ:

> "ਕੀ ਤੁਸੀਂ ਜਾਣਦੇ ਹੋ ਕਿ ਮੈਂ ਇਹ ਤੁਹਾਡੇ ਲਈ ਕਿਉਂ ਕੀਤਾ ਹੈ? ਤੁਸੀਂ ਮੈਨੂੰ 'ਸੁਆਮੀ' ਅਤੇ 'ਪ੍ਰਭੂ' ਕਹਿੰਦੇ ਹੋ। ਅਤੇ ਇਹ ਬਿਲਕੁਲ ਠੀਕ ਹੀ ਹੈ ਕਿਉਂਕਿ ਮੈਂ ਹਾਂ ਤਾਂ ਇਹੋ ਕੁਝ। ਤਾਂ ਫਿਰ ਜੇ ਮੈਂ ਤੁਹਾਡਾ ਸੁਆਮੀ ਅਤੇ ਪ੍ਰਭੂ ਹੁੰਦੇ ਹੋਏ ਤੁਹਾਡੇ ਪੈਰ ਧੋਤੇ ਹਨ ਤੁਹਾਨੂੰ ਵੀ ਇਕ ਦੂਜੇ ਦੇ ਚਰਨ ਜ਼ਰੂਰ ਧੋਣੇ ਚਾਹੀਦੇ ਹਨ। ਮੈਂ ਤੁਹਾਡੇ ਲਈ ਇਕ ਮਿਸਾਲ ਕਾਇਮ ਕੀਤੀ ਹੈ। ਤੁਹਾਨੂੰ ਵੀ ਇਦਾਂ ਹੀ ਕਰਨਾ ਚਾਹੀਦਾ ਹੈ ਜਿੱਦਾਂ ਮੈਂ ਤੁਹਾਡੇ ਲਈ ਕੀਤਾ ਹੈ।"[1]

ਉਪਰੋਕਤ ਕਥਨ ਦਾ ਭਾਵ ਇਹ ਹੈ ਕਿ ਸਮੁੱਚੀ ਮਾਨਵਤਾ ਇਕ ਪ੍ਰਭੂ ਦੀ ਔਲਾਦ ਹੈ, ਇਸ ਲਈ ਇਕ ਦੂਸਰੇ ਦੇ ਕੰਮ ਆਉਣਾ, ਸਦਭਾਵਨਾ ਨਾਲ ਰਹਿਣਾ ਅਤੇ ਭਰਾਵਾਂ ਵਾਂਗ ਪਿਆਰ ਕਰਨਾ ਹੀ ਸੱਚੀ ਸੇਵਾ ਹੈ। ਇਸ ਸੇਵਾ ਭਾਵਨਾ ਸਦਕਾ ਹੀ ਪ੍ਰਭੂ ਮਨੁੱਖ ਤੇ ਪ੍ਰਸੰਨ ਹੁੰਦਾ ਹੈ ਅਤੇ ਰਹਿਮਤ ਕਰਦਾ ਹੈ ਜਿਵੇਂ ਉਸਨੇ ਯਸੂ-ਮਸੀਹ ਉਤੇ ਕੀਤੀ ਸੀ। ਆਪਣੇ ਇਕ ਹੋਰ ਹੁਕਮ ਵਿਚ ਯਸੂ-ਮਸੀਹ ਨੇ ਆਪਣੇ ਸ਼ਾਗਿਰਦਾਂ ਨੂੰ ਆਦੇਸ਼ ਕੀਤਾ:

> "ਮੇਰੇ ਬੱਚਿਓ ਮੈਂ ਹੁਣ ਥੋੜੀ ਦੇਰ ਲਈ ਹੀ ਤੁਹਾਡੇ ਕੋਲ ਹਾਂ ਫਿਰ ਤੁਸੀਂ ਮੇਰੀ ਭਾਲ ਕਰੋਗੇ ਜਿਵੇਂ ਮੈਂ ਯਹੂਦੀਆਂ ਨੂੰ ਦੱਸਿਆ ਸੀ, ਤੁਹਾਨੂੰ ਵੀ ਕਹਿੰਦਾ ਹਾਂ ਕਿ ਜਿਥੇ ਮੈਂ ਜਾ ਰਿਹਾ ਹਾਂ, ਤੁਸੀਂ ਨਹੀਂ ਜਾ ਸਕਦੇ। ਮੈਂ ਤੁਹਾਨੂੰ ਇਕ ਨਵਾਂ ਹੁਕਮ ਦਿੰਦਾ ਹਾਂ ਇਕ ਦੂਜੇ ਨਾਲ

---

1. ਐਮ.ਪੀ. ਕ੍ਰਿਸ਼ਨਾ ਨੰਦ ਪਲਾਈ, "ਈਸਾਈ ਮਤ ਦਾ ਅਧਿਐਨ" ਸੰਸਾਰ ਦੇ ਕੁਝ ਮੁਖ ਧਰਮ, ਪੰਨਾ 90

ਪਿਆਰ ਕਰੋ; ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਹੈ, ਇਸੇ ਤਰ੍ਹਾਂ ਤੁਹਾਨੂੰ ਵੀ ਇਕ ਦੂਜੇ ਨਾਲ ਪਿਆਰ ਕਰਨਾ ਚਾਹੀਦਾ ਹੈ। ਜੇ ਇਹ ਪਿਆਰ ਤੁਹਾਡੇ ਵਿਚ ਰਹੇਗਾ, ਤਾਂ ਸਾਰੇ ਇਹ ਸਮਝਣਗੇ ਕਿ ਤੁਸੀਂ ਮੇਰੇ ਸ਼ਿਸ਼ ਹੋ।"[1]

ਈਸਾਈਆਂ ਦਾ ਵਿਸ਼ਵਾਸ਼ ਹੈ ਕਿ ਪਰਮਾਤਮਾ ਸੰਸਾਰ ਦੀ ਹਰ ਵਸਤੂ ਦਾ ਆਦਿ ਵੀ ਹੈ ਅਤੇ ਅੰਤ ਵੀ। ਈਸਾਈ ਮੱਤ ਦਾ ਇਹ ਵਿਸ਼ਵਾਸ਼ ਵੀ ਹੈ ਕਿ ਜਦੋਂ ਪਰਮਾਤਮਾ ਦਾ ਆਪਾ ਮਨੁਖਤਾ ਦੇ ਪਿਆਰ ਨਾਲ ਉਛਲਿਆ ਤਾਂ ਉਸਨੇ ਆਪਣੇ ਆਪ ਨੂੰ ਯਸੂ ਮਸੀਹ ਵਿਚ ਮਨੁਖਤਾ ਦੇ ਭਲੇ ਲਈ ਪ੍ਰਕਾਸ਼ਮਾਨ ਕੀਤਾ। ਈਸਾਈ ਮੱਤ ਦੀ ਨਿਮਨ ਲਿਖਤ ਨੈਤਿਕ ਨਿਯਮਾਵਲੀ ਤੋਂ ਵੀ ਇਸ ਮੱਤ ਦੇ ਸੇਵਾ ਸੰਕਲਪ ਬਾਰੇ ਅਪਰਤੱਖ ਰੂਪ ਵਿਚ ਪਤਾ ਲੱਗੇਗਾ:

(1) ਤੁਹਾਨੂੰ ਮੇਰੇ ਸਿਵਾਏ ਕਿਸੇ ਹੋਰ ਆਸਮਾਨੀ ਹਸਤੀ ਨੂੰ ਨਹੀਂ ਮੰਨਣਾ ਹੋਵੇਗਾ।

(2) ਆਪਣੇ ਪਰਮਾਤਮਾ ਸੁਆਮੀ ਦਾ ਨਾਮ ਪਿਆਰ ਨਾਲ ਲੈਣਾ ਹੋਵੇਗਾ।

(3) ਪਵਿੱਤਰ ਦਿਨ ਮਨਾਉਣਾ ਹੋਵੇਗਾ।

(4) ਆਪਣੇ ਮਾਤਾ ਪਿਤਾ ਦਾ ਸਤਿਕਾਰ ਕਰਨਾ ਹੋਵੇਗਾ।

(5) ਹਿੰਸਾ ਨਹੀਂ ਕਰਨੀ ਹੋਵੇਗੀ।

(6) ਵਿਭਚਾਰ ਨਹੀਂ ਕਰਨਾ ਹੋਵੇਗਾ।

(7) ਚੋਰੀ ਨਹੀਂ ਕਰਨੀ ਹੋਵੇਗੀ, ਗੁਆਂਢੀ ਵਿਰੁੱਧ ਝੂਠੀ ਗਵਾਹੀ ਨਹੀਂ ਦੇਣੀ ਹੋਵੇਗੀ।

(8) ਆਪਣੇ ਪੜੋਸੀ ਦੀ ਬੀਵੀ, ਪਤੀ ਪ੍ਰਤੀ ਹਵਸ ਨਹੀਂ ਰਖਣੀ ਹੋਵੇਗੀ।

(9) ਆਪਣੇ ਪੜੋਸੀ ਦੀ ਦੌਲਤ ਅਤੇ ਮਾਲ ਅਸਬਾਬ ਦਾ ਲਾਲਚ ਨਹੀਂ ਕਰਨਾ ਹੋਵੇਗਾ।

---

1. ਐਮ.ਪੀ. ਕ੍ਰਿਸ਼ਨਾ ਨੰਦ ਪਲਾਈ, "ਈਸਾਈ ਮਤ ਦਾ ਅਧਿਐਨ", ਸੰਸਾਰ ਦੇ ਕੁਝ ਮੁਖ ਧਰਮ, ਪੰਨਾ 91

ਇਸ ਪ੍ਰਕਾਰਈਸਾਈ ਮੱਤ ਵਿਚ ਵੀ ਸੇਵਾ ਦਾ ਵਿਸੇਸ਼ ਸਥਾਨ ਹੈ। ਈਸਾਈਆਂ ਦਾ ਯਕੀਨ ਹੈ ਕਿ ਮਨੁੱਖਤਾ ਦੀ ਸੇਵਾ ਹੀ ਅੰਤਿਮ ਰੂਪ ਵਿਚ ਰੂਹਾਨੀ ਸੇਵਾ ਵਿਚ ਬਦਲ ਜਾਂਦੀ ਹੈ। ਇਸ ਮੱਤ ਅਨੁਸਾਰ ਸੱਚੀ ਤੇ ਸੁੱਚੀ ਜ਼ਿੰਦਗੀ ਉਹੀ ਹੈ ਜੋ ਨਿਜੀ ਸੁਆਰਥ ਤੋਂ ਬੇਲਾਗ ਰਹਿਕੇ, ਪ੍ਰੇਮ ਤੇ ਸੇਵਾ ਦੇ ਰੰਗ ਵਿਚ ਰੰਗੀ ਹੋਈ ਹੈ।[1]

ਈਸਾਈ ਮੱਤ ਦਾ ਵਿਸ਼ਵਾਸ ਹੈ ਕਿ ਮਨੁੱਖ ਦੇ ਆਪੇ ਨੂੰ ਸੇਵਾ ਦੇ ਯੋਗ ਬਣਾਉਣਾ ਚਾਹੀਦਾ ਹੈ ਅਤੇ ਮਨੁੱਖੀ ਆਪੇ ਨੂੰ ਹਰ ਅਜਿਹੀ ਵਸਤੂ ਅਤੇ ਕਰਮ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ ਜਿਹੜੀ ਸੇਵਾ ਦੇ ਰਸਤੇ ਵਿਚ ਬਾਧਾ ਪਾਉਂਦੀ ਹੈ। ਮਨੁੱਖੀ ਕਰਮ ਤਾਂ ਹੀ ਕੋਈ ਫਲ ਪ੍ਰਾਪਤ ਕਰ ਸਕਦੇ ਹਨ ਜੇ ਉਹ ਦੂਸਰਿਆਂ ਦੀ ਭਲਾਈ ਲਈ ਕੀਤੇ ਹੋਣਗੇ।[2] ਈਸਾਈ ਵਿਸ਼ਵਾਸ ਅਨੁਸਾਰ ਯਸੂ ਮਸੀਹ ਦਾ ਮੁਖ ਮੰਤਵ ਮਨੁੱਖੀ ਸਰੀਰ ਨੂੰ ਵਧੀਆ ਬਨਾਉਣਾ ਜਾਂ ਮਨੁੱਖੀ ਸਮਾਜ ਵਿਚ ਕੇਵਲ ਆਰਥਕ ਸੁਧਾਰ ਲਿਆਉਣਾ ਨਹੀਂ ਸੀ, ਸਗੋਂ ਪਾਪ ਅਤੇ ਕਸ਼ਟ ਤੋਂ ਮਨੁੱਖੀ ਜ਼ਿੰਦਗੀ ਨੂੰ ਮੁਕਤੀ ਦੁਆ ਕੇ ਇਸਨੂੰ ਭਰਪੂਰ ਅਤੇ ਸੰਪੂਰਨ ਬਨਾਉਣਾ ਸੀ।[3]

---

1. True sanctification consists in a life turned wholly outwards in love and service, a life free from all self-absorption in any shape or form.

   Emil Brunner, The Divine Imperative, p. 190

2. Certainly the self must be made fit for service and it must get rid of whatever would make it unfit for service. But such action only gains its meaning and its fruitfulness from the fact that it is undertaken for the sake of the service of others.

   Ibid, p. 190

3. ...the primary aim of Jesus was not the healing of man's bodies or the improvement of their economic condition, but their liberation from sin and suffering into a fuller life.

   George F. Thomas, Christian Ethics and Moral Philosophy, p. 71

ਈਸਾਈ ਮੱਤ ਵਿਚ ਸੇਵਾ ਦੀ ਸੰਪੂਰਨਤਾ ਲਈ ਨਿਮਾਣਤਾ ਅਤਿ ਆਵੱਸ਼ਕ ਹੈ। ਨਿਮਾਣਤਾ ਤੋਂ ਭਾਵ ਮਨੁੱਖੀ ਹਉਮੈਂ ਦਾ ਵਿਨਾਸ਼ ਹੈ ਅਤੇ ਇਹ ਤਦ ਹੀ ਹੋ ਸਕਦਾ ਹੈ ਜੇ ਮਨੁੱਖ ਇਸ ਜਨਮ ਵਿਚ ਸੇਵਾ ਕਰਨ ਲਈ ਦ੍ਰਿੜ੍ਹ ਹੋਵੇ ਨਾਂ ਕਿ ਸੇਵਾ ਕਰਵਾਉਣ ਵਿਚ ਪ੍ਰਸੰਨਤਾ ਪ੍ਰਾਪਤ ਕਰੇ। ਹਜ਼ਰਤ ਈਸਾ ਨੇ ਆਪਣੇ ਪੈਰੋਕਾਰਾਂ ਨੂੰ ਆਖਿਆ ਸੀ ਕਿ ਤੁਹਾਡੇ ਵਿਚੋਂ ਉਹੀ ਸਭ ਤੋਂ ਅੱਗੇ ਤੇ ਮਹਾਨ ਹੈ ਜਿਹੜਾ ਸਭ ਤੋਂ ਪਿਛੇ ਹੈ ਅਤੇ ਸਾਰਿਆਂ ਦਾ ਦਾਸ ਹੈ, ਕਿਉਂਕਿ ਸੇਵਾ ਦੀ ਸੱਚੀ ਮਹਾਨਤਾ ਨਿਮਾਣਤਾ ਤੋਂ ਬਿਨਾਂ ਸੰਭਵ ਨਹੀਂ ਹੈ।[1]

## ਜ਼ਰਤੁਸ਼ਤ ਮੱਤ ਵਿਚ ਸੇਵਾ ਦਾ ਸੰਕਲਪ:

ਜ਼ਰਤੁਸ਼ਤ ਮੱਤ ਸੰਸਾਰ ਦੇ ਸਭ ਤੋਂ ਪੁਰਾਣੇ ਅਤੇ ਮਹੱਤਵਪੂਰਨ ਧਰਮਾਂ ਵਿਚੋਂ ਇਕ ਹੈ। ਇਸ ਦੇ ਅਨੁਆਈਆਂ ਨੂੰ ਪਾਰਸੀ ਕਿਹਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ 'ਜ਼ਰਤੁਸ਼ਤ' ਨੂੰ 30 ਸਾਲਾਂ ਦੀ ਉਮਰ ਵਿਚ ਦੈਵੀ ਇਲਹਾਮ ਹੋਇਆ। ਇਸ ਧਰਮ ਦਾ ਪਵਿੱਤਰ ਧਾਰਮਿਕ ਗ੍ਰੰਥ ਕਈ ਰਚਨਾਵਾਂ ਦਾ ਸੰਗ੍ਰਹਿ ਹੈ ਜਿਸ ਨੂੰ 'ਅਵੇਸਤਾ' ਕਿਹਾ ਜਾਂਦਾ ਹੈ। ਇਸਲਾਮ ਵਾਂਗ ਅਤੇ ਈਸਾਈ ਮੱਤ ਵਾਂਗ ਇਸ ਮੱਤ ਦਾ ਵੀ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਪਰਮਾਤਮਾ ਕੇਵਲ ਇਕ ਹੈ, ਉਹ ਸਰਵ-ਵਿਆਪਕ ਹੈ ਅਤੇ ਇਹ ਜਗਤ ਉਸਦਾ ਹੀ ਜ਼ਹੂਰ ਹੈ। ਇਸ ਲਈ ਜਗਤ ਦੇ ਜੀਵਾਂ ਦੀ ਸੇਵਾ ਹੀ ਉਸਦੀ ਸੇਵਾ ਹੈ। ਇਸ ਮੱਤ ਅਨੁਸਾਰ ਮਨ ਦੀ ਸੁੱਧੀ ਤੇ ਵਧੇਰੇ ਬਲ ਦਿੱਤਾ ਗਿਆ ਹੈ। ਇਸ ਮੱਤ ਦੇ ਵਿਸ਼ਵਾਸ਼ ਅਨੁਸਾਰ ਇਹ ਸਮਝਿਆ ਜਾਂਦਾ ਹੈ ਕਿ ਇਕ ਪਵਿੱਤਰ ਅਤੇ ਨੇਕ ਮਨ ਦੁਆਰਾ ਹੀ ਰੂਹਾਨੀ ਸੰਪੂਰਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ।[2] ਇਸ ਵਿਚਾਰ ਤੋਂ ਭਲੀ ਭਾਂਤ ਸਪਸ਼ਟ ਹੁੰਦਾ ਹੈ ਕਿ ਮਨ ਨੂੰ ਪਵਿੱਤਰ ਅਤੇ ਨੇਕ ਬਣਾਉਣ ਲਈ ਸੇਵਾ ਕਰਨੀ ਹੀ ਇਕ ਮਾਤਰ ਸਾਧਨ ਹੈ। ਇਸ ਮੱਤ ਅਨੁਸਾਰ ਨੇਕ ਮਨ ਦੁਆਰਾ ਕੀਤੀ ਸੇਵਾ ਕਾਰਨ ਹੀ ਸੰਸਾਰ ਵਿਚ ਨੇਕੀ ਦੀਆਂ ਸ਼ਕਤੀਆਂ ਦੀ ਜਿੱਤ ਹੋ ਸਕਦੀ ਹੈ। ਨੇਕੀ ਅਤੇ ਬਦੀ ਦਾ ਸੰਘਰਸ਼ ਵਿਅਕਤੀਗਤ ਮਨੁੱਖਾਂ ਅੰਦਰ ਵੀ ਹਰ ਸਮੇਂ ਹੁੰਦਾ ਰਹਿੰਦਾ ਹੈ। ਬਦੀ ਉਤੇ ਵਸੀਕਾਰ ਕਰਨ ਲਈ ਮਨੁੱਖ ਨੂੰ ਆਪਣੀ ਬਿਬੇਕ ਬੁੱਧ ਨਾਲ ਰੱਬੀ ਹੁਕਮ ਦੀ ਪਾਲਣਾ ਕਰਦੇ ਹੋਏ ਨੇਕੀ ਦੇ ਮਾਰਗ ਉਤੇ ਤੁਰਨਾ ਚਾਹੀਦਾ ਹੈ ਅਤੇ ਇਹ ਨੇਕੀ ਦਾ ਮਾਰਗ ਪ੍ਰਭੂ ਦੀ ਮਨੁਖਤਾ ਦੀ ਸੇਵਾ ਕਰਨਾ ਹੀ ਹੈ।

---

1. If any one would be first, he must be last of all and servant of all. For the true greatness which is based upon service is impossible without humility."

   GeorgeF.Thomas, Christian Ethics and Moral Philosophy, p. 72

2. ਅਵਤਾਰ ਸਿੰਘ, "ਜ਼ੋਰੋਐਸਟਰੀ", ਸੰਸਾਰ ਦੇ ਕੁਝ ਮੁਖ ਧਰਮ, ਪੰਨਾ 18

ਇਸ ਮੱਤ ਦੇ ਪੈਰੋਕਾਰਾਂ ਨੂੰ ਉਪਦੇਸ਼ ਹੈ ਕਿ ਸੰਸਾਰ ਦਾ ਹਰ ਕਰਮ ਧਾਰਮਿਕ ਦ੍ਰਿਸ਼ਟੀਕੋਣ ਤੋਂ ਨਿਰਪੱਖ ਰੂਪ ਵਿਚ ਕੀਤਾ ਜਾਵੇ। ਇਸਦਾ ਭਾਵ ਇਹ ਹੈ ਕਿ ਦੂਸਰਿਆਂ ਦੇ ਪ੍ਰਸੰਗ ਵਿਚ ਕੀਤੇ ਹੋਏ ਭਲੇ ਕਰਮ ਵੀ ਧਾਰਮਿਕ ਦ੍ਰਿਸ਼ਟੀ ਤੋਂ ਕੀਤੇ ਜਾਣ ਅਤੇ ਇਹ ਦ੍ਰਿਸ਼ਟੀ ਹੀ ਮਨੁੱਖਤਾ ਦੀ ਸੱਚੀ ਸੇਵਾ ਹੈ। ਜ਼ਰਤੁਸ਼ਤ ਮੱਤ ਅਨੁਸਾਰ ਸੇਵਾ ਦਾ ਨੈਤਿਕ ਪੱਖ ਈਮਾਨਦਾਰੀ, ਸਾਫ਼-ਬਿਆਨੀ, ਇਨਸਾਫ਼, ਗ਼ਰੀਬਾਂ ਨੂੰ ਦਾਨ ਦੇਣਾ, ਮਹਿਮਾਨ-ਨਿਵਾਜ਼ੀ ਅਤੇ ਪਵਿੱਤਰਤਾ ਦੇ ਗੁਣਾਂ ਨੂੰ ਗ੍ਰਹਿਣ ਕਰਨ ਵਿਚ ਹੈ।[1]

ਇਸ ਮੱਤ ਅਨੁਸਾਰ ਸੇਵਾ ਦੀ ਭਾਵਨਾ ਦਾ ਪਾਲਣ ਚੰਗੇ ਕਰਮਾਂ ਦੁਆਰਾ ਕੀਤਾ ਜਾਂਦਾ ਹੈ। ਚੰਗੇ ਕਰਮਾਂ ਦੇ ਕਰਨ ਨਾਲ ਮਨੁੱਖ ਆਪਣੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਮੱਤ ਅਨੁਸਾਰ ਨਿਮਰਤਾ ਤੋਂ ਬਿਨਾਂ ਨਾ ਪੂਜਾ ਤੇ ਨਾ ਹੀ ਸੇਵਾ ਸੰਪੂਰਨ ਹੁੰਦੀ ਹੈ। ਇਸ ਲਈ ਹਰ ਕਰਮ ਕਰਦੇ ਸਮੇਂ, ਇਥੋਂ ਤਕ ਕਿ ਪ੍ਰਭੂ ਨੂੰ ਪਰੇਮ ਅਥਵਾ ਉਸਦੀ ਭਗਤੀ ਕਰਨ ਸਮੇਂ ਵੀ ਨਿਮਰਤਾ ਨੂੰ ਧਾਰਨ ਕਰਨਾ ਚਾਹੀਦਾ ਹੈ। ਇਸ ਮੱਤ ਦੇ ਸੇਵਾ ਸੰਕਲਪ ਦਾ ਬੁਨਿਆਦੀ ਨੁਕਤਾ ਇਹ ਹੈ ਕਿ:

> "ਜੋ ਵੀ ਗ਼ਰੀਬਾਂ ਅਤੇ ਪਵਿੱਤਰ ਵਿਅਕਤੀਆਂ ਦੀ ਪਾਲਣਾ ਕਰਦਾ ਹੈ
> ਉਹ ਬ੍ਰਹਿਮੰਡ ਉਤੇ ਅਹੁਰ ਦੀ ਬਾਦਸ਼ਾਹੀਅਤ ਨੂੰ ਪਰਵਾਨ ਕਰਦਾ ਹੈ।"[2]

ਭਾਵ ਇਹ ਕਿ ਸੇਵਾ ਤੋਂ ਬਿਨਾਂ ਮਨੁੱਖ ਦੇ ਪ੍ਰਭੂ ਵਿਚ ਵਿਸ਼ਵਾਸ਼ ਦੀ ਆਸ ਨਹੀਂ ਕੀਤੀ ਜਾ ਸਕਦੀ।

ਜ਼ਰਤੁਸ਼ਤ ਮੱਤ ਅਨੁਸਾਰ ਹਰ ਉਹ ਕਰਮ ਜੋ ਧਾਰਮਿਕ ਦ੍ਰਿਸ਼ਟੀਕੋਣ ਤੋਂ ਕੀਤਾ ਜਾਵੇ ਸੇਵਾ ਹੈ, ਕਿਉਂਕਿ ਧਾਰਮਿਕ ਦ੍ਰਿਸ਼ਟੀ ਤੋਂ ਕੀਤੇ ਕਰਮ ਵਿਚ ਪਰ-ਸੁਆਰਥ ਪਰਉਪਕਾਰ, ਦਇਆ ਅਤੇ ਨੇਕੀ ਦੀ ਭਾਵਨਾ ਹੁੰਦੀ ਹੈ।

ਉਪਰੋਕਤ ਭਿੰਨ ਭਿੰਨ ਧਰਮਾਂ ਵਿਚਲੇ ਸੇਵਾ ਦੇ ਸੰਕਲਪ ਨੂੰ ਸਮਝਣ ਦਾ ਯਤਨ ਇਸ ਲਈ ਕੀਤਾ ਗਿਆ ਹੈ ਕਿ ਗੁਰਮਤਿ ਦਾ ਆਪਣਾ ਨਿਵੇਕਲਾ ਸੇਵਾ ਦਾ ਸੰਕਲਪ ਇਸ ਸਮੁੱਚੇ

---

1. ਅਵਤਾਰ ਸਿੰਘ, "ਜ਼ੋਰੋਐਸਟਰੀ", ਸੰਸਾਰ ਦੇ ਕੁਝ ਮੁਖ ਧਰਮ, ਪੰਨਾ 20

2. ਉਹੀ, ਪੰਨਾ 24

ਪਰਿਪੇਖ ਵਿਚ ਹੀ ਨਿਖਰਿਆ ਹੈ। ਓਪਰੀ ਦ੍ਰਿਸ਼ਟੀ ਤੋਂ ਵੇਖਿਆਂ ਇਉਂ ਲੱਗੇਗਾ ਕਿ ਉਤਰੀ ਭਾਰਤ ਵਿਚ ਵਿਕਸਿਤ ਹੋਏ ਪਰਾਚੀਨ ਭਾਰਤੀ ਧਰਮਾਂ ਅਤੇ ਇਸਲਾਮ ਜਾਂ ਉਸਦੀ ਇਕ ਮੁੱਖ ਸੰਪ੍ਰਦਾਇ ਸੂਫ਼ੀ ਮੱਤ ਤੋਂ ਇਲਾਵਾ ਗੁਰਮਤਿ ਦਾ, ਵਿਸ਼ੇਸ਼ ਰੂਪ ਵਿਚ ਗੁਰੂ ਸਾਹਿਬਾਨ ਦੇ ਯੁਗ ਵਿਚ ਕੋਈ ਸਿੱਧਾ ਜਾਂ ਅਸਿੱਧਾ ਆਦਾਨ ਪ੍ਰਦਾਨ ਨਹੀਂ ਹੋਇਆ। ਪਰੰਤੂ ਵਾਸਤਵਿਕਤਾ ਇਹ ਹੈ ਕਿ ਗੁਰੂ ਸਾਹਿਬਾਨ ਦੇ ਜ਼ਮਾਨੇ ਵਿਚ ਵੀ ਅਤੇ ਉਸਤੋਂ ਬਾਅਦ ਵੀ ਗੁਰਮਤਿ ਦੇ ਸਦਾਚਾਰਕ ਤੇ ਸਭਿਆਚਾਰਕ ਪੱਖ ਨਿਰੰਤਰ ਉਘੜਦੇ ਤੇ ਨਿਖਰਦੇ ਰਹੇ ਹਨ ਅਤੇ ਇਸ ਸਮੁੱਚੇ ਨਿਖਾਰ ਨੂੰ ਉਨ੍ਹਾਂ ਸਭ ਧਰਮਾਂ ਦੇ ਪਰਿਪੇਖ ਵਿਚ ਹੀ ਘੋਖਿਆ ਪਰਖਿਆ ਜਾ ਸਕਦਾ ਹੈ, ਜਿਨ੍ਹਾਂ ਦੀ ਕਿਸੇ ਨਾ ਕਿਸੇ ਵੇਲੇ, ਕਿਸੇ ਨਾ ਕਿਸੇ ਰੂਪ ਵਿਚ ਭਾਰਤ ਦੀ ਧਰਤੀ ਉਤੇ ਛਾਪ ਲੱਗੀ ਹੈ। ਇਸ ਲਈ ਅਗਲੇ ਪੰਨਿਆਂ ਵਿਚ ਗੁਰਮਤਿ ਦੇ ਸੇਵਾ-ਸੰਕਲਪ ਦੀ ਚਰਚਾ ਕਰਨ ਲਗਿਆਂ ਯਥਾ-ਸੰਭਵ ਅਤੇ ਯਥਾ-ਸਥਾਨ ਅਸੀਂ ਉਪਰੋਕਤ ਸਭ ਧਰਮਾਂ ਦੇ ਸੇਵਾ ਸੰਕਲਪਾਂ ਨੂੰ ਦ੍ਰਿਸ਼ਟੀ ਵਿਚ ਰਖਾਂਗੇ।

## ਦੂਜਾ ਅਧਿਆਇ

### ਸੇਵਾ ਦੇ ਸਥੂਲ ਸੰਦਰਭ

(ੳ) ਤਨ ਦੀ ਸੇਵਾ

(ਅ) ਧਨ ਦੀ ਸੇਵਾ

(ੳ) ਤਨ ਦੀ ਸੇਵਾ

ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਕੁਝ ਭਗਤ ਜਨਾਂ ਜਾਂ ਭਾਈ ਸਾਹਿਬਾਨ ਦੀਆਂ ਰਚਨਾਵਾਂ ਦੇ ਆਧਾਰ ਤੇ ਜਾਂ ਭਿੰਨ ਭਿੰਨ ਸਮਿਆਂ ਵਿਚ ਪ੍ਰਚਲਿਤ ਹੋਈਆਂ ਸਿੱਖ ਪਰੰਪਰਾਵਾਂ ਨੂੰ ਦ੍ਰਿਸ਼ਟੀ ਵਿਚ ਰਖਕੇ, ਭਿੰਨ ਭਿੰਨ ਵਿਉਂਤਾਂ ਅਨੁਸਾਰ, ਅਨੇਕ ਵਿਦਵਾਨਾਂ ਨੇ ਸੇਵਾ ਦੀ ਪ੍ਰਕਾਰ-ਵੰਡ ਕੀਤੀ ਹੈ। ਸਿੱਖ ਜਗਤ ਵਿਚ "ਤਨ", "ਮਨ" ਅਤੇ "ਧਨ" ਤਿੰਨ ਸ਼ਬਦ ਬਹੁਤ ਪ੍ਰਸਿਧ ਹਨ। ਅਨੇਕ ਵਿਦਵਾਨਾਂ ਨੇ ਇਨ੍ਹਾਂ ਤਿੰਨ ਪ੍ਰਚਲਿਤ ਸ਼ਬਦਾਂ ਦੇ ਆਧਾਰ ਤੇ ਹੀ ਸੇਵਾ ਦੀਆਂ ਤਿੰਨ ਪ੍ਰਮੁਖ ਕਿਸਮਾਂ ਮਿਥ ਲਈਆਂ ਹਨ। ਉਦਾਹਰਣ ਵਜੋਂ ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਲਿਖਦੇ ਹਨ:

> "ਸੇਵਾ ਤਿੰਨ ਤਰ੍ਹਾਂ ਦੀ ਹੈ।
> ਮਨ, ਬਾਣੀ ਤੇ ਸਰੀਰ ਦੀ ਸੇਵਾ ਜਾਂ
> ਤਨ, ਮਨ ਤੇ ਧਨ ਦੀ ਸੇਵਾ।"[1]

ਉਪਰੋਕਤ ਟੂਕ ਵਿਚ ਤਿੰਨ ਤਿੰਨ ਸ਼ਬਦਾਂ ਦੇ ਦੋ ਸਮੂਹ ਹਨ। ਇਕ ਸਮੂਹ ਹੈ "ਮਨ, ਬਾਣੀ ਅਤੇ ਸਰੀਰ" ਅਤੇ ਦੂਜਾ ਸਮੂਹ ਹੈ "ਤਨ, ਮਨ ਅਤੇ ਧਨ"। ਇਨ੍ਹਾਂ ਸ਼ਬਦ-ਸਮੂਹਾਂ ਵਿਚੋਂ 'ਮਨ' ਦੋਹਾਂ ਪਾਸੇ ਸਾਂਝਾ ਹੈ ਅਤੇ 'ਤਨ' ਸਰੀਰ ਦਾ ਪਰਿਆਇਵਾਚੀ ਸ਼ਬਦ ਹੈ। ਪਰੰਤੂ ਇਕ ਪਾਸੇ "ਧਨ" ਅਤੇ ਦੂਜੇ ਪਾਸੇ "ਬਾਣੀ" ਰਖਕੇ ਸਿੰਘ ਸਾਹਿਬ ਜੋ ਕੁਝ ਕਹਿਣਾ ਚਾਹੁੰਦੇ ਸਨ, ਉਹ ਆਪਣੇ ਆਪ ਵਿਚ ਸਪਸ਼ਟ ਨਹੀਂ ਹੋਇਆ। ਹਾਂ, ਇਸੇ ਸੰਦਰਭ ਵਿਚ ਅਗੇ ਚਲਕੇ ਜਦੋਂ ਸਿੰਘ ਸਾਹਿਬ ਕਹਿੰਦੇ ਹਨ ਕਿ:

> "ਭਾਵੇਂ ਸੇਵਾ ਦੀ ਮਹਾਨਤਾ ਹਰ ਇਕ ਧਰਮ ਵਿਚ ਹੈ ਪਰ
> ਗੁਰਮਤਿ ਵਿਚ ਤਾਂ ਸੇਵਾ ਨੂੰ ਪਰਮੇਸ਼ਰ ਦੇ ਮਿਲਣ ਦਾ ਇਕ
> ਮੁਖ ਸਾਧਨ ਮੰਨਿਆ ਹੋਇਆ ਹੈ।"[2]

---

1. ਮਨੀ ਸਿੰਘ (ਗਿਆਨੀ), ਸੇਵਾ ਚਮਤਕਾਰ, ਮੁਖਬੰਧ, ਪੰਨਾ ੳ
2. ਉਹੀ, ਮੁਖਬੰਧ, ਪੰਨਾ ੳ

ਤਾਂ 'ਮਨ' ਅਤੇ 'ਬਾਣੀ' ਦਾ ਪਰਸਪਰ ਸੰਬੰਧ ਕਾਫ਼ੀ ਹੱਦ ਤਕ ਸਪਸ਼ਟ ਹੋ ਜਾਂਦਾ ਹੈ। ਇਸੇ ਤਰ੍ਹਾਂ ਉਪਰੋਕਤ ਸ਼ਬਦ-ਸਮੂਹਾਂ ਵਿਚੋਂ ਇਕ ਪਾਸੇ 'ਤਨ' ਅਤੇ 'ਮਨ' ਨਾਲ ਜੋੜਕੇ ਸ਼ਬਦ 'ਧਨ' ਵਰਤਿਆ ਗਿਆ ਹੈ, ਪਰੰਤੂ ਦੂਜੇ ਸ਼ਬਦ-ਸਮੂਹ ਵਿਚ 'ਧਨ' ਦਾ ਪਰਿਆਇਵਾਚੀ ਜਾਂ ਅਰਥਾਂ ਦੇ ਪੱਖ ਤੋਂ ਧਨ ਦੇ ਨੇੜੇ ਤੇੜੇ ਦਾ ਕੋਈ ਸ਼ਬਦ ਨਹੀਂ ਵਰਤਿਆ ਗਿਆ। ਇਸ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸਿੰਘ ਸਾਹਿਬ ਦੀ ਦ੍ਰਿਸ਼ਟੀ ਵਿਚ 'ਤਨ' ਅਤੇ 'ਮਨ' ਦੀ ਸੇਵਾ ਨਾਲੋਂ 'ਧਨ' ਦੀ ਸੇਵਾ ਦੀ ਪੱਧਰ ਬਹੁਤ ਨੀਵੀਂ ਹੈ।

ਪ੍ਰਿੰ: ਪ੍ਰਕਾਸ਼ ਸਿੰਘ ਨੇ ਤਿੰਨ ਦੀ ਥਾਂ ਸੇਵਾ ਦੀਆਂ ਚਾਰ ਕਿਸਮਾਂ ਦਾ ਜ਼ਿਕਰ ਕੀਤਾ ਹੈ। ਸੇਵਾ ਦੇ ਸਾਧਨਾਂ ਨੂੰ ਆਧਾਰ ਬਣਾ ਕੇ ਸੇਵਾ ਦੀ ਆਪਣੇ ਵਲੋਂ ਪ੍ਰਕਾਰ-ਵੰਡ ਕਰਦਿਆਂ ਉਹ ਲਿਖਦੇ ਹਨ:

> "ਸੇਵਾ ਦੀ ਪ੍ਰੇਰਨਾ ਕਿਸੇ ਤਰ੍ਹਾਂ ਮਿਲੇ, ਇਹ ਕਿਸੇ ਦੀ ਹੀ ਕੀਤੀ ਜਾਵੇ; ਇਸ ਦਾ ਸਾਧਨ ਮੁਖ ਰੂਪ ਵਿਚ ਚਾਰ ਸਾਧਨਾਂ ਵਿਚੋਂ ਹੀ ਹੋਵੇਗਾ। ਇਹ ਸਾਧਨ ਹਨ ਤਨ ਕਰਕੇ, ਧਨ ਕਰਕੇ, ਮਨ ਕਰਕੇ ਜਾਂ ਫਿਰ ਸੁਰਤਿ ਕਰਕੇ।"[1]

ਵਿਸਤਾਰ ਸਹਿਤ ਹਰ ਪ੍ਰਕਾਰ ਦੀ ਸੇਵਾ ਦੀ ਚਰਚਾ ਕਰਨ ਤੋਂ ਉਪਰੰਤ 'ਸੁਰਤਿ' ਦੁਆਰਾ ਸੇਵਾ ਦਾ ਜ਼ਿਕਰ ਕਰਨ ਲਗਿਆਂ ਪ੍ਰਿੰ: ਸਾਹਿਬ ਲਿਖਦੇ ਹਨ:

> "ਸੁਰਤਿ ਦੁਆਰਾ ਸੇਵਾ ਦੀ ਅਵਸਥਾ ਸਰਬੋਤਮ ਹੈ। ਤਨ, ਮਨ ਤੇ ਧਨ ਦੀ ਸੇਵਾ ਤੋਂ ਇਸ ਦਾ ਦਰਜਾ ਉਪਰ ਹੈ।"[2]

ਇਉਂ ਪ੍ਰਤੀਤ ਹੁੰਦਾ ਹੈ ਕਿ ਸਿੰਘ ਸਾਹਿਬ ਦੁਆਰਾ ਸੰਕੇਤਿਤ ਉਪਰਲੇ ਦੋ ਸ਼ਬਦ-ਸਮੂਹਾਂ ਵਿਚੋਂ ਇਕ ਪਾਸੇ 'ਮਨ' ਅਤੇ ਦੂਜੇ ਪਾਸੇ 'ਬਾਣੀ' ਰਖਣ ਨਾਲ ਜਿਹੜਾ ਨੁਕਤਾ ਉਭਰਿਆ ਸੀ, ਉਸਨੂੰ ਪ੍ਰਿੰ: ਪ੍ਰਕਾਸ਼ ਸਿੰਘ ਨੇ ਬਾਕਾਇਦਾ ਸਰੂਪ ਪ੍ਰਦਾਨ ਕਰ ਦਿਤਾ ਹੈ ਅਤੇ 'ਮਨ' ਤੇ 'ਬਾਣੀ' ਨੂੰ ਇਕੋ ਅਰਥ ਵਿਚ ਲੈਣ ਦੀ ਥਾਂ ਇਨ੍ਹਾਂ ਲਈ ਦੋ ਸ਼ਬਦ ਵਰਤ

---

1. ਪ੍ਰਕਾਸ਼ ਸਿੰਘ (ਪ੍ਰਿੰ:), "ਗੁਰਮਤਿ ਵਿਚ ਸੇਵਾ ਦਾ ਸੰਕਲਪ", ਨਾਨਕ ਪ੍ਰਕਾਸ਼ ਪਤ੍ਰਿਕਾ (ਸੇਵਾ ਵਿਸ਼ੇਸ਼ ਅੰਕ), ਪੰਨਾ 21
2. ਉਹੀ, ਪੰਨਾ 25

ਲਏ ਹਨ:

1. ਮਨ
2. ਸੁਰਤਿ

ਉਂਜ ਪ੍ਰਿੰ: ਪ੍ਰਕਾਸ਼ ਸਿੰਘ ਆਪ ਵੀ ਇਸ ਗਲੋਂ ਚੇਤੰਨ ਹਨ ਕਿ ਇਨ੍ਹਾਂ ਦੋਹਾਂ ਸੰਕਲਪਾਂ ਵਿਚ ਅੰਤਰ ਬਹੁਤ ਪੇਤਲਾ ਜਿਹਾ ਹੀ ਹੈ। ਸੁਰਤਿ ਦੁਆਰਾ ਸੇਵਾ ਦੀ ਚਰਚਾ ਕਰਦਿਆਂ ਅਗੇ ਚਲਕੇ ਉਹ ਲਿਖਦੇ ਹਨ:

> "ਮਨ ਦੁਆਰਾ ਸੇਵਾ ਤੇ ਸੁਰਤਿ ਦੁਆਰਾ ਸੇਵਾ ਵਿਚ ਥੋੜ੍ਹਾ ਹੀ ਭੇਦ ਜਾਪਦਾ ਹੈ, ਕਿਉਂਕਿ ਮਨ ਤੇ ਸੁਰਤਿ ਅੰਤਹਕਰਣ ਦੇ ਹੀ ਭਾਗ ਹਨ।"[1]

ਮਨ ਦੀ ਸੇਵਾ ਨਾਲੋਂ ਸੁਰਤਿ ਦੀ ਸੇਵਾ ਨੂੰ ਨਿਖੇੜਨ ਦੀ ਗੱਲ ਪ੍ਰਿੰ: ਪ੍ਰਕਾਸ਼ ਸਿੰਘ ਤੋਂ ਇਲਾਵਾ ਹੋਰ ਵੀ ਅਨੇਕ ਵਿਦਵਾਨਾਂ ਨੇ ਕੀਤੀ ਹੈ। ਉਦਾਹਰਣਾਰਥ ਡਾ. ਗੁਰਦੀਪ ਸਿੰਘ ਭੰਡਾਰੀ ਲਿਖਦੇ ਹਨ:

> "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਾਰ ਪ੍ਰਕਾਰ ਦੀ ਸੇਵਾ ਦਾ ਵਿਵਰਣ ਮਿਲਦਾ ਹੈ। ਉਹ ਇਹ ਹਨ:
>
> 1. ਤਨ ਦੀ ਸੇਵਾ
> 2. ਧਨ ਦੀ ਸੇਵਾ
> 3. ਮਨ ਦੀ ਸੇਵਾ
> 4. ਸੁਰਤਿ ਦੀ ਸੇਵਾ"[2]

ਕੋਸ਼ਗਤ ਅਰਥਾਂ ਦੇ ਆਧਾਰ ਤੇ ਡਾ. ਭੰਡਾਰੀ ਨੇ 'ਮਨ' ਤੇ 'ਸੁਰਤਿ' ਤੋਂ ਇਲਾਵਾ ਇਸੇ ਸੰਦਰਭ ਵਿਚ 'ਚਿੱਤ' ਸ਼ਬਦ ਦੀ ਵੀ ਵਰਤੋਂ ਕੀਤੀ ਹੈ:

---

1. ਪ੍ਰਕਾਸ਼ ਸਿੰਘ (ਪ੍ਰਿੰ:), "ਗੁਰਮਤਿ ਵਿਚ ਸੇਵਾ ਦਾ ਸੰਕਲਪ", ਨਾਨਕ ਪ੍ਰਕਾਸ਼ ਪਤ੍ਰਿਕਾ (ਸੇਵਾ ਵਿਸ਼ੇਸ਼ ਅੰਕ), ਪੰਨਾ 25
2. ਗੁਰਦੀਪ ਸਿੰਘ ਭੰਡਾਰੀ (ਡਾ.), "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਦਾ ਸੰਕਲਪ", ਉਹੀ, ਪੰਨਾ 11

"ਸੁਰਤਿ ਦੇ ਕੋਸ਼ਗਤ ਅਰਥ ਕਈ ਹਨ। ਇਹ ਮਨੁਖੀ ਅੰਤਹਕਰਣ ਦਾ ਅਤੀ ਸੂਖਮ ਭਾਗ ਹੈ। ਇਸ ਨੂੰ 'ਚਿੱਤ' ਵੀ ਆਖਿਆ ਜਾਂਦਾ ਹੈ।"[1]

ਇਸੇ ਪਰੰਪਰਾ ਦਾ ਅਨੁਸਰਣ ਕਰਦਿਆਂ ਗੁਰਮਤਿ ਨਾਲ ਨੇੜੇ ਦਾ ਸੰਬੰਧ ਰਖਣ ਵਾਲੀਆਂ ਕੁਝ ਸੰਪ੍ਰਦਾਵਾਂ ਨੇ ਵੀ ਸੇਵਾ ਦੇ ਉਪਰੋਕਤ ਚਾਰ ਪ੍ਰਕਾਰ ਹੀ ਮਿਥੇ ਹਨ। ਇਸ ਦੀ ਇਕ ਉਦਾਹਰਣ ਰਾਧਾ ਸੁਆਮੀ ਸਤਿਸੰਗ, ਬਿਆਸ ਵਲੋਂ ਪ੍ਰਕਾਸ਼ਤ ਪੁਸਤਕ 'ਗੁਰਮਤ ਸਿਧਾਂਤ' ਵਿਚ ਹੇਠ ਲਿਖੇ ਅਨੁਸਾਰ ਸੇਵਾ ਦੀਆਂ ਚਾਰ ਕਿਸਮਾਂ ਹੀ ਮਿਥੀਆਂ ਗਈਆਂ ਹਨ:

"ਸੇਵਾ ਚਾਰ ਪ੍ਰਕਾਰ ਦੀ ਹੈ: ਤਨ ਦੀ, ਧਨ ਦੀ, ਮਨ ਦੀ ਤੇ ਸੁਰਤਿ ਦੀ।"[2]

ਪਰੰਤੂ ਭਗਤ ਸਿੰਘ ਹੀਰਾ ਨੇ ਤਨ, ਧਨ, ਮਨ, ਸੁਰਤਿ ਆਦਿ ਦੇ ਆਧਾਰ ਤੇ ਕੀਤੀ ਜਾਣ ਵਾਲੀ ਸੇਵਾ ਦੀ ਪ੍ਰਕਾਰ-ਵੰਡ ਦੀ ਥਾਂ ਉਨ੍ਹਾਂ ਸੰਕਲਪਾਂ, ਵਿਅਕਤੀਆਂ ਜਾਂ ਸੰਸਥਾਵਾਂ ਨੂੰ ਆਪਣੀ ਪ੍ਰਕਾਰ-ਵੰਡ ਦਾ ਆਧਾਰ ਬਣਾਇਆ ਹੈ, ਜਿਨ੍ਹਾਂ ਦੀ ਸੇਵਕ ਵਲੋਂ ਸੇਵਾ ਕੀਤੀ ਜਾਂਦੀ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਗੁਰਮਤਿ ਵਿਚ ਹੇਠ-ਲਿਖੀ ਸਤ ਪ੍ਰਕਾਰ ਦੀ ਸੇਵਾ ਉਪਲਬਧ ਹੈ:

1. ਹਰਿ ਕੀ ਸੇਵਾ
2. ਗੁਰ ਕੀ ਸੇਵਾ
3. ਸੰਗਤ ਦੀ ਸੇਵਾ
4. ਪ੍ਰਾਣੀ ਮਾਤ੍ਰ ਦੀ ਸੇਵਾ
5. ਮਾਤਾ ਪਿਤਾ ਦੀ ਸੇਵਾ
6. ਜਾਤੀ ਦੀ ਸੇਵਾ
7. ਦੇਸ਼ ਸੇਵਾ

ਅਤੇ ਇਤਿਆਦਿ ਹੋਰ ਕਈ[3]

---

1. ਗੁਰਦੀਪ ਸਿੰਘ ਭੰਡਾਰੀ (ਡਾ.), "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਦਾ ਸੰਕਲਪ", ਨਾਨਕ ਪ੍ਰਕਾਸ਼ ਪਤ੍ਰਿਕਾ (ਸੇਵਾ ਵਿਸ਼ੇਸ਼ ਅੰਕ), ਪੰਨਾ 15
2. ਸਾਵਣ ਸਿੰਘ (ਮਹਾਰਾਜ), ਗੁਰਮਤ ਸਿਧਾਂਤ (ਭਾਗ ਦੂਜਾ), ਭੂਮਿਕਾ, ਪੰਨਾ 33
3. ਭਗਤ ਸਿੰਘ ਹੀਰਾ, ੴ ਦਰਸ਼ਨ, ਪੰਨਾ 303

ਭਗਤ ਸਿੰਘ ਹੀਰਾ ਵਾਲੀ ਪ੍ਰਣਾਲੀ ਦਾ ਅਨੁਸਰਣ ਕਰਦਿਆਂ ਡਾ. ਅਜੀਤ ਸਿੰਘ ਸਿੱਕਾ ਨੇ ਗੁਰਮਤਿ ਵਿਚ ਸੇਵਾ ਦੀ ਪ੍ਰਕਾਰ ਵੰਡ ਕਰਦਿਆਂ ਸੇਵਾ ਦੀਆਂ ਛੇ ਕਿਸਮਾਂ ਗਿਣੀਆਂ ਹਨ:

1. The service of God
2. The Service renderd to the Guru or Teacher
3. Service to the society and holy congregation
4. Service rendered to mother, father and kith and kin
5. Service rendered to the motherland
6. And last but not the least important service of the humanity.1

ਵਾਸਤਵ ਵਿਚ ਭਗਤ ਸਿੰਘ ਹੀਰਾ ਅਤੇ ਡਾ. ਅਜੀਤ ਸਿੰਘ ਸਿੱਕਾ ਵਲੋਂ ਗਿਣਾਈਆਂ ਗਈਆਂ ਸੇਵਾ ਦੀਆਂ ਉਪਰੋਕਤ ਕਿਸਮਾਂ ਉਨ੍ਹਾਂ ਵਿਦਵਾਨਾਂ ਦੇ ਸੰਕਲਪਾਂ ਨੂੰ ਹੀ ਹੋਰ ਵਧੇਰੇ ਵਿਸਤਰਿਤ ਅਤੇ ਸਥੂਲ ਰੂਪ ਵਿਚ ਨਿਖਾਰ ਕੇ ਪੇਸ਼ ਕਰਦੀਆਂ ਹਨ, ਜਿਨ੍ਹਾਂ ਨੇ ਤਨ, ਮਨ ਅਤੇ ਧਨ ਨੂੰ ਬੁਨਿਆਦੀ ਸੇਵਾਵਾਂ ਮੰਨਿਆ ਹੈ ਜਾਂ ਇਸ ਲੜੀ ਵਿਚ ਇਕ ਚੌਥੇ ਸ਼ਬਦ 'ਸੁਰਤਿ' ਨੂੰ ਜੋੜ ਲਿਆ ਹੈ।

ਜੇ ਰਤਾ ਕੁ ਡੂੰਘਾਈ ਵਿਚ ਜਾ ਕੇ ਇਸੇ ਵਿਸ਼ੇ ਨੂੰ ਇਕ ਬਦਲਵੇਂ ਕੋਣ ਤੋਂ ਦੇਖੀਏ ਤਾਂ ਸਿੱਟਾ ਇਹ ਨਿਕਲੇਗਾ ਕਿ ਬਹੁ-ਚਰਚਿਤ ਚਾਰ ਸ਼ਬਦਾਂ ਤਨ, ਧਨ, ਮਨ ਅਤੇ ਸੁਰਤਿ ਵਿਚੋਂ ਪਹਿਲੇ ਦੋ ਅਰਥਾਤ 'ਤਨ' ਅਤੇ 'ਧਨ' ਸਥੂਲ, ਭੌਤਿਕ ਅਤੇ ਪਦਾਰਥਕ ਇਕਾਈਆਂ ਵਲ ਸੰਕੇਤ ਕਰਦੀਆਂ ਸੰਗਿਆਵਾਂ ਹਨ, ਜਦੋਂ ਕਿ ਪਿਛਲੇਰੇ ਦੋ ਸ਼ਬਦ 'ਮਨ' ਅਤੇ 'ਸੁਰਤਿ' ਸੂਖਮ ਸੰਕਲਪਾਂ ਦੇ ਪ੍ਰਤੀਕ ਹਨ।

ਇਸ ਸੰਦਰਭ ਵਿਚ ਇਹ ਗੱਲ ਧਿਆਨ ਵਿਚ ਰਖਣੀ ਜ਼ਰੂਰੀ ਹੈ ਕਿ ਸੇਵਾ ਮੂਲ ਰੂਪ ਵਿਚ ਕਿਸੇ ਇਕ ਵਿਅਕਤੀ ਵਲੋਂ ਕੀਤਾ ਗਿਆ ਤਿਆਗ ਜਾਂ ਕੁਰਬਾਨੀ ਹੈ, ਜਿਸਦਾ ਲਾਭ ਸੇਵਕ ਦੇ ਸੁਆਮੀ ਨੂੰ ਸੁਖ, ਆਰਾਮ, ਖੁਸ਼ੀ ਆਦਿ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਜੇ ਗਹਿਰਾਈ ਵਿਚ ਜਾ ਕੇ ਦੇਖੀਏ ਤਾਂ ਭਗਤ ਸਿੰਘ ਹੀਰਾ, ਅਜੀਤ ਸਿੰਘ ਸਿੱਕਾ ਜਾਂ ਉਨ੍ਹਾਂ ਤੋਂ ਪਹਿਲਾਂ ਜ਼ਿਕਰ-ਅਧੀਨ ਆਏ ਵਿਦਵਾਨਾਂ ਪ੍ਰਿੰ: ਪ੍ਰਕਾਸ਼ ਸਿੰਘ, ਡਾ. ਗੁਰਦੀਪ ਸਿੰਘ ਭੰਡਾਰੀ ਆਦਿ ਨੇ

1. Ajit Singh Sikka (Dr.) Beacons of Light, p. 36-37

ਜਿਤਨੀ ਪ੍ਰਕਾਰ ਦੀਆਂ ਸੇਵਾਵਾਂ ਵਲ ਸੰਕੇਤ ਕੀਤਾ ਹੈ, ਉਹ ਸਾਰੀਆਂ ਵਾਸਤਵ ਵਿਚ ਸੇਵਕ ਜਾਂ ਆਪਣੇ "ਤਨ" ਨਾਲ ਕਰਦਾ ਹੈ ਜਾਂ ਆਪਣੇ "ਧਨ" ਨਾਲ। 'ਮਨ' ਅਤੇ 'ਸੁਰਤਿ' ਵਾਸਤਵ ਵਿਚ ਦੋ ਸੂਖਮ ਅਵਸਥਾਵਾਂ ਨੂੰ ਪ੍ਰਗਟ ਕਰਨ ਵਾਲੇ ਸੰਕਲਪ ਹਨ, ਜੋ ਤਨ ਅਤੇ ਧਨ ਨਾਲ ਸੇਵਾ ਕਰਨ ਲਗਿਆਂ ਸੇਵਕ ਦੇ ਅੰਤਹਕਰਣ ਵਿਚ ਹੁੰਦੀਆਂ ਹਨ। ਇਸ ਲਈ ਵਧੇਰੇ ਉਚਿਤ ਪ੍ਰਤੀਤ ਹੁੰਦਾ ਹੈ ਕਿ ਤਨ, ਧਨ, ਮਨ ਅਤੇ ਸੁਰਤਿ ਨੂੰ ਇਕੋ ਲੜੀ ਵਿਚ ਪਰੋਣ ਦੀ ਥਾਂ ਇਨ੍ਹਾਂ ਨੂੰ ਦੋ ਉਪ-ਸ਼੍ਰੇਣੀਆਂ ਵਿਚ ਵੰਡਿਆ ਜਾਏ। ਪਹਿਲੀ ਉਪ-ਸ਼੍ਰੇਣੀ ਵਿਚ ਦੋ ਸਥੂਲ ਸ਼ਬਦ ਰਖੇ ਜਾਣ: 'ਤਨ' ਅਤੇ 'ਧਨ' ਅਤੇ ਦੂਜੀ ਉਪ-ਸ਼੍ਰੇਣੀ ਵਿਚ ਦੋ ਸੂਖਮ ਸ਼ਬਦ ਰਖੇ ਜਾਣ: 'ਮਨ' ਅਤੇ 'ਸੁਰਤਿ'। ਇਸ ਲਈ ਸੇਵਾ ਕਰਨ ਵਾਲੇ ਸੇਵਕ ਦੇ ਦੋ ਬੁਨਿਆਦੀ ਮਾਧਿਅਮ ਹਨ:

1. ਤਨ
2. ਧਨ

ਇਸੇ ਤਰ੍ਹਾਂ ਸੇਵਾ ਕਰਨ ਵੇਲੇ ਸੇਵਕ ਦੇ ਅੰਤਹਕਰਣ ਦੀਆਂ ਦੋ ਅਵਸਥਾਵਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਦੋ ਪ੍ਰਤੀਕ ਹਨ:

1. ਮਨ
2. ਸੁਰਤਿ

ਸੰਖੇਪ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ 'ਤਨ' ਅਤੇ 'ਧਨ' ਸੇਵਾ ਦੇ ਦੋ ਮੁਖ ਮਾਧਿਅਮ ਹਨ ਅਤੇ 'ਮਨ' ਤੇ 'ਸੁਰਤਿ' ਸੇਵਕ ਦੇ ਅੰਤਹਕਰਣ ਦੀਆਂ ਅਵਸਥਾਵਾਂ ਹਨ। ਗੁਰਮਤਿ ਅਨੁਸਾਰ ਆਦਰਸ਼ਕ ਸੇਵਕ ਉਹ ਹੈ ਜਿਹੜਾ ਦੋਹਾਂ ਮਾਧਿਅਮਾਂ ਨੂੰ ਵਰਤੋਂ ਵਿਚ ਲਿਆਵੇ ਅਤੇ ਉਸ ਦੀਆਂ ਦੋਵੇਂ ਅਵਸਥਾਵਾਂ ਦੋਹਾਂ ਮਾਧਿਅਮਾਂ ਨਾਲ ਇਕਸੁਰ ਰਹਿਣ। ਉਦਾਹਰਣ ਵਜੋਂ ਜੇ ਉਹ ਲੰਗਰ ਦੀ ਸੇਵਾ ਕਰ ਰਿਹਾ ਹੈ, ਤਾਂ ਧਨ ਨਾਲ ਜਿਤਨੀ ਸਮਗਰੀ ਜੁਟਾ ਸਕੇ ਲੰਗਰ ਲਈ ਪੇਸ਼ ਕਰੇ। ਫਿਰ ਤਨ ਨਾਲ ਲੰਗਰ ਦੀ ਤਿਆਰੀ ਅਤੇ ਉਸਦੇ ਵਰਤਾਉਣ ਵਿਚ ਉਹ ਸਹਾਇਕ ਹੋਵੇ। ਇਸਦੇ ਨਾਲ ਹੀ ਉਸਦਾ ਮਨ ਕਿਸੇ ਪ੍ਰਕਾਰ ਦੀ ਹਉਮੈਂ ਜਾਂ ਭੇਦ ਭਾਵ ਦਾ ਸ਼ਿਕਾਰ ਹੋਏ ਬਿਨਾਂ ਉਸਨੂੰ ਤਨ ਅਤੇ ਧਨ ਨਾਲ ਕੀਤੀ ਜਾ ਰਹੀ ਸੇਵਾ ਵਿਚ ਜੋੜੀ ਰਖੇ ਅਤੇ ਜਦੋਂ ਉਹ ਇਸ ਪ੍ਰਕਾਰ ਦੀ ਸੇਵਾ ਵਿਚ ਮਗਨ ਹੋਵੇ ਤਾਂ ਉਸਦੀ ਸੁਰਤਿ ਨਾਮ ਨਾਲ ਜੁੜੀ ਹੋਈ ਹੋਵੇ ਅਰਥਾਤ ਉਹ ਆਪਣੀ ਆਤਮਾ ਨੂੰ ਪਾਰਬ੍ਰਹਮ ਨਾਲ ਇਕਸੁਰ ਕਰਕੇ ਰਖੇ।

ਤਨ ਦੀ ਸੇਵਾ ਦੀ ਪਰਿਭਾਸ਼ਾ :

ਉਪਰੋਕਤ ਚਰਚਾ ਦੀ ਰੋਸ਼ਨੀ ਵਿਚ ਜੇ ਤਨ ਦੀ ਸੇਵਾ ਨੂੰ ਨਿਖੇੜਕੇ ਪਰਿਭਾਸ਼ਤ ਕਰਨਾ ਹੋਵੇ ਤਾਂ ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਰੀਰਕ ਇੰਦਰੀਆਂ ਦੁਆਰਾ ਅਥਵਾ ਸਰੀਰ ਦੇ ਅੰਗਾਂ ਦੁਆਰਾ ਕੀਤੀ ਗਈ ਹਰ ਪ੍ਰਕਾਰ ਦੀ ਸੇਵਾ ਤਨ ਦੀ ਸੇਵਾ ਹੈ। ਸਰੀਰਕ ਤੌਰ ਤੇ ਕੀਤੀ ਗਈ ਸੇਵਾ ਦੇ ਅੰਤਰਗਤ ਸੰਗਤ ਨੂੰ ਪੱਖਾ ਝਲਣਾ, ਪਾਣੀ ਪਿਲਾਉਣਾ, ਜੂਠੇ ਬਰਤਨ ਸਾਫ਼ ਕਰਨਾ, ਲੰਗਰ ਪਕਾਉਣਾ, ਲੰਗਰ ਵਰਤਾਣਾ, ਲੰਗਰ ਲਈ ਲਕੜੀਆਂ ਲਿਆਉਣੀਆਂ, ਝਾੜੂ ਦੇਣਾ, ਬਿਛਾਈ ਕਰਨੀ, ਜੋੜੇ ਝਾੜਨੇ, ਰੋਗੀਆਂ ਦੀ ਦੇਖ-ਭਾਲ ਕਰਨੀ ਜਾਂ ਲੋਕ-ਭਲਾਈ ਲਈ ਉਸਾਰੀ ਜਾ ਰਹੀ ਇਮਾਰਤ ਵਿਚ ਇਵਜ਼ਾਨਾ ਲਏ ਬਿਨਾਂ ਸਰੀਰਕ ਮਿਹਨਤ ਦੁਆਰਾ ਆਪਣਾ ਹਿੱਸਾ ਪਾਉਣਾ ਆਦਿ ਸਭ ਤਨ ਦੀ ਸੇਵਾ ਦੇ ਘੇਰੇ ਵਿਚ ਆਉਣ ਵਾਲੀਆਂ ਸੇਵਾਵਾਂ ਹਨ। ਸੰਖੇਪ ਵਿਚ ਸਰੀਰ ਦੁਆਰਾ ਦੂਸਰੇ ਦੀ ਭਲਾਈ ਲਈ ਕੀਤਾ ਗਿਆ ਹਰ ਕਰਮ ਤਨ ਦੀ ਸੇਵਾ ਹੈ।

ਤਨ ਦੀ ਸੇਵਾ ਦਾ ਮਹੱਤਵ:

ਗੁਰਮਤਿ ਵਿਚ ਤਨ ਦੀ ਸੇਵਾ ਦਾ ਬਹੁਤ ਮਹੱਤਵ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਪਰਮਾਤਮਾ ਨੂੰ ਪ੍ਰਾਪਤ ਕਰਨ, ਉਸਦੀ ਦਰਗਾਹ ਵਿਚ ਆਪਣੀ ਥਾਂ ਬਨਾਉਣ ਦਾ ਰਸਤਾ ਸੇਵਾ ਨੂੰ ਮੁਕੱਰਰ ਕੀਤਾ ਹੈ:

> ਵਿਚਿ ਦੁਨੀਆ ਸੇਵ ਕਮਾਈਐ।
> ਤਾ ਦਰਗਹ ਬੈਸਣ ਪਾਈਐ।
> ਕਹੁ ਨਾਨਕ ਬਾਹ ਲੁਡਾਈਐ।[1]

ਅਗੇ ਜਾ ਕੇ ਗੁਰੂ ਸਾਹਿਬ ਨੇ ਪਰਮਾਰਥ ਦੇ ਖੇਤਰ ਵਿਚ ਸੇਵਾ ਨੂੰ ਸਾਰੀਆਂ ਕਰਣੀਆਂ ਦਾ ਸਾਰ ਆਖਿਆ ਹੈ। ਗੁਰੂ ਸਾਹਿਬ ਦੇ ਜੋਗੀਆਂ, ਜਤੀਆਂ, ਸੰਨਿਆਸੀਆਂ ਆਦਿ ਨਾਲ ਭਾਵੇਂ ਅਧਿਆਤਮਕ ਸੰਦਰਭ ਵਿਚ ਅਨੇਕ ਮਤ-ਭੇਦ ਹਨ, ਪਰੰਤੂ ਇਸ ਨੁਕਤੇ ਤੇ ਉਨ੍ਹਾਂ ਦੀ ਇਨ੍ਹਾਂ ਸਭ ਸੰਪਰਦਾਵਾਂ ਨਾਲ ਪੂਰੀ ਸਹਿਮਤੀ ਹੈ ਕਿ ਸੇਵਾ ਤੋਂ ਬਿਨਾਂ ਕਿਸੇ ਵੀ ਫਲ ਦੀ ਪ੍ਰਾਪਤੀ

---

1. ਆਦਿ ਗ੍ਰੰਥ, ਮ. 1., ਪੰਨਾ 26

ਅਸੰਭਵ ਹੈ:

ਜੰਗਮ ਜੋਧ ਜਤੀ ਸੰਨਿਆਸੀ
ਗੁਰਿ ਪੂਰੇ ਵੀਚਾਰੀ
ਬਿਨੁ ਸੇਵਾ ਫਲੁ ਕਬਹੁ ਨ ਪਾਵਸਿ
ਸੇਵਾ ਕਰਣੀ ਸਾਰੀ।[1]

ਗੁਰਮਤਿ ਵਿਚ ਤਨ ਦੀ ਸੇਵਾ ਜੀਵਨ ਦਾ ਇਕ ਜ਼ਰੂਰੀ ਹਿੱਸਾ ਹੈ। ਲਗਭਗ ਸਭ ਗੁਰੂ ਸਾਹਿਬਾਨ ਨੇ ਆਪ ਆਪਣੇ ਤਨ ਨਾਲ ਸਾਧ ਸੰਗਤ ਦੀ ਸੇਵਾ ਕੀਤੀ ਅਤੇ ਆਪਣੇ ਪੈਰੋਕਾਰਾਂ ਨੂੰ ਇਕ ਮਿਸਾਲ ਬਣਕੇ ਦਿਖਾਇਆ। ਇਕ ਪ੍ਰਸਿਧ ਸਾਖੀ ਅਨੁਸਾਰ ਇਕ ਵਾਰ ਵੈਸਾਖੀ ਦੇ ਸਮੇਂ ਜਦੋਂ ਸਭ ਸੰਗਤਾਂ ਜੁੜ ਗਈਆਂ, ਤਾਂ ਜਿਹੜਾ ਸੇਵਾ ਦਾ ਪ੍ਰੋਗਰਾਮ ਬਣਾਇਆ ਗਿਆ ਉਹ ਗੁਰੂ ਅਰਜਨ ਦੇਵ ਜੀ ਨੇ ਸਭ ਸਿੱਖਾਂ ਨੂੰ ਸੁਣਾ ਦਿੱਤਾ। ਇਕ ਸਿੱਖ ਉਠਕੇ ਬੇਨਤੀ ਕਰਨ ਲਗਾ:

"ਜੀ ਮਹਾਰਾਜ, ਤੁਸੀਂ ਇਕ ਡਿਊਟੀ ਲੈਣੀ ਭੁਲ ਗਏ ਹੋ। ਬਰਤਨ ਸਾਫ਼ ਕਰਨ ਦਾ ਕੰਮ ਕਿਸੇ ਦੇ ਜ਼ਿੰਮੇ ਨਹੀਂ ਲਗਾਇਆ ਗਿਆ।"

ਸਿੱਖ ਦੇ ਉਪਰੋਕਤ ਪ੍ਰਸ਼ਨ ਦਾ ਗੁਰੂ ਜੀ ਵਲੋਂ ਉਤਰ ਸੀ:

"ਇਹ ਡਿਊਟੀ ਲਗ ਚੁਕੀ ਹੈ। ਇਹ ਕੰਮ ਅਸੀਂ ਆਪ ਕਰਾਂਗੇ।"[2]

ਭਾਈ ਗੁਰਦਾਸ ਜੀ ਦਾ ਵਿਚਾਰ ਹੈ ਕਿ ਸੇਵਾ ਬਿਨਾਂ ਸਾਰੀ ਕਮਾਈ ਵਿਅਰਥ ਚਲੀ ਜਾਂਦੀ ਹੈ। ਭਾਈ ਸਾਹਿਬ ਨੇ ਸਪਸ਼ਟ ਰੂਪ ਵਿਚ ਸੇਵਾ ਦੇ ਮਾਧਿਅਮ ਬਣਨ ਵਾਲੇ ਅੰਗਾਂ ਅਰਥਾਤ ਹੱਥਾਂ, ਪੈਰਾਂ ਦਾ ਜ਼ਿਕਰ ਕੀਤਾ ਹੈ। ਇਥੇ ਸੇਵਾ ਦਾ ਸਪਸ਼ਟ ਭਾਵ ਤਨ ਦੀ ਸੇਵਾ ਹੈ, ਕਿਉਂਕਿ ਭਾਈ ਸਾਹਿਬ ਦਾ ਮੱਤ ਹੈ ਕਿ ਉਨ੍ਹਾਂ ਹੱਥਾਂ ਪੈਰਾਂ ਨੂੰ ਲਾਹਨਤ ਹੈ ਜਿਹੜੇ ਦੂਸਰੇ ਦੇ ਕੰਮ ਨਹੀਂ ਆਉਂਦੇ:

---

1. ਆਦਿ ਗ੍ਰੰਥ, ਮ. 1., ਪੰਨਾ 992
2. ਪ੍ਰੀਤਮ ਸਿੰਘ (ਪ੍ਰੋ:) ਸਿਖ ਵੀਚਾਰਧਾਰਾ, ਪੰਨਾ 136

ਵਿਣੁ ਸੇਵਾ ਧ੍ਰਿਗੁ ਹਥ ਪੈਰ
ਹੋਰ ਨਿਹਫਲ ਕਰਣੀ।[1]

ਕਬੀਰ ਸਾਹਿਬ ਤਾਂ ਇਸ ਤੋਂ ਵੀ ਅਗਾਹ ਚਲੇ ਜਾਂਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਉਹ ਘਰ ਇਕ ਕਬਰਸਤਾਨ ਹੈ ਅਤੇ ਉਥੇ ਭੂਤਾਂ ਦਾ ਵਾਸਾ ਹੈ ਜਿਸ ਘਰ ਵਿਚ ਕਿਸੇ ਸਾਧੂ ਦੀ ਸੇਵਾ ਨਹੀਂ ਕੀਤੀ ਜਾਂਦੀ:

ਕਬੀਰ ਜਾ ਘਰ ਸਾਧ ਨ ਸੇਵੀਅਹਿ
ਹਰਿ ਕੀ ਸੇਵਾ ਨਾਹਿ।
ਤੇ ਘਰ ਮਰਹਟ ਸਾਰਖੇ
ਭੂਤ ਬਸਹਿ ਤਿਨ ਮਾਹਿ।[2]

ਸਿੱਖ ਧਰਮ ਵਿਚ ਗੁਰਗੱਦੀ ਦੀ ਸੰਸਥਾ ਵੀ ਸੇਵਾ ਦੇ ਸੰਕਲਪ ਨਾਲ ਜੁੜੀ ਹੋਈ ਹੈ ਅਤੇ ਇਸ ਸੇਵਾ ਵਿਚ ਤਨ ਦੀ ਸੇਵਾ ਦਾ ਸਥਾਨ ਪ੍ਰਮੁਖ ਹੈ। ਇਕ ਗੁਰੂ ਸਾਹਿਬ ਦੁਆਰਾ ਅਗਲੇ ਗੁਰੂ ਸਾਹਿਬ ਨੂੰ ਗੁਰਗੱਦੀ ਸੌਂਪਣ ਸਮੇਂ ਸੇਵਾ ਨੂੰ – ਵਿਸ਼ੇਸ਼ ਰੂਪ ਵਿਚ ਤਨ ਦੀ ਸੇਵਾ ਨੂੰ – ਮੁੱਖ ਕਸਵੱਟੀ ਮੰਨਿਆ ਜਾਂਦਾ ਰਿਹਾ ਹੈ। ਸਿੱਖ ਇਤਿਹਾਸ ਵਿਚ ਗੁਰੂ ਸਾਹਿਬਾਨ ਨੇ ਆਪਣੇ ਪੁੱਤਰਾਂ ਨਾਲੋਂ ਵੀ ਸੇਵਕਾਂ ਨੂੰ ਵਧੇਰੇ ਅਹਿਮੀਅਤ ਦਿਤੀ ਅਤੇ ਸੇਵਾ ਦੇ ਸਿਧਾਂਤ ਤੇ ਅਮਲ ਕਰਨ ਵਾਲੇ ਆਪਣੇ ਸ਼ਰਧਾਲੂਆਂ ਵਿਚੋਂ ਹੀ ਕਿਸੇ ਇਕ ਨੂੰ ਸਿੱਖ ਗੁਰੂ ਥਾਪਿਆ ਗਿਆ। ਚੌਥੀ ਪਾਤਸ਼ਾਹੀ, ਸ੍ਰੀ ਗੁਰੂ ਰਾਮ ਦਾਸ ਜੀ ਤੋਂ ਬਾਅਦ ਭਾਵੇਂ ਗੁਰਗੱਦੀ ਸੋਢੀ ਵੰਸ ਤਕ ਹੀ ਸੀਮਤ ਰਹੀ, ਪਰੰਤੂ ਸੇਵਾ ਦੇ ਸੰਕਲਪ ਨੂੰ ਇਸ ਯੁਗ ਵਿਚ ਵੀ ਅਖੋਂ ਉਹਲੇ ਨਹੀਂ ਕੀਤਾ ਗਿਆ। ਇਥੇ ਇਹ ਕਹਿਣਾ ਅਨੁਚਿਤ ਨਹੀਂ ਹੋਵੇਗਾ ਕਿ ਗੱਦੀ ਦਾ ਉਤਰ-ਅਧਿਕਾਰੀ ਨਿਯੁਕਤ ਕਰਨ ਲਗਿਆਂ ਸੇਵਾ ਦੇ ਨਾਲ ਨਾਲ ਵਿਚਾਰਧਾਰਕ ਸੂਝ, ਮੋਹ-ਮਾਇਆ ਦਾ ਤਿਆਗ, ਸਮੁੱਚੀ ਮਾਨਵ-ਜਾਤੀ ਦੇ ਕਲਿਆਣ ਦੀ ਕਾਮਨਾ ਆਦਿ ਅਨੇਕ ਸੰਕਲਪ, ਗੁਰੂ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਰਹਿੰਦੇ ਸਨ। ਪਰੰਤੂ ਸੇਵਾ – ਵਿਸ਼ੇਸ਼ ਰੂਪ ਵਿਚ ਤਨ ਦੀ ਸੇਵਾ – ਦੀ ਭਾਵਨਾ ਨੂੰ ਇਸ ਸੰਦਰਭ ਵਿਚ ਹਮੇਸ਼ਾ ਪ੍ਰਮੁਖ ਸਥਾਨ ਦਿੱਤਾ ਜਾਂਦਾ ਰਿਹਾ। ਗੁਰੂ ਘਰ ਤੋਂ ਬਾਅਦ ਸਿੱਖ ਜਗਤ ਦੀਆਂ ਮਹਾਨ ਹਸਤੀਆਂ –

---

1. ਵਾਰਾਂ ਭਾਈ ਗੁਰਦਾਸ (27:10)

2. ਆਦਿ ਗ੍ਰੰਥ, ਸਲੋਕ ਕਬੀਰ ਜੀ, ਪੰਨਾ 1374

ਭਾਈ ਘਨਈਆ ਜੀ, ਬੀਬੀ ਭਾਨੀ ਜੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਭਾਈ ਮੰਝ ਜੀ, ਨਵਾਬ ਕਪੂਰ ਸਿੰਘ ਜੀ ਆਦਿ - ਵੀ ਇਤਿਹਾਸ ਵਿਚ ਆਪਣੀ ਸੇਵਾ ਕਰਕੇ ਹੀ ਸਿੱਖਾਂ ਵਿਚ ਆਦਰਯੋਗ ਬਣੀਆਂ।

ਗੁਰੂ ਦੀ ਸੇਵਾ:

ਗੁਰਮਤਿ ਅਨੁਸਾਰ ਮਨੁੱਖ ਨੇ ਆਪਣੇ ਤਨ ਨਾਲ ਆਪਣੇ ਗੁਰੂ ਜਾਂ ਸਤਿਗੁਰੂ ਦੀ, ਸਾਧ ਸੰਗਤ ਅਤੇ ਮਾਨਵ-ਜਾਤੀ ਦੀ ਸੇਵਾ ਕਰਨੀ ਹੈ। ਜਦੋਂ ਵਿਅਕਤੀ, ਵਿਅਕਤੀਆਂ ਦੇ ਸਮੂਹ ਜਾਂ ਸੰਸਥਾ ਦੇ ਸੰਦਰਭ ਵਿਚ ਤਨ ਦੀ ਸੇਵਾ ਦਾ ਗੁਰਮਤਿ ਵਿਚ ਜ਼ਿਕਰ ਆਇਆ ਹੈ, ਤਾਂ ਵਿਸ਼ੇਸ਼ ਰੂਪ ਵਿਚ ਗੁਰੂ ਜਾਂ ਸਤਿਗੁਰੂ, ਸੰਗਤ ਜਾਂ ਸਾਧ ਸੰਗਤ ਅਤੇ ਧਰਮਸ਼ਾਲ ਜਾਂ ਗੁਰਦੁਆਰੇ ਉਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।

ਗੁਰਮਤਿ ਅਨੁਸਾਰ ਆਤਮਾ ਨੂੰ ਇਹ ਮਨੁੱਖਾ ਦੇਹੀ ਬਹੁਤ ਦੇਰ ਬਾਅਦ ਮਿਲੀ ਹੈ ਅਤੇ ਇਸ ਦੇਹੀ ਵਿਚ ਮਨੁੱਖ ਲਈ ਜਿਹੜੇ ਕਰਮ ਕਰਨੇ ਹਨ, ਉਹ ਪਰਮਾਤਮਾ ਨੂੰ ਪ੍ਰਾਪਤ ਕਰਨ ਦੇ ਸਾਧਨ ਹਨ ਅਤੇ ਇਨ੍ਹਾਂ ਸਾਧਨਾਂ ਵਿਚੋਂ ਸੇਵਾ ਵੀ ਇਕ ਅਜਿਹਾ ਸਾਧਨ ਹੈ ਜੋ ਪਰਮਾਤਮਾ ਤਕ ਪਹੁੰਚਣ ਲਈ ਬੇੜੀ ਦਾ ਕੰਮ ਕਰਦਾ ਹੈ। ਇਸ ਲਈ ਗੁਰਮਤਿ ਵਿਚ ਉਸ ਪਰਮਾਤਮਾ ਦੀ ਸੇਵਾ ਕਰਨ ਦੀ ਹਦਾਇਤ ਕੀਤੀ ਗਈ ਹੈ।

ਜਿਨਿ ਜਗਤੁ ਉਪਾਇਆ ਧੰਧੈ ਲਾਇਆ
ਤਿਸੈ ਵਿਟਹੁ ਕੁਰਬਾਣੁ ਜੀਉ।
ਤਾਕੀ ਸੇਵ ਕਰੀਜੈ ਲਾਹਾ ਲੀਜੈ
ਹਰਿ ਦਰਗਹ ਪਾਈਐ ਮਾਣ ਜੀਉ।[1]

ਅਰਥਾਤ ਉਸ (ਪਰਮਾਤਮਾ) ਦੀ ਸੇਵਾ ਕਰੋ ਤੇ ਉਸ ਨੂੰ ਅਰਾਧੋ ਜਿਸ ਨੇ ਸਾਰਾ ਜਗ ਉਪਾਇਆ ਹੈ, ਮਨੁੱਖ ਨੂੰ ਪੈਦਾ ਕੀਤਾ ਹੈ। ਉਸ ਦੀ ਸੇਵਾ ਕਰਨਾ ਹੀ ਜੀਵਨ ਦਾ ਲਾਹਾ ਹੈ ਅਤੇ ਉਸਦੀ ਸੇਵਾ ਕਰਨ ਨਾਲ ਹੀ ਦਰਗਾਹ ਵਿਚ ਮਾਣ ਮਿਲਦਾ ਹੈ।

---

1. ਆਦਿ ਗ੍ਰੰਥ, ਮ. 1., ਪੰਨਾ 438

ਗੁਰੂ ਅਰਜਨ ਦੇਵ ਜੀ ਤਾਂ ਵਾਹਿਗੁਰੂ ਦੀ ਸੇਵਾ ਨੂੰ ਪ੍ਰਥਮ ਸੇਵਾ ਆਖਦੇ ਹਨ ਅਤੇ ਉਸ ਇਕ ਤੋਂ ਬਿਨਾਂ ਕਿਸੇ ਦੀ ਸੇਵਾ ਕਰਨ ਦੀ ਲੋੜ ਨਹੀਂ ਅਤੇ ਉਸਦੀ ਸੇਵਾ ਕਰਨ ਤੋਂ ਬਾਅਦ ਕਿਸੇ ਹੱਜ, ਕਾਅਬੇ ਜਾਂ ਤੀਰਥ ਦੀ ਪੂਜਾ ਦੀ ਜ਼ਰੂਰਤ ਨਹੀਂ ਰਹਿ ਜਾਂਦੀ:

ਹਜ ਕਾਬੈ ਜਾਉ ਨ ਤੀਰਥ ਪੂਜਾ।
ਏਕੋ ਸੇਵੀ ਅਵਰੁ ਨ ਦੂਜਾ।[1]

ਪਰੰਤੂ ਹਰੀ ਜਾਂ ਪਰਮਾਤਮਾ ਅਦ੍ਰਿਸ਼ਟ ਸੁਆਮੀ ਹੈ, ਜਿਸ ਤਕ ਸਾਡੀ ਪਹੁੰਚ ਨਹੀਂ, ਜਿਸ ਨੂੰ ਅਸੀਂ ਦੇਖਿਆ ਵੀ ਨਹੀਂ ਹੈ। ਬੇਸ਼ਕ ਉਹ ਇਸ ਕਾਇਆ ਦੇ ਅੰਦਰ ਹੀ ਹੈ, ਪਰ ਉਸ ਤਕ ਪਹੁੰਚ ਕਿਵੇਂ ਹੋਵੇ? ਗੁਰੂ ਰਾਮਦਾਸ ਜੀ ਇਸਦਾ ਜਵਾਬ ਦਿੰਦੇ ਹਨ:

ਕਾਇਆਨਗਰਿ ਬਸਤ ਹਰਿ ਸੁਆਮੀ
ਹਰਿ ਨਿਰਭਉ ਨਿਰਵੈਰੁ ਨਿਰੰਕਾਰਾ।
ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ
ਹਰਿ ਲਾਧਾ ਗੁਰ ਵਿਚਾਰਾ।[2]

ਇਸ ਲਈ ਪਰਮਾਤਮਾ ਨਾਲ ਮਿਲਾਪ ਉਸ ਗੁਰੂ ਜਾਂ ਸਤਿਗੁਰੂ ਦੁਆਰਾ ਹੀ ਹੋ ਸਕਦਾ ਹੈ। ਜਗਤ ਵਿਚ ਗੁਰਮਤਿ ਅਨੁਸਾਰ ਗੁਰੂ ਇਕ ਅਜਿਹਾ ਵਿਅਕਤੀ ਹੈ ਜਿਸਦੇ ਅੰਤਹਕਰਣ ਵਿਚ ਖੁਦ ਬ੍ਰਹਮ ਦਾ ਨਿਵਾਸ ਹੈ। ਗੁਰਬਾਣੀ ਅਨੁਸਾਰ ਗੁਰੂ ਅਤੇ ਬ੍ਰਹਮ ਵਿਚ ਕੋਈ ਅੰਤਰ ਨਹੀਂ ਹੈ। ਡਾ. ਜਯਰਾਮ ਮਿਸ਼ਰ ਇਸ ਸੰਦਰਭ ਵਿਚ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ:

"ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਮਹੱਤਵ ਸਾਰੇ ਦੇਹਧਾਰੀਆਂ ਵਿਚ ਸਭ ਤੋਂ ਵਧ ਹੈ। ਕਿਤੇ ਕਿਤੇ ਤਾਂ ਸਤਿਗੁਰੂ ਤੇ ਪਰਮਾਤਮਾ ਵਿਚ ਬਿਲਕੁਲ ਅਭਿੰਨਤਾ ਸਥਾਪਿਤ ਕੀਤੀ ਗਈ ਹੈ।"[3]

---

1. ਆਦਿ ਗ੍ਰੰਥ, ਮ. 5., ਪੰਨਾ 1136
2. ਉਹੀ, ਮ. 4., ਪੰਨਾ 720
3. ਜਯਰਾਮ ਮਿਸਰ (ਡਾ.), ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 317-18

ਗੁਰਬਾਣੀ ਵਿਚ ਇਸ ਵਿਚਾਰ ਦੀ ਪੁਸ਼ਟੀ ਅਨੇਕ ਥਾਵਾਂ ਤੇ ਬੜੇ ਸਪਸ਼ਟ ਸ਼ਬਦਾਂ ਵਿਚ ਮਿਲਦੀ ਹੈ, ਜਿਵੇਂ:

ਗੁਰੁ ਪਰਮੇਸਰੁ ਏਕੋ ਜਾਣੁ।
ਜੋ ਤਿਸੁ ਭਾਵੈ ਸੋ ਪਰਵਾਣੁ।[1]

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਇਸ ਵਿਚਾਰ ਨੂੰ ਸਪਸ਼ਟ ਕਰਦਿਆਂ ਸਿੱਖਾਂ ਨੂੰ ਸਮਝਾਇਆ ਹੈ ਕਿ ਗੁਰੂ ਤੇ ਬ੍ਰਹਮ ਇਕੋ ਹੀ ਹਨ। ਇਨ੍ਹਾਂ ਵਿਚ ਕੋਈ ਫਰਕ ਨਹੀਂ:

1. ਗੁਰ ਪਰਮੇਸਰੁ ਇਕੁ ਹੈ
   ਸਚਾ ਸਾਹੁ ਜਗਤੁ ਵਣਜਾਰਾ।[2]

2. ਗੁਰੁ ਪਰਮੇਸਰ ਏਕ ਜਾਣਿ
   ਦੂਜਾ ਭਾਉ ਮਿਟਾਇ ਉਪਾਧੇ।[3]

ਗੁਰੂ ਜਾਂ ਸਤਿਗੁਰੂ ਇਕ ਅਜਿਹਾ ਵਿਅਕਤੀ ਹੈ, ਜੋ ਗੁਰਮਤਿ ਅਨੁਸਾਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੋਂ ਮੁਕਤ ਹੋ ਕੇ ਅਤੇ ਜਗਤ ਵਿਚ ਪਸਰੀ ਹੋਈ ਮਾਇਆ ਤੋਂ ਨਿਰਲੇਪ ਰਹਿ ਕੇ, ਇਸ ਜਗਤ ਵਿਚ ਵਿਚਰਦਾ ਹੈ। ਇਸ ਲਈ ਗੁਰਬਾਣੀ ਦੀ ਹਦਾਇਤ ਹੈ ਕਿ ਆਪਣੇ ਸਰੀਰ ਦੇ ਅੰਗਾਂ ਦਾ ਪ੍ਰਯੋਗ ਕਰਕੇ ਜੇ ਸੰਸਾਰ ਵਿਚ ਕੇਵਲ ਇਕ ਵਿਅਕਤੀ ਦੀ ਸੇਵਾ ਕਰਨਾ ਹੀ ਮਨੋਰਥ ਹੋਵੇ ਤਾਂ ਇਹ ਸੇਵਾ ਗੁਰੂ ਜਾਂ ਸਤਿਗੁਰੂ ਦੀ ਕਰਨੀ ਚਾਹੀਦੀ ਹੈ:

ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ।
ਗੁਰ ਕੇ ਚਰਣ ਧੋਇ ਧੋਇ ਪੀਵਾ।
ਗੁਰ ਕੀ ਰੇਣੁ ਨਿਤ ਮਜਨੁ ਕਰਉ।

---

1. ਆਦਿ ਗ੍ਰੰਥ, ਮ. 5., ਪੰਨਾ 864
2. ਵਾਰਾਂ ਭਾਈ ਗੁਰਦਾਸ (1:7)
3. ਉਹੀ, (29:3)

ਜਨਮ ਜਨਮ ਕੀ ਹਉਮੈ ਮਲੁ ਹਰਉ।
ਤਿਸੁ ਗੁਰ ਕਉ ਝੁਲਾਵਉ ਪਾਖਾ।
ਮਹਾ ਅਗਨਿ ਤੇ ਹਾਥੁ ਦੇ ਰਾਖਾ।
ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ।
ਜਿਸੁ ਗੁਰ ਤੇ ਅਕਲ ਗਤਿ ਜਾਣੀ।
ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ।
ਜਿਸ ਪ੍ਰਸਾਦਿ ਵੈਰੀ ਸਭ ਮੀਤ।[1]

ਉਪਰੋਕਤ ਪੰਕਤੀਆਂ ਵਿਚ ਪਾਣੀ ਭਰਨ, ਪੱਖਾ ਝਲਣ, ਆਟਾ ਪੀਸਣ ਆਦਿ ਕਿਰਿਆਵਾਂ ਦੁਆਰਾ ਸਰੀਰ ਦੇ ਸਾਰੇ ਮੁਖ ਅੰਗ ਗੁਰੂ ਦੀ ਸੇਵਾ ਵਿਚ ਵਿਅਸਤ ਦਿਖਾਏ ਗਏ ਹਨ। ਇਥੋਂ ਤਕ ਕਿ ਨੇਤਰ ਵੀ ਅਤਿਅੰਤ ਹਲੀਮੀ ਅਤੇ ਸੇਵਾ ਭਾਵ ਨਾਲ ਹੀ ਗੁਰੂ ਦੇ ਦਰਸ਼ਨਾਂ ਵਿਚੋਂ ਆਪਣੀ ਹੋਂਦ ਦਾ ਆਧਾਰ ਲਭ ਰਹੇ ਹਨ। ਹਲੀਮੀ ਨਾਲ ਕੀਤੀ ਗਈ ਤਨ ਦੀ ਸੇਵਾ ਦੇ ਮਹੱਤਵ ਦੀ ਸੀਮਾ ਇਹ ਹੈ ਕਿ ਇਸ ਨਾਲ ਸੇਵਕ ਦੀ 'ਜਨਮ ਜਨਮ ਕੀ ਹਉਮੈਂ ਮਲੁ' ਹਰ ਜਾਂਦੀ ਹੈ।

ਆਪਣੇ ਤਨ ਨਾਲ ਸਤਿਗੁਰੂ ਦੀ ਸੇਵਾ ਕਿਉਂ ਜ਼ਰੂਰੀ ਹੈ, ਇਸ ਦਾ ਉਤਰ ਡਾ. ਅਵਤਾਰ ਸਿੰਘ ਇਸ ਤਰ੍ਹਾਂ ਦਿੰਦੇ ਹਨ:

> "ਗੁਰੂ ਦੀ ਸੇਵਾ ਦਾ ਚਾਉ ਗੁਰੂ ਦੇ ਅਹਿਸਾਨ ਦੇ ਬੋਝ ਕਾਰਨ ਚੜ੍ਹਦਾ ਹੈ ਕਿਉਂਕਿ ਉਸਦੇ ਉਪਦੇਸ਼ ਕਾਰਨ ਹੀ ਮਨ ਦੇ ਸਾਰੇ ਭਰਮਾਂ ਦਾ ਨਾਸ਼ ਹੁੰਦਾ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਲਈ ਮਾਰਗ ਸਾਫ਼ ਹੁੰਦਾ ਹੈ।"[2]

---

1. ਆਦਿ ਗ੍ਰੰਥ, ਮ. 5., ਪੰਨਾ 239-40

2. The service of the Guru may be inspired from a sense of gratitude because it is with his teachings that all doubts of the mind are overcome and the way is cleared for the attainment of the ideal.
Avtar Singh, Ethics of the Sikhs, p. 197

ਗੁਰੂ ਦੀ ਸੇਵਾ ਦੋ ਪ੍ਰਕਾਰ ਦੀ ਹੈ: ਬਾਹਰਲੀ ਸੇਵਾ ਅਤੇ ਅੰਦਰਲੀ ਸੇਵਾ। ਬਾਹਰਲੀ ਸੇਵਾ ਕਰਨ ਨਾਲ ਸੇਵਕ ਦੀ ਆਪਣੇ ਸਤਿਗੁਰੂ ਨਾਲ ਭਾਵਨਾਤਮਕ ਸਾਂਝ ਵਧਦੀ ਹੈ ਅਤੇ ਉਸਦਾ ਪਿਆਰ ਦ੍ਰਿੜ੍ਹ ਹੁੰਦਾ ਹੈ। ਇਹ ਬਾਹਰਲੀ ਸੇਵਾ ਪਹਿਲੀ ਪੌੜੀ ਹੈ, ਜਿਸ ਤੇ ਚੜ੍ਹਕੇ ਸਿਖ ਅੰਦਰਲੀ ਸੇਵਾ ਕਰਨ ਦੇ ਸਮਰੱਥ ਬਣ ਜਾਂਦਾ ਹੈ। ਗੁਰੂ ਨੂੰ ਸਰੀਰਕ ਸੁੱਖ ਤੇ ਆਰਾਮ ਦੇਣ ਵਾਲਾ ਹਰ ਕਰਮ ਬਾਹਰਲੀ ਸੇਵਾ ਅਖਵਾਂਦਾ ਹੈ। ਡਾ. ਦਰਸ਼ਨ ਸਿੰਘ ਦੁਆਰਾ ਸੰਕੇਤਿਤ ਹੇਠ-ਲਿਖੀ ਸੇਵਾ:

> "ਆਪਣੇ ਕੇਸਾਂ ਦਾ ਚੌਰ ਬਣਾ ਕੇ ਗੁਰੂ ਨੂੰ ਝਲਣਾ, ਉਸਦੀ ਪ੍ਰਦੱਖਣਾ ਕਰਨਾ, ਡੰਡੌਤ ਕਰਨਾ ਅਤੇ ਉਸ ਦੀ ਚਰਨ ਧੂੜ ਨੂੰ ਮੱਥੇ ਤੇ ਲਾਉਣ ਲਈ ਸਹਿਕਣਾ ਆਦਿ ਕਾਰਜ।"[1]

ਗੁਰੂ ਦੀ ਬਾਹਰਲੀ ਸੇਵਾ ਜਾਂ ਤਨ ਦੀ ਸੇਵਾ ਦੇ ਅੰਤਰਗਤ ਆਉਂਦੀ ਹੈ। ਗੁਰੂ ਨਾਲ ਸੇਵਕ ਦਾ ਇਕ ਅਜਿਹਾ ਰਿਸ਼ਤਾ ਕਾਇਮ ਹੋ ਜਾਂਦਾ ਹੈ, ਜਿਹੜਾ ਬਾਕੀ ਦੁਨੀਆਂ ਦੇ ਰਿਸ਼ਤਿਆਂ ਤੋਂ ਵਧੇਰੇ ਪੱਕਾ ਹੈ, ਕਿਉਂਕਿ ਦੁਨੀਆਂ ਦੇ ਸਾਕ-ਸੰਬੰਧੀ ਤਾਂ ਜੀਂਦੇ-ਜੀਅ ਸਾਡਾ ਸਾਥ ਛੱਡ ਜਾਂਦੇ ਹਨ, ਪਰ ਗੁਰੂ ਤਾਂ ਮੌਤ ਤੋਂ ਬਾਅਦ ਵੀ ਸੇਵਕ ਨੂੰ ਛਡ ਕੇ ਨਹੀਂ ਜਾਂਦਾ। ਇਸ ਲਈ ਅਜਿਹੇ ਗੁਰੂ ਦੀ ਸੇਵਾ ਕਰਨ ਲਈ ਗੁਰਮਤਿ ਸਾਨੂੰ ਕਹਿੰਦੀ ਹੈ:

> ਨਾਨਕ ਕਚੜਿਆ ਸਿਉ ਤੋੜਿ
> ਢੂਢਿ ਸਜਣ ਸੰਤ ਪਕਿਆ।
> ਓਇ ਜੀਵੰਦੇ ਵਿਛੁੜਹਿ
> ਓਇ ਮੁਇਆ ਨ ਜਾਹੀ ਛੋੜਿ।[2]

ਆਪਣੇ ਗੁਰੂ ਦੀ, ਤਨ ਨਾਲ ਸੇਵਾ ਕਰਨ ਲਈ ਹਰ ਸੇਵਕ ਨੂੰ ਬਾਣੀ ਵਿਚੋਂ ਸਿਖਿਆ ਮਿਲਦੀ ਹੈ ਅਤੇ ਅਜਿਹੀ ਤਨ ਦੀ ਸੇਵਾ ਕਰਕੇ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰ ਦਾਸ ਜੀ ਸੇਵਕ ਤੋਂ ਸੁਆਮੀ ਬਣ ਗਏ ਸਨ। ਤਨ ਦੀ ਸੇਵਾ ਦੀ ਮਹਾਨਤਾ ਦਾ ਸਾਨੂੰ ਗੁਰੂ

1. ਦਰਸ਼ਨ ਸਿੰਘ (ਡਾ.), ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 168
2. ਆਦਿ ਗ੍ਰੰਥ, ਮ. 5, ਪੰਨਾ 1102

ਗੋਬਿੰਦ ਸਿੰਘ ਜੀ ਨਾਲ ਜੁੜੀ ਹੋਈ ਇਕ ਸਾਖੀ ਤੋਂ ਵੀ ਪਤਾ ਲਗਦਾ ਹੈ, ਜਿਸ ਅਨੁਸਾਰ ਗੁਰੂ ਸਾਹਿਬ ਨੇ ਇਕ ਸੁੰਦਰ ਨੌਜਵਾਨ ਦਾ ਭਰੀ ਸੰਗਤ ਵਿਚ ਲਿਆਂਦਾ ਪਾਣੀ ਪਰਵਾਨ ਨਹੀਂ ਸੀ ਕੀਤਾ ਕਿਉਂਕਿ ਉਸ ਨੌਜਵਾਨ ਨੇ ਕਦੀ ਵੀ ਆਪਣੇ ਹੱਥਾਂ ਨਾਲ ਕਿਸੇ ਦੀ ਸੇਵਾ ਨਹੀਂ ਸੀ ਕੀਤੀ।[1]

## ਸਾਧ, ਸੰਤ, ਬ੍ਰਹਮ ਗਿਆਨੀ, ਗੁਰਮੁਖ ਦੀ ਸੇਵਾ:

ਸਾਧ, ਸੰਤ, ਬ੍ਰਹਮ ਗਿਆਨੀ, ਗੁਰਮੁਖ ਆਦਿ ਸ਼ਬਦ ਗੁਰਬਾਣੀ ਵਿਚ ਬਹੁਤ ਸਤਿਕਾਰ ਨਾਲ ਵਰਤੇ ਗਏ ਹਨ। ਇਨ੍ਹਾਂ ਦੀ ਸੇਵਾ ਵੀ ਉਤਨੀ ਹੀ ਨਿਮਰਤਾ ਨਾਲ ਕਰਨ ਦੀ ਹਦਾਇਤ ਹੈ ਜਿਤਨੀ ਨਿਮਰਤਾ ਤੇ ਸ਼ਰਧਾ ਨਾਲ ਗੁਰੂ ਦੀ ਸੇਵਾ ਕਰਨੀ ਹੈ। ਸੰਤ ਨੂੰ ਇਸੇ ਲਈ ਬ੍ਰਹਮ ਗਿਆਨੀ ਕਿਹਾ ਗਿਆ ਹੈ, ਕਿਉਂਕਿ ਉਸ ਦੀ ਸ਼ਖ਼ਸੀਅਤ ਵਿਚ ਉਹ ਸਾਰੀਆਂ ਸਿਫ਼ਤਾਂ ਆ ਜਾਂਦੀਆਂ ਹਨ ਜਿਹੜੀਆਂ ਮੁਖ ਰੂਪ ਵਿਚ ਗੁਰੂ ਵਿਚ ਹੁੰਦੀਆਂ ਹਨ। ਆਪ ਗੁਰੂ ਸਾਹਿਬਾਨ ਨੇ ਵੀ ਜਿਸ ਪ੍ਰਕਾਰ ਗੁਰੂ ਜਾਂ ਸਤਿਗੁਰੂ ਦੇ ਸੰਦਰਭ ਵਿਚ ਤਨ ਦੀ ਸੇਵਾ ਦਾ ਜ਼ਿਕਰ ਕੀਤਾ ਹੈ, ਉਸੇ ਪ੍ਰਕਾਰ ਹੀ ਸਾਧ, ਸੰਤ, ਗੁਰਮੁਖ ਜਾਂ ਬ੍ਰਹਮ ਗਿਆਨੀ ਦੀ ਸੇਵਾ ਦਾ ਜ਼ਿਕਰ ਵੀ ਕੀਤਾ ਹੈ। ਸੰਤ ਨੂੰ ਗੁਰੂ ਜਿੰਨਾ ਹੀ ਉੱਚਾ ਰੁਤਬਾ ਦਿੰਦਿਆਂ ਸੰਤਾਂ ਦੀ ਤਨ ਨਾਲ ਕੀਤੀ ਗਈ ਸੇਵਾ ਦੇ ਸੰਦਰਭ ਵਿਚ ਗੁਰੂ ਜੀ ਫ਼ਰਮਾਉਂਦੇ ਹਨ:

> "ਮੈਂ ਅਖਾਂ ਨਾਲ ਸੰਤਾਂ ਦੀ ਸੇਵਾ ਕਰਾਂ, ਕੇਸਾਂ ਨਾਲ ਉਨ੍ਹਾਂ ਦੇ ਚਰਨਾਂ ਨੂੰ ਝਾੜਾਂ, ਮੈਨੂੰ ਅਠੇ ਪਹਿਰ ਸੰਤਾਂ ਦੇ ਦਰਸ਼ਨ ਹੁੰਦੇ ਰਹਿਣ, ਜਿਸ ਦੁਆਰਾ ਮੈਂ ਸੁਖ ਪਾਵਾਂ।"[2]

---

1. M.A. Macauliffe, The Sikh Religion, Vol. V, p. 123
2. ਨੈਨਹੁ ਸੰਗਿ ਸੰਤਨ ਕੀ ਸੇਵਾ
   ਚਰਨ ਝਾਰੀ ਕੇਸਾਇਓ।
   ਆਠ ਪਹਰ ਦਰਸਨੁ ਸੰਤਨ ਕਾ
   ਸੁਖੁ ਨਾਨਕ ਇਹੁ ਪਾਇਓ।
   (ਆਦਿ ਗ੍ਰੰਥ, ਮ. 5, ਪੰਨਾ 1217)

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਸੰਤਾਂ ਦੀ ਸੇਵਾ ਬਾਰੇ ਲਿਖਦੇ ਹਨ, "ਮੈਂ ਆਪਣੇ ਕੇਸਾਂ ਦਾ ਪੱਖਾ ਬਣਾ ਕੇ ਪ੍ਰਭੂ ਦੇ ਸੰਤ ਨੂੰ ਚੌਰ ਝੁਲਾਂਦਾ ਰਹਾਂ, ਮੈਂ ਸੰਤ ਦੇ ਚਰਨਾਂ ਉਤੇ ਆਪਣਾ ਸਿਰ ਨਿਵਾਈ ਰੱਖਾਂ, ਉਸ ਦੇ ਚਰਨਾਂ ਦੀ ਧੂੜ ਲੈ ਕੇ ਮੈਂ ਆਪਣੇ ਮੱਥੇ ਉਤੇ ਲਾਂਦਾ ਰਹਾਂ।"[1]

ਸੇਵਕ ਲਈ ਆਪਣੇ ਗੁਰੂ ਦੇ ਆਦਰਸ਼ ਨੂੰ ਮੰਨਣ ਵਾਲੇ ਹੋਰ ਗੁਰਸਿਖਾਂ ਦੀ ਸੇਵਾ ਵੀ ਗੁਰੂ ਦੀ ਸੇਵਾ ਹੀ ਹੈ। ਜਿਹੜੇ ਗੁਰਸਿੱਖ ਆਪ ਨਾਮ ਜਪਕੇ ਹੋਰ ਗੁਰਸਿੱਖਾਂ ਨੂੰ ਨਾਮ ਜਪਾਉਂਦੇ ਹਨ ਉਹਨਾਂ ਬਾਰੇ ਗੁਰੂ ਸਾਹਿਬ ਆਖਦੇ ਹਨ: "ਮੈਂ ਅਜਿਹੇ ਗੁਰਸਿਖਾਂ ਦਾ ਲਾਲਾ ਗੋਲਾ ਹਾਂ।":

> ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ
> ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ।[2]

<u>ਸਾਧ ਸੰਗਤ ਦੀ ਸੇਵਾ:</u>

ਗੁਰੂ ਗ੍ਰੰਥ ਸਾਹਿਬ ਵਿਚ ਸਾਧ ਸੰਗਤ ਦੀ ਸੇਵਾ ਵੀ ਗੁਰੂ ਦੀ ਹੀ ਸੇਵਾ ਹੈ ਕਿਉਂਕਿ ਸਾਧ ਸੰਗਤ ਵਿਚ ਸਤਿਗੁਰੂ ਨਿਵਾਸ ਕਰਦੇ ਹਨ। ਡਾ. ਦਰਸ਼ਨ ਸਿੰਘ ਸਾਧ ਸੰਗਤ ਦੀ ਪਰਿਭਾਸ਼ਾ ਇਸ ਤਰ੍ਹਾਂ ਲਿਖਦੇ ਹਨ:

> "ਗੁਰੂ ਗ੍ਰੰਥ ਬਾਣੀ ਅਨੁਸਾਰ ਗੁਰੂ ਦੁਆਰਾ ਸਥਾਪਿਤ ਸੰਗਤ ਦੀ ਸੰਸਥਾ ਦਾ ਗੁਣ ਇਹ ਹੈ ਕਿ ਇਸ ਵਿਚ ਗੁਰੂ ਆਪ ਉਪਸਥਿਤ ਰਹਿੰਦਾ ਹੈ। ਉਹ ਜਿਥੇ ਪੂਰਨ ਗੁਰਸਿਖਾਂ ਦੀਆਂ ਆਤਮਾਵਾਂ ਵਿਚ ਆਪਣੀ ਜੋਤਿ ਦਾ ਸਮਾਵੇਸ਼ ਕਰਦਾ ਹੋਇਆ ਉਨ੍ਹਾਂ ਨਾਲ ਤਦਰੂਪ ਹੋ

---

1. ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ।
   ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ।
   (<u>ਆਦਿ ਗ੍ਰੰਥ</u>, ਮ. 5, ਪੰਨਾ 745)
2. <u>ਆਦਿ ਗ੍ਰੰਥ</u>, ਮ. 4, ਪੰਨਾ 493

ਜਾਂਦਾ ਹੈ ਉਥੇ ਸਮੁੱਚੀ ਸੰਗਤ ਵਿਚ ਵੀ ਉਸ ਦੀ ਹੋਂਦ ਵਿਦਮਾਨ
ਰਹਿੰਦੀ ਹੈ।"[1]

ਇਸ ਲਈ ਸਾਧ ਸੰਗਤ ਉਹ ਹੀ ਮੰਨੀ ਜਾਂਦੀ ਹੈ ਜਿਥੇ ਸਤਿਗੁਰੂ ਆਪ ਹਾਜ਼ਰ ਨਾਜ਼ਰ ਹੋਣ:

ਸਤਿਗੁਰ ਬਾਝਹੁ ਸੰਗਤਿ ਨ ਹੋਈ।
ਬਿਨੁ ਸਬਦੇ ਪਾਰੁ ਨ ਪਾਏ ਕੋਈ।[2]

ਜਿਵੇਂ ਕਿ ਉਪਰ ਕਿਹਾ ਗਿਆ ਹੈ ਸਾਧ, ਸੰਤ ਜਾਂ ਗੁਰਮੁਖ ਉਹ ਵਿਅਕਤੀ ਹੈ ਜਿਸਨੇ ਮਨ, ਬਚਨ, ਕਰਮ ਨਾਲ ਪੂਰਨ ਰੂਪ ਵਿਚ ਗੁਰੂ ਵਾਲੀਆਂ ਸਿਫ਼ਤਾਂ ਗ੍ਰਹਿਣ ਕਰ ਲਈਆਂ ਹਨ। ਇਸ ਲਈ ਇਹੋ ਜਿਹੇ ਵਿਅਕਤੀਆਂ ਦੇ ਸਮੂਹ ਨੂੰ ਸਮੁੱਚੇ ਰੂਪ ਵਿਚ ਬਹੁਤ ਹੀ ਸਤਿਕਾਰ ਨਾਲ ਸਾਧ ਸੰਗਤ ਕਿਹਾ ਗਿਆ ਹੈ। ਗੁਰੂ ਦੀ ਸੇਵਾ ਤੋਂ ਬਾਅਦ ਸਾਧ ਸੰਗਤ ਜਾਂ ਸਤ ਸੰਗਤ ਦੀ ਤਨ ਨਾਲ ਸੇਵਾ ਕਰਨ ਦੀ ਹਦਾਇਤ ਸਾਨੂੰ ਗੁਰਬਾਣੀ ਵਿਚੋਂ ਮਿਲਦੀ ਹੈ। ਵਿਅਕਤੀਆਂ ਦੇ ਸਮੂਹ ਦੇ ਰੂਪ ਵਿਚ ਗੁਰਮਤਿ ਅਨੁਸਾਰ ਸਭ ਤੋਂ ਉੱਤਮ ਸਮੂਹ ਉਹ ਹੈ ਜੋ ਇਕ ਮਨ, ਇਕ ਚਿਤ ਹੋ ਕੇ ਗੁਰੂ ਦੀ ਹਜ਼ੂਰੀ ਵਿਚ ਜੁੜਿਆ ਹੋਵੇ ਜਾਂ ਗੁਰੂ ਨੂੰ ਆਪਣੇ ਦਰਮਿਆਨ ਹਾਜ਼ਰ ਨਾਜ਼ਰ ਮਹਿਸੂਸ ਕਰ ਰਿਹਾ ਹੋਵੇ। ਵਿਅਕਤੀਆਂ ਦੇ ਇਹੋ ਜਿਹੇ ਸਮੂਹ ਨੂੰ ਹੀ ਗੁਰਮਤਿ ਦੀ ਸ਼ਬਦਾਵਲੀ ਵਿਚ ਸਾਧ ਸੰਗਤ ਕਿਹਾ ਗਿਆ ਹੈ। ਸਾਧ ਸੰਗਤ ਸਮੁੱਚੇ ਸਮਾਜ ਦਾ ਸਭ ਤੋਂ ਉੱਤਮ ਮਾਡਲ ਹੁੰਦਾ ਹੈ ਅਤੇ ਕਿਉਂਕਿ ਉਹ ਸੰਗਤ ਆਪਣੇ ਸਤਿਗੁਰੂ ਦੇ ਧਿਆਨ ਵਿਚ ਕਿਸੇ ਧਰਮਸ਼ਾਲ ਜਾਂ ਗੁਰਦੁਆਰੇ ਵਿਚ ਜੁੜੀ ਹੁੰਦੀ ਹੈ, ਇਸ ਲਈ ਸਮੂਹਕ ਰੂਪ ਵਿਚ ਅਤੇ ਇਸ ਸੰਸਥਾ ਦਾ ਅੰਗ ਬਣਕੇ ਤਨ ਨਾਲ ਕੀਤੀ ਗਈ ਸੇਵਾ ਗੁਰਮਤਿ ਅਨੁਸਾਰ ਸਭ ਤੋਂ ਉੱਤਮ ਸੇਵਾ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸੰਗਤ ਦੇ ਜੁੜਨ ਲਈ ਧਰਮਸ਼ਾਲਾਵਾਂ ਦੀ ਸਥਾਪਨਾ ਆਰੰਭ ਹੋ ਗਈ ਸੀ। ਬਾਅਦ ਵਿਚ ਧਰਮਸ਼ਾਲਾ ਨੂੰ ਗੁਰਦੁਆਰਾ ਕਿਹਾ ਜਾਣ ਲਗ ਪਿਆ। ਇਥੇ ਸੰਗਤ ਜੁੜਦੀ ਸੀ ਅਤੇ ਸੰਗਤ ਵਿਚ ਜੁੜੇ ਸਭ ਵਿਅਕਤੀਆਂ ਨੂੰ ਸੇਵਾ ਕਰਨ ਦਾ ਮੌਕਾ ਵੀ ਮਿਲਦਾ ਰਹਿੰਦਾ ਸੀ।

---

1. ਦਰਸ਼ਨ ਸਿੰਘ (ਡਾ.), ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 181
2. ਆਦਿ ਗ੍ਰੰਥ, ਮ. 3, ਪੰਨਾ 1068

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ: "ਮੈਂ ਗੁਰੂ ਦੇ ਸਿੱਖਾਂ ਨੂੰ ਜਤਨ ਨਾਲ ਲਭ ਕੇ ਮਿਲਦਾ ਹਾਂ। ਉਹਨਾਂ ਦੀ ਸੰਗਤ ਵਿਚ ਬੈਠਣ ਲਈ ਮੈਂ ਧਰਮਸ਼ਾਲ ਬਣਾਈ ਹੈ, ਜਿਥੇ ਮੈਂ ਸਦਾ-ਥਿਰ ਪ੍ਰਭੂ ਨੂੰ ਸਿਮਰਦਾ ਹਾਂ। ਜਿਹੜਾ ਗੁਰਸਿੱਖ ਮਿਲ ਪਵੇ ਮੈਂ ਲੋੜ ਅਨੁਸਾਰ ਉਸਦੇ ਪੈਰ ਧੋਦਾ ਹਾਂ, ਉਸ ਨੂੰ ਪੱਖਾ ਝਲਦਾ ਹਾਂ, ਪੂਰੇ ਅਦਬ ਨਾਲ ਉਸਦੇ ਪੈਰੀਂ ਲਗਦਾ ਹਾਂ।"[1]

ਭਾਈ ਗੁਰਦਾਸ ਜੀ ਨੇ ਵੀ ਸਾਧ ਸੰਗਤ ਦੀ ਸੇਵਾ ਦਾ ਮਹੱਤਵ ਵਿਸ਼ੇਸ਼ ਰੂਪ ਵਿਚ ਦਰਸਾਇਆ ਹੈ। ਭਾਈ ਸਾਹਿਬ ਅਨੁਸਾਰ ਜਦੋਂ ਕੋਈ ਸਿਖ ਆਪਣੇ ਸਤਿਗੁਰੂ ਕੋਲ ਜਾਂਦਾ ਤਾਂ ਉਸ ਸਿੱਖ ਨੂੰ ਸਤਿਗੁਰੂ ਵਲੋਂ ਸਾਧ ਸੰਗਤ ਦੀ ਸੇਵਾ ਕਰਨ ਦਾ ਹੀ ਆਦੇਸ਼ ਦਿੱਤਾ ਜਾਂਦਾ ਸੀ:

ਗੁਰ ਸਿਖਗੁਰ ਸਿਖ ਸੇਵਾ ਲਾਇਆ।
ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ।
ਤਪੜੁ ਝਾੜਿ ਵਿਛਾਇ ਧੂੜੀ ਲਾਇਆ।
ਕੋਰੇ ਮਟ ਅਣਾਇ ਨੀਰੁ ਭਰਾਇਆ।
ਆਣਿ ਮਹਾ ਪਰਸਾਦੁ ਵੰਡਿ ਖਵਾਇਆ।[2]

ਜਦੋਂ ਤਨ ਨਾਲ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਨਿਖੇੜਕੇ ਗੁਰਬਾਣੀ ਵਿਚ ਜ਼ਿਕਰ ਹੋਇਆ ਹੈ, ਤਾਂ ਵਿਸ਼ੇਸ਼ ਰੂਪ ਵਿਚ ਗੁਰੂ ਚਰਨਾਂ ਵਿਚ ਜੁੜੀ ਹੋਈ ਸਾਧ ਸੰਗਤ ਨੂੰ ਪਾਣੀ ਪਿਲਾਉਣਾ, ਪੱਖੇ ਦੀ ਸਹਾਇਤਾ ਨਾਲ ਉਸਦਾ ਮੁੜ੍ਹਕਾ ਸੁਕਾਉਣਾ ਜਾਂ ਪੰਗਤ ਵਿਚ ਜੁੜੀ ਹੋਈ ਸੰਗਤ ਨੂੰ ਪਕਿਆ ਹੋਇਆ ਭੋਜਨ ਵਰਤਾਉਣਾ ਆਦਿ ਅਜਿਹੇ ਕਰਮ ਹਨ ਜਿਨ੍ਹਾਂ ਨੂੰ ਵਿਸ਼ੇਸ਼ ਰੂਪ ਵਿਚ ਸਲਾਹੁਣਯੋਗ ਮੰਨਿਆ ਗਿਆ ਹੈ। ਗੁਰਬਾਣੀ ਵਿਚ ਪਾਣੀ ਢੋਣ ਜਾਂ ਪੱਖਾ ਫੇਰਨ ਦਾ ਬਾਰ ਬਾਰ ਜ਼ਿਕਰ ਇਸ ਲਈ ਆਇਆ ਹੈ ਕਿ ਮੱਧਕਾਲ ਵਿਚ ਬਿਜਲੀ ਆਦਿ ਨਹੀਂ ਸੀ ਅਤੇ ਪੀਣ ਦੇ ਪਾਣੀ ਦੀ ਕਿੱਲਤ ਕਾਫੀ ਸੀ। ਪਰੰਤੂ ਇਹ ਕੇਵਲ ਪ੍ਰਤੀਕ ਮਾਤਰ

---

459119

1. ਮੈ ਬਧੀ ਸਚੁ ਧਰਮਸਾਲ ਹੈ
ਗੁਰ ਸਿਖਾ ਲਹਦਾ ਭਾਲਿ ਕੈ।
ਪੈਰ ਧੋਵਾ ਪਖਾ ਫੇਰਦਾ
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।
(ਆਦਿ ਗ੍ਰੰਥ, ਮ. 1, ਪੰਨਾ 73)

2. ਵਾਰਾਂ ਭਾਈ ਗੁਰਦਾਸ (20:10)

ਹਨ। ਮਨੋਰਥ ਇਹ ਹੈ ਕਿ ਆਪਣੇ ਸਰੀਰ ਦੇ ਭਿੰਨ ਭਿੰਨ ਅੰਗਾਂ ਨਾਲ ਇਹੋ ਜਿਹੀ ਕਿਰਿਆ ਕਰਨਾ ਜਿਸ ਨਾਲ ਬਿਨਾਂ ਸੁਆਰਥ ਦੂਸਰਿਆਂ ਨੂੰ ਸੁਖ ਜਾਂ ਲਾਭ ਪਹੁੰਚਾਇਆ ਜਾ ਸਕੇ। ਬਦਲਦੇ ਹੋਏ ਪਦਾਰਥਕ ਜਗਤ ਵਿਚ ਇਹ ਕਿਰਿਆਵਾਂ ਬਦਲ ਵੀ ਸਕਦੀਆਂ ਹਨ, ਪਰੰਤੂ ਲਾਜ਼ਮੀ ਸ਼ਰਤ ਇਹ ਰਹੇਗੀ ਕਿ ਆਪਣੇ ਸਰੀਰ ਨੂੰ ਦੂਜਿਆਂ ਦੇ ਸੁਖ ਅਤੇ ਲਾਭ ਲਈ ਵਰਤਿਆ ਜਾਵੇ।

ਗੁਰੂ ਸਾਹਿਬ ਨੇ ਖੁਦ ਸਾਧ ਸੰਗਤ ਦੀ ਸੇਵਾ ਕਰਕੇ ਮਿਸਾਲ ਪੈਦਾ ਕੀਤੀ। ਇਕ ਵਾਰ ਕਾਬਲ ਦੀ ਸੰਗਤ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਲਈ ਆਈ। ਉਸ ਵੇਲੇ ਸੰਗਤ ਪੈਦਲ ਹੀ ਆਇਆ ਕਰਦੀ ਸੀ। ਕਿਉਂਕਿ ਆਵਾਜਾਈ ਦੇ ਹੁਣ ਵਾਲੇ ਸਾਧਨ ਉਸ ਸਮੇਂ ਨਹੀਂ ਸਨ ਹੁੰਦੇ। ਸੰਗਤ ਨੂੰ ਅੰਮ੍ਰਿਤਸਰ ਸ਼ਹਿਰ ਤੋਂ ਥੋੜ੍ਹੀ ਦੂਰ ਪਿਛੇ ਹੀ ਰਾਤ ਪੈ ਗਈ ਅਤੇ ਸੰਗਤ ਨੇ ਉਥੇ ਹੀ ਰਾਤ ਕਟਣ ਦਾ ਪ੍ਰੋਗਰਾਮ ਬਣਾਇਆ। ਸੰਗਤ ਬਹੁਤ ਥੱਕੀ ਹੋਈ ਸੀ ਅਤੇ ਲੰਗਰ ਦਾ ਵੀ ਕੋਈ ਪ੍ਰਬੰਧ ਨਹੀਂ ਸੀ। ਜਦੋਂ ਗੁਰੂ ਅਰਜਨ ਦੇਵ ਜੀ ਨੂੰ ਖ਼ਬਰ ਮਿਲੀ ਤਾਂ ਮਾਤਾ ਗੰਗਾ ਜੀ ਨੇ ਆਪ ਪ੍ਰਸ਼ਾਦੇ ਪਕਾਏ ਅਤੇ ਮਾਤਾ ਜੀ ਦੇ ਨਾਲ ਗੁਰੂ ਸਾਹਿਬ ਸਾਰਾ ਲੰਗਰ ਆਪਣੇ ਸਿਰ ਉਤੇ ਚੁਕਕੇ ਸੰਗਤ ਕੋਲ ਲੈ ਗਏ। ਗੁਰੂ ਜੀ ਨੇ ਸੰਗਤਾਂ ਨੂੰ ਲੰਗਰ ਛਕਾਇਆ, ਜੋੜੇ ਝਾੜੇ, ਪੱਖਾ ਝਲਿਆ ਅਤੇ ਸਾਰੀ ਰਾਤ ਮੁੱਠੀ ਚਾਪੀ ਕੀਤੀ। ਜਦੋਂ ਸਵੇਰੇ ਸੰਗਤਾਂ ਨੇ ਆ ਕੇ ਦਰਸ਼ਨ ਕੀਤੇ ਤਾਂ ਸਭ ਦੰਗ ਰਹਿ ਗਏ ਕਿ ਇਹ ਤਾਂ ਗੁਰੂ ਸਾਹਿਬ ਆਪ ਹੀ ਸਾਰੀ ਰਾਤ ਸੰਗਤ ਦੀ ਸੇਵਾ ਕਰਦੇ ਰਹੇ ਸਨ।[1]

ਸਾਧ ਸੰਗਤ ਵਿਚ ਜਾ ਕੇ ਸੇਵਾ ਕਰਨ ਨਾਲ ਕਈ ਨੈਤਿਕ ਅਤੇ ਅਧਿਆਤਮਿਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਉਚੇ ਵਰਗ ਦੇ ਲੋਕ ਅਜਿਹੀ ਤਨ ਦੀ ਸੇਵਾ ਨੂੰ ਨੀਵਾਂ ਕੰਮ ਜਾਂ ਨੀਵੀਆਂ ਜਾਤੀਆਂ ਵਾਲਾ ਕੰਮ ਸਮਝਦੇ ਹਨ, ਪਰੰਤੂ ਜਦੋਂ ਉਹ ਲੋਕ ਵੀ ਸੰਗਤ ਵਿਚ ਜਾ ਕੇ ਆਪਣੇ ਤੋਂ ਛੋਟਿਆਂ ਜਾਂ ਨੀਵਿਆਂ ਦੀ ਸੇਵਾ ਕਰਦੇ ਹਨ ਤਾਂ ਉਥੇ ਉਚ ਨੀਚ ਦਾ, ਛੋਟੇ ਵੱਡੇ ਦਾ ਅਤੇ ਗ਼ਰੀਬ ਅਮੀਰ ਦਾ ਫ਼ਰਕ ਮਿਟ ਜਾਂਦਾ ਹੈ। ਪ੍ਰੋ: ਗੁਰਬਚਨ ਸਿੰਘ ਤਾਲਿਬ ਅਨੁਸਾਰ ਅਜਿਹੀ ਤਨ ਦੀ ਸੇਵਾ ਕਰਨ ਨਾਲ ਉਹ ਅਨੈਤਿਕ ਆਕੜ ਜਿਸ ਨੂੰ Snobbery ਆਖਦੇ ਹਨ, ਮਿਟ ਜਾਂਦੀ ਹੈ।[2]

---

1. ਮਨੀ ਸਿੰਘ (ਗਿਆਨੀ), ਸੇਵਾ ਚਮਤਕਾਰ, ਪੰਨਾ 138-39
2. ਗੁਰਬਚਨ ਸਿੰਘ ਤਾਲਿਬ (ਪ੍ਰੋ:), "ਸਿੱਖ ਧਰਮ ਵਿਚ ਸੇਵਾ", ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ, ਪੰਨਾ 35

<u>ਸਰਬੱਤ ਦੀ ਸੇਵਾ:</u>

ਸਾਧ ਸੰਗਤ ਨੂੰ ਸਮੁੱਚੇ ਸਮਾਜ ਦਾ ਸਭ ਤੋਂ ਉੱਤਮ ਮਾਡਲ ਮਿਥਕੇ ਤਨ ਦੀ ਸੇਵਾ ਕਰਨ ਵਾਲਾ ਵਿਅਕਤੀ ਜਦੋਂ ਆਪਣੇ ਆਪ ਨੂੰ ਗੁਰੂ ਆਸ਼ੇ ਅਨੁਸਾਰ ਸਾਧ ਲੈਂਦਾ ਹੈ ਤਾਂ ਉਸਨੂੰ ਹਰੇਕ ਥਾਂ ਆਪਣੇ ਗੁਰੂ ਦੇ ਦਰਸ਼ਨ ਹੁੰਦੇ ਹਨ ਅਤੇ ਇਸ ਸਥਿਤੀ ਵਿਚ ਧਰਮਸ਼ਾਲਾ ਜਾਂ ਗੁਰਦੁਆਰੇ ਤੋਂ ਬਾਹਰ ਵੀ ਹਰ ਥਾਂ ਹਰ ਵਿਅਕਤੀ ਉਸ ਨੂੰ ਉਸ ਸਾਧ ਸੰਗਤ ਦੇ ਹੀ ਹਿੱਸੇ ਦੇ ਰੂਪ ਵਿਚ ਨਜ਼ਰ ਆਉਂਦਾ ਹੈ, ਜਿਸ ਦੀ ਸੇਵਾ ਕਰਨਾ ਉਸਦਾ ਮੁਖ ਮਨੋਰਥ ਹੈ। ਇਸ ਪ੍ਰਕਾਰ ਇਕ ਸੱਚਾ ਸੇਵਕ ਭਾਵੇਂ ਸੰਸਾਰ ਦੇ ਕਿਸੇ ਹਿੱਸੇ ਵਿਚ ਵੀ ਕਿਸੇ ਪਿਆਸੇ ਨੂੰ ਪਾਣੀ ਪਿਲਾ ਰਿਹਾ ਹੋਵੇ, ਤਨ ਨਾਲ ਕਿਸੇ ਥੱਕੇ ਸਰੀਰ ਦਾ ਥਕੇਵਾਂ ਲਾਹ ਰਿਹਾ ਹੋਵੇ ਜਾਂ ਕਿਸੇ ਦੇ ਰਾਹ ਵਿਚੋਂ ਖਿਲਰੇ ਕੰਡੇ ਚੁਗ ਰਿਹਾ ਹੋਵੇ ਤਾਂ ਉਸਨੂੰ ਆਪਣੀ ਕਲਪਨਾ ਵਿਚ ਇਹੀ ਅਹਿਸਾਸ ਹੋ ਰਿਹਾ ਹੁੰਦਾ ਹੈ ਕਿ ਉਹ ਆਪਣੇ ਗੁਰੂ ਅਤੇ ਗੁਰੂ ਦੁਆਰਾ ਨਿਵਾਜੀ ਗਈ ਸਾਧ ਸੰਗਤ ਦੀ ਹੀ ਸੇਵਾ ਕਰ ਰਿਹਾ ਹੈ। ਉਹ ਆਪਣੇ ਗੁਰੂ ਨੂੰ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਦੇਖਦਾ ਹੈ:

> ਸਤਿਗੁਰੂ ਮੇਰਾ ਸਦਾ ਸਦਾ
> ਨਾ ਆਵੈ ਨਾ ਜਾਇ।
> ਉਹ ਅਬਿਨਾਸੀ ਪੁਰਖੁ ਹੈ
> ਸਭ ਮਹਿ ਰਹਿਆ ਸਮਾਇ।[1]

ਸੱਚੇ ਸੇਵਕ ਦੁਆਰਾ ਕਿਸੇ ਪ੍ਰਕਾਰ ਦੇ ਭੇਦ-ਭਾਵ, ਵੈਰ-ਵਿਰੋਧ ਤੋਂ ਬਿਨਾਂ ਸਮੁੱਚੀ ਮਾਨਵ-ਜਾਤੀ ਦੀ ਕੀਤੀ ਜਾਣ ਵਾਲੀ ਸੇਵਾ ਦਾ ਜ਼ਿਕਰ ਕਰਦਿਆਂ ਡਾ. ਦਰਸ਼ਨ ਸਿੰਘ ਲਿਖਦੇ ਹਨ:

> "ਸਾਰੇ ਵਿਸ਼ਵ ਵਿਚ ਅਮਨ ਸ਼ਾਂਤੀ ਤੇ ਆਤਮਿਕ ਆਨੰਦ ਨੂੰ ਪ੍ਰਸਾਰਨ ਲਈ ਉਹ ਆਪਣੇ ਗੁਰੂ ਦਾ ਸ਼ਬਦ ਸੁਣਾ ਕੇ, ਸੰਸਾਰ ਨੂੰ ਵਿਕਾਰਾਂ ਰੂਪੀ ਦੁਖਾਂ ਦੀ ਘਾਟੀ ਵਿਚੋਂ ਕਢਦਾ ਹੋਇਆ ਜੀਵਨ ਦੇ ਸੱਚ ਵਲ ਪ੍ਰੇਰਣ ਦੀ ਸੇਵਾ ਵੀ ਆਪਣੇ ਜ਼ੁੰਮੇ ਹੀ ਲੈਂਦਾ ਹੈ।"[2]

---

1. <u>ਆਦਿ ਗ੍ਰੰਥ</u>, ਮ. 4, ਪੰਨਾ 759
2. ਦਰਸ਼ਨ ਸਿੰਘ (ਡਾ.), <u>ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ</u>, ਪੰਨਾ 169

ਸੇਵਾ ਦੇ ਸੰਦਰਭ ਵਿਚ ਮਿਖਾਈਲ ਨਈਮੀ ਦੀ ਹੇਠ ਲਿਖੀ ਟੂਕ ਵਿਚੋਂ ਵੀ ਲਗਭਗ ਉਪਰੋਕਤ ਭਾਵਨਾ ਦਾ ਹੀ ਪ੍ਰਤੀਬਿੰਬ ਪਛਾਣਿਆ ਜਾ ਸਕਦਾ ਹੈ:

> 'ਇਨਸਾਨ' ਲਈ ਇਕੋ ਮਾਨ ਦੀ ਗੱਲ ਉਹਦਾ 'ਇਨਸਾਨ'
> ਹੋਣਾ ਹੈ, 'ਰੱਬ' ਦਾ ਜਿਉਂਦਾ ਜਾਗਦਾ ਅਕਸ ਤੇ ਪ੍ਰਤਿਰੂਪ।
> ਬਾਕੀ ਸਾਰੇ ਮਾਨ ਤਾਂ ਅਪਮਾਨ ਹੀ ਹਨ।"[1]

ਸਮੁੱਚੀ ਮਾਨਵ-ਜਾਤੀ ਦੀ ਸੇਵਾ ਅਥਵਾ ਸੰਸਾਰ ਦੇ ਸਭ ਮਨੁੱਖਾਂ ਨੂੰ ਸੁੱਖ ਪਹੁੰਚਾਣ ਨੂੰ ਹੀ ਸਿੱਖਾਂ ਦੀ ਅਰਦਾਸ ਵਿਚ ਸ਼ਾਮਿਲ ਹੇਠ-ਲਿਖੀਆਂ ਪੰਕਤੀਆਂ ਵਿਚ 'ਸਰਬੱਤ ਦਾ ਭਲਾ' ਕਿਹਾ ਗਿਆ ਹੈ:

> ਨਾਨਕ ਨਾਮ ਚੜ੍ਹਦੀ ਕਲਾ
> ਤੇਰੇ ਭਾਣੇ ਸਰਬੱਤ ਦਾ ਭਲਾ।

---

1. ਮਿਖਾਈਲ ਨਈਮੀ, <u>ਮੀਰਦਾਦ ਦੀ ਪੁਸਤਕ</u>, ਪੰਨਾ 202

(ਅ) ਧਨ ਦੀ ਸੇਵਾ

ਸਿੱਖ ਧਰਮ ਦੇ ਤਿੰਨ ਮੁਢਲੇ ਅਸੂਲ ਹਨ - ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਛਕਣਾ। ਵੰਡ ਛਕਣ ਤੋਂ ਭਾਵ ਹੈ, ਆਪਣੀ ਕਮਾਈ ਵਿਚੋਂ ਕੁਝ ਹਿੱਸਾ ਦੂਸਰਿਆਂ ਦੀ ਭਲਾਈ ਲਈ ਲਾਉਣਾ। ਵੰਡ ਛਕਣਾ ਧਨ ਦੀ ਸੇਵਾ ਦੇ ਘੇਰੇ ਵਿਚ ਆਉਂਦਾ ਹੈ। ਧਨ ਦੀ ਸੇਵਾ ਤੋਂ ਭਾਵ ਰੁਪਏ ਪੈਸੇ ਨਾਲ ਕਿਸੇ ਲੋੜਵੰਦ ਦੀ ਸਹਾਇਤਾ ਕਰਨ ਜਾਂ ਮਾਨਵ-ਜਾਤੀ ਦੀ ਸਾਂਝੀ ਭਲਾਈ ਲਈ ਕਾਇਮ ਹੋਈ ਕਿਸੇ ਸੰਸਥਾ ਲਈ ਪਾਇਆ ਗਿਆ ਮਾਇਕ ਯੋਗਦਾਨ ਹੈ। ਸਾਂਝੀ ਭਲਾਈ ਲਈ ਕਾਇਮ ਹੋਈਆਂ ਸੰਸਥਾਵਾਂ ਵਿਚ ਧਾਰਮਿਕ ਸਤਿਕਾਰ ਜਾਂ, ਸਾਂਝੇ ਜਨਤਕ ਭਲਾਈ ਦੇ ਕੰਮਾਂ ਜਾਂ ਸਮਾਜ ਦੀ ਸਾਂਝੀ ਵਰਤੋਂ ਲਈ ਬਣਾਈਆਂ ਗਈਆਂ ਇਮਾਰਤਾਂ, ਸੰਸਥਾਵਾਂ, ਧਰਮ-ਸ਼ਾਲਵਾਂ, ਮੰਦਰ, ਮਸਜਿਦਾਂ, ਗੁਰਦੁਆਰੇ, ਹਸਪਤਾਲ, ਸਰਾਵਾਂ, ਜੰਞ-ਘਰ ਆਦਿ ਆ ਜਾਂਦੇ ਹਨ - ਇਹ ਸਾਰੇ ਕਾਰਜ ਧਨ ਦੀ ਸੇਵਾ ਤੋਂ ਬਿਨਾਂ ਸੰਪੂਰਨ ਨਹੀਂ ਹੁੰਦੇ।

ਜਦੋਂ ਸੇਵਕ ਆਪਣੇ ਸਤਿਗੁਰੂ ਦੇ ਪਿਆਰ ਵਿਚ ਆ ਕੇ ਗੁਰੂ ਦੇ ਚਰਨਾਂ ਵਿਚ ਜੁੜੀ ਸੰਗਤ ਦੀ ਭਲਾਈ ਲਈ ਜਾਂ ਮਾਨਵ ਜਾਤੀ ਲਈ ਕਿਸੇ ਦੁਖੀ ਅਤੇ ਲੋੜਵੰਦ ਦੀ ਧਨ ਖ਼ਰਚ ਕੇ ਸੇਵਾ ਕਰਦਾ ਹੈ, ਭੁਖੇ ਨੂੰ ਰੋਟੀ ਖੁਆਉਂਦਾ ਹੈ, ਕਿਸੇ ਰੋਗੀ ਦੇ ਦੁਖ ਦੂਰ ਕਰਨ ਵਿਚ ਉਸਦੀ ਮਾਇਕ ਸਹਾਇਤਾ ਕਰਦਾ ਹੈ ਤਾਂ ਲੋੜਵੰਦ ਦੇ ਦਿਲ ਵਿਚੋਂ ਇਕ ਅਜਿਹੀ ਅਸੀਸ ਨਿਕਲਦੀ ਹੈ ਜਿਸ ਨਾਲ ਸੇਵਕ ਨੂੰ ਆਤਮਕ ਸ਼ਾਂਤੀ ਮਿਲਦੀ ਹੈ। ਭਾਈ ਨੰਦ ਲਾਲ ਜੀ ਅਨੁਸਾਰ ਜਿਹੜਾ ਸਿੱਖ ਲੋੜਵੰਦਾਂ ਦੀ ਧਨ ਨਾਲ ਸੇਵਾ ਨਹੀਂ ਕਰਦਾ, ਉਸਨੂੰ ਦਰਗਾਹ ਵਿਚ ਮਾਣ ਨਹੀਂ ਮਿਲ ਸਕਦਾ:

ਅਤਿਥੀ ਦੇਖ ਨਹਿ ਦੇਵਹਿ ਦਾਨ,
ਸੋ ਨਹਿ ਪਾਵਹਿ ਦਰਗਹਿ ਮਾਨ।[1]

ਧਨ ਦੀ ਸੇਵਾ ਕਰਨ ਨਾਲ ਸੇਵਕ ਦਾ ਮਾਇਆ ਤੋਂ ਮੋਹ ਟੁਟਦਾ ਹੈ। ਉਸ ਨੂੰ ਇਸ ਗੱਲ ਦੀ ਸੋਝੀ ਆ ਜਾਂਦੀ ਹੈ ਕਿ ਇਹ ਤਾਂ ਸਭ ਕੁਝ ਪਰਮਾਤਮਾ ਦਾ ਹੀ ਹੈ, ਜੀਵ ਦਾ ਇਥੇ

---

1. ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ 58

ਕੁਝ ਵੀ ਨਹੀ। ਧਨ ਨਾਲ ਸੇਵਾ ਕਰਨ ਲਗਿਆਂ ਸੇਵਕ ਕਬੀਰ ਸਾਹਿਬ ਦੀਆਂ ਹੇਠ ਲਿਖੀਆਂ ਪੰਗਤੀਆਂ ਤੋਂ ਪ੍ਰੇਰਣਾ ਲੈਂਦਾ ਹੈ:

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ
ਜੋ ਕਿਛੁ ਹੈ ਸੋ ਤੇਰਾ।
ਤੇਰਾ ਤੁਝ ਕਉ ਸਉਪਤੇ
ਕਿਆ ਲਾਗੈ ਮੇਰਾ।[1]

ਜਦੋਂ ਸੇਵਕ, ਧਨ ਦੀ ਸੇਵਾ ਕਰਦਿਆਂ, ਮਾਇਆ ਤੋਂ ਨਿਰਲੇਪ ਹੋਣਾ ਸ਼ੁਰੂ ਹੋ ਜਾਂਦਾ ਹੈ ਤਾਂ ਉਹ ਪਾਪ ਕਰਕੇ ਜਾਂ ਦੂਜਿਆਂ ਦਾ ਹੱਕ ਮਾਰਕੇ ਮਾਇਆ ਨੂੰ ਇਕੱਠੀ ਕਰਨ ਤੋਂ ਸੰਕੋਚ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਹੱਕ ਹਲਾਲ ਦੀ ਕਮਾਈ ਵਿਚ ਹੀ ਉਸਦਾ ਵਿਸ਼ਵਾਸ਼ ਬੱਝ ਜਾਂਦਾ ਹੈ। ਇਸ ਪ੍ਰਕਾਰ ਧਨ ਦੀ ਸੇਵਾ ਨੂੰ ਗੁਰਮਤਿ ਦੇ ਮੁਢਲੇ ਸਿਧਾਂਤਾਂ ਅਤੇ ਨਿਯਮਾਂ ਵਿਚ ਅਤਿਅੰਤ ਮਹੱਤਵ-ਪੂਰਨ ਸਥਾਨ ਪ੍ਰਾਪਤ ਹੈ।

## ਹੋਰ ਧਰਮਾਂ ਵਿਚ ਧਨ ਦੀ ਸੇਵਾ ਦਾ ਸੰਕਲਪ:

ਧਨ ਦੀ ਸੇਵਾ ਦੇ ਬੁਨਿਆਦੀ ਅਰਥਾਂ ਵਿਚ ਭਾਵੇਂ ਗੁਰਮਤਿ ਨੇ ਵਿਸਥਾਰ ਕੀਤਾ ਹੈ ਅਤੇ ਇਸਨੂੰ ਸੰਕੁਚਿਤ ਘੇਰੇ ਵਿਚੋਂ ਕਢਕੇ ਸਮੁੱਚੀ ਮਾਨਵ-ਜਾਤੀ ਦੇ ਹਿੱਤ ਲਈ ਇਸ ਦਾ ਵਿਸ਼ਾਲੀਕਰਣ ਕੀਤਾ ਹੈ, ਪਰੰਤੂ ਇਹ ਕਹਿਣਾ ਇਕ ਪ੍ਰਕਾਰ ਦੀ ਅਤਿਕਥਨੀ ਹੋਵੇਗੀ ਕਿ ਗੁਰਮਤਿ ਤੋਂ ਪਹਿਲਾਂ ਧਨ ਦੀ ਸੇਵਾ ਦਾ ਸੰਕਲਪ ਸੰਸਾਰ ਵਿਚ ਜਾਂ ਭਾਰਤ ਵਿਚ ਮੌਜੂਦ ਨਹੀਂ ਸੀ। ਵਾਸਤਵਿਕਤਾ ਤਾਂ ਇਹ ਹੈ ਕਿ ਵੈਦਿਕ ਕਾਲ ਤੋਂ ਹੀ ਸੇਵਾ ਦਾ ਇਹ ਰੂਪ ਭਾਰਤ ਵਿਚ ਪ੍ਰਚਲਿਤ ਹੈ। ਭਾਰਤ ਦੇ ਇਤਿਹਾਸ ਵਿਚ ਅਨੇਕ ਦਾਨੀ ਅਤੇ ਤਿਆਗੀ ਰਾਜਿਆਂ ਦੀ ਹੋਂਦ ਇਸ ਤੱਥ ਦੀ ਭਲੀ ਭਾਂਤੀ ਪੁਸ਼ਟੀ ਕਰਦੀ ਹੈ। ਧਨ ਦੀ ਸੇਵਾ ਬਾਰੇ ਰਿਗ ਵੇਦ ਵਿਚ ਇਕ ਥਾਂ ਲਿਖਿਆ ਹੈ:

"ਧਨੀ ਮਨੁਖ ਦਾ ਇਹ ਕਰਤੱਵ ਹੈ ਕਿ ਉਹ ਕਿਸੇ ਸੈਤਿਕਾਰਜ

---

1. ਆਦਿ ਗ੍ਰੰਥ, ਬਾਣੀ ਕਬੀਰ ਜੀ, ਪੰਨਾ 1375

ਲਈ ਮੰਗਣ ਵਾਲੇ ਸਤਿ-ਪਾਤਰ ਨੂੰ ਕਦੇ ਵੀ ਨਿਰਾਸ਼ ਨਾ ਕਰੇ,
ਕੁਝ ਨਾ ਕੁਝ ਦਾਨ ਉਸਨੂੰ ਅਵਸ਼ ਕਰੇ।"[1]

ਇਸ ਪ੍ਰਕਾਰ ਇਹ ਭਲੀ ਭਾਂਤ ਸਪਸ਼ਟ ਹੈ ਕਿ ਦਾਨ ਦੇ ਰੂਪ ਵਿਚ ਧਨ ਦੀ ਸੇਵਾ ਦਾ ਸੰਕਲਪ ਪ੍ਰਾਚੀਨ ਭਾਰਤ ਵਿਚ ਮੌਜੂਦ ਸੀ, ਪਰੰਤੂ ਇਸ ਦਾਨ ਨੂੰ ਭੋਗਣ ਵਾਲਿਆਂ ਵਿਚੋਂ ਬ੍ਰਾਹਮਣ ਜਾਤੀ ਦਾ ਸਥਾਨ ਸਭ ਤੋਂ ਉੱਚਾ ਰਖਿਆ ਗਿਆ ਸੀ, ਕਿਉਂਕਿ ਮੰਨੂ ਜੀ ਅਨੁਸਾਰ ਇਹ ਲੋਕ ਵਿਦਿਅਕ ਅਤੇ ਅਧਿਆਤਮਕ ਖੇਤਰਾਂ ਵਿਚ ਉਚੇਰੀਆਂ ਪ੍ਰਾਪਤੀਆਂ ਲਈ ਆਪਣਾ ਸਾਰਾ ਸਮਾਂ ਲਗਾ ਦਿੰਦੇ ਸਨ।

ਬੁੱਧ ਮੱਤ ਵਿਚ ਵੀ ਧਨ ਦੇ ਰੂਪ ਵਿਚ ਦਾਨ ਦੇਣ ਦੀ ਕਿਰਿਆ ਦਾ ਬਹੁਤ ਮਹੱਤਵ ਮੰਨਿਆ ਜਾਂਦਾ ਰਿਹਾ ਹੈ। ਬੋਧੀਆਂ ਦੇ ਇਕ ਪਵਿੱਤਰ ਗ੍ਰੰਥ ਵਿਚ ਇਕ ਥਾਂ ਲਿਖਿਆ ਹੈ:

"ਇਕ ਬੋਧੀਸਤਵ ਦੀ ਮੁਕਤੀ ਉਸ ਦੇ ਦਾਨ ਦੇਣ ਦੇ ਗੁਣਾਂ
ਦੀ ਸੰਪੂਰਨਤਾ ਵਿਚ ਹੈ।"[2]

ਪ੍ਰੋ: ਹਰਬੰਸ ਸਿੰਘ ਜੀ ਅਨੁਸਾਰ ਇਸਦਾ ਭਾਵ ਇਹ ਹੈ ਕਿ ਇਕ ਬੋਧੀ ਜਗਿਆਸੂ ਤਾਂ ਹੀ ਮੁਕਤੀ ਦੀ ਪ੍ਰਾਪਤੀ ਕਰ ਸਕਦਾ ਹੈ ਜੇ ਉਹ ਦਾਨ ਦੇਣ ਦੇ ਕਰਮ ਵਿਚ ਸੰਪੂਰਨਤਾ ਪ੍ਰਾਪਤ ਕਰੇ। ਇਸ ਪ੍ਰਸੰਗ ਵਿਚ ਇਹ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਇਥੇ ਦਾਨ ਦਾ ਅਰਥ ਧਨ ਦੇ ਰੂਪ ਵਿਚ ਕੀਤਾ ਗਿਆ ਦਾਨ ਹੈ। ਬੁੱਧ ਮੱਤ ਵਿਚ ਦਾਨ ਦੀਆਂ ਕਈ ਕਿਸਮਾਂ ਦਾ ਜ਼ਿਕਰ ਹੈ ਜਿਨ੍ਹਾਂ ਵਿਚੋਂ ਧਰਮ ਸੰਬੰਧੀ ਗਿਆਨ ਦੇ ਦਾਨ ਨੂੰ ਸ਼ਰੋਮਣੀ ਮੰਨਿਆ ਗਿਆ ਹੈ। ਪਰੰਤੂ ਲੋੜਵੰਦਾਂ ਲਈ ਭੋਜਨ, ਕਪੜੇ, ਦੁਆਈਆਂ ਆਦਿ ਵਸਤਾਂ 'ਜੁਟਾਣ' ਵਾਲੇ ਸੇਵਕ ਅਰਥਾਤ ਧਨ ਦੀ ਸੇਵਾ ਕਰਨ ਵਾਲੇ ਸੇਵਕ ਦੀ ਵੀ ਬਹੁਤ ਸ਼ਲਾਘਾ ਕੀਤੀ ਗਈ ਹੈ। ਪ੍ਰੋ: ਹਰਬੰਸ ਸਿੰਘ ਜੀ ਦੀ ਹੇਠ-ਲਿਖੀ ਟੂਕ ਇਸ ਤੱਥ ਨੂੰ ਪੂਰੀ ਤਰ੍ਹਾਂ ਉਜਾਗਰ ਕਰਦੀ ਹੈ:

---

1. ਜਗਤ ਪ੍ਰਿੰਸ, "ਵੈਦਿਕ ਭਗਤੀ ਦੇ ਪ੍ਰਕਾਰ ਤੇ ਸਾਧਨ", ਭਗਤੀ ਕਾਵਿ, ਪੰਨਾ 9
2. ਹਰਬੰਸ ਸਿੰਘ ਤੇ ਹੋਰ, ਸੰਸਾਰ ਦੇ ਧਰਮ, ਪੰਨਾ 119

"ਭੋਜਨ, ਕਪੜੇ, ਦਵਾਈਆਂ, ਪੈਸਾ ਅਤੇ ਹੋਰ ਚੀਜ਼ਾਂ ਦੇਣੀਆਂ ਚੰਗੀਆਂ ਹਨ। ਧਰਮ ਸੰਬੰਧੀ ਗਿਆਨ ਦਾ ਵੰਡਣ (ਧਰਮਦਾਨ) ਹੋਰਨਾਂ ਸਾਰੇ ਦਾਨਾਂ ਤੋਂ ਉਚੇਰਾ ਹੈ।"[1]

ਈਸਾਈ ਮੱਤ ਵਿਚ ਵੀ ਦਾਨ ਦੀ ਪਿਰਤ ਬਹੁਤ ਪੁਰਾਣੀ ਹੈ। ਆਪਣੇ ਹਮਸਾਏ ਦੇ ਦੁੱਖ-ਸੁੱਖ ਵਿਚ ਭਾਈਵਾਲ ਬਣਨਾ ਅਤੇ ਉਸਦੀ ਹਰ ਪ੍ਰਕਾਰ ਨਾਲ ਸਹਾਇਤਾ ਕਰਨਾ ਈਸਾਈ ਮੱਤ ਦਾ ਬੁਨਿਆਦੀ ਸਿਧਾਂਤ ਹੈ ਅਤੇ ਈਸਾਈ ਮੱਤ ਦੇ ਪਾਦਰੀ ਈਸਾਈਆਂ ਨੂੰ ਹਮੇਸ਼ਾ ਇਹ ਦ੍ਰਿੜ੍ਹ ਕਰਾਉਂਦੇ ਹਨ ਕਿ ਪਦਾਰਥਕ ਦਾਨ ਦੀ ਪ੍ਰਵਿਰਤੀ ਈਸਾਈ ਮੱਤ ਦੇ ਪਰ-ਉਪਕਾਰ ਅਥਵਾ ਪਰ-ਸੇਵਾ ਦਾ ਆਧਾਰ ਹੈ। ਈਸਾਈ ਮੱਤ ਵਿਚ ਧਨ ਦੀ ਸੇਵਾ ਦਾ ਵਿਸ਼ੇਸ਼ ਮਹੱਤਵ ਇਹ ਹੈ ਕਿ ਅਜਿਹੀ ਸੇਵਾ ਨੂੰ ਬਾਈਬਲ ਵਿਚ ਗੁਪਤ ਰਖਣ ਦੀ ਹਦਾਇਤ ਕੀਤੀ ਗਈ ਹੈ, ਇਥੋਂ ਤਕ ਕਿ ਜੇ ਸੱਜਾ ਹੱਥ ਦਾਨ ਕਰਦਾ ਹੈ ਤਾਂ ਇਸਦਾ ਪਤਾ ਖਬੇ ਹੱਥ ਨੂੰ ਵੀ ਨਹੀਂ ਲਗਣਾ ਚਾਹੀਦਾ:

"When thou doest alms, let not thy left hand know what thy right hand doeth, that thine alms may be in secret."[2]

ਇਸਲਾਮ ਧਰਮ ਵਿਚ ਤਾਂ ਧਨ ਦੀ ਸੇਵਾ ਦਾ ਵਿਸ਼ੇਸ਼ ਮਹੱਤਵ ਹੈ। ਇਸਲਾਮ ਵਿਚ ਰੱਬ ਦੇ ਨਾਂ ਉਤੇ ਮਾਨਵ-ਜਾਤੀ ਦੀ ਭਲਾਈ ਲਈ ਕੀਤੀ ਗਈ ਧਨ ਦੀ ਸੇਵਾ ਦਾ ਨਾਂ 'ਜ਼ਕਾਤ' ਹੈ। ਪਰੰਤੂ ਹਜ਼ਰਤ ਮੁਹੰਮਦ ਸਾਹਿਬ ਨੇ ਮੰਨੂ ਜੀ ਵਾਂਗ ਬ੍ਰਾਹਮਣ ਵਰਗੀ ਕਿਸੇ ਇਕ ਸ਼੍ਰੇਣੀ ਨੂੰ ਦਾਨ ਦੇਣ ਉਤੇ ਜ਼ੋਰ ਨਹੀਂ ਦਿਤਾ। ਉਨ੍ਹਾਂ ਨੇ ਗ਼ਰੀਬਾਂ, ਯਤੀਮਾਂ ਅਤੇ ਭਿਖਾਰੀਆਂ ਦੀ, ਜ਼ਕਾਤ ਦੇ ਰੂਪ ਵਿਚ, ਧਨ ਨਾਲ ਸੇਵਾ ਕਰਨ ਦੀ ਸਭ ਮੁਸਲਮਾਨਾਂ ਨੂੰ ਹਦਾਇਤ ਕੀਤੀ ਹੈ। ਜ਼ਕਾਤ ਸੰਬੰਧੀ ਇਸਲਾਮ ਦੇ ਸੰਕਲਪ ਨੂੰ ਸਪਸ਼ਟ ਕਰਦਿਆਂ ਮੌਲਾਨਾ ਅਸ਼ਰਫ ਅਲੀ ਥਾਨਵੀ ਲਿਖਦੇ ਹਨ:

---

1. ਹਰਬੰਸ ਸਿੰਘ ਤੇ ਹੋਰ, ਸੰਸਾਰ ਦੇ ਧਰਮ, ਪੰਨਾ 119

2. The Holy Bible, (Mathew VI 3-4), p. 823

"ਜਿਸ ਕੋਲ ਧਨ ਹੋਵੇ ਅਤੇ ਉਹ ਉਸਦੀ ਜ਼ਕਾਤ ਨਾ ਕਢਦਾ ਹੋਵੇ ਤਾਂ ਉਹ ਵਿਅਕਤੀ ਅੱਲਾ ਤਾਲਾ ਦੇ ਨਜ਼ਦੀਕ ਬੜਾ ਗੁਨਾਹਗਾਰ ਹੈ ਅਤੇ ਕਿਆਮਤ ਦੇ ਦਿਨ ਉਸਨੂੰ ਬਹੁਤ ਵਡਾ ਤਸੀਹਾ ਝਲਣਾ ਪਏਗਾ।"[1]

ਇਸ ਤਰ੍ਹਾਂ ਪੂਰਬ ਅਤੇ ਪੱਛਮ ਵਿਚ ਲਗਭਗ ਸਭ ਧਰਮਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਧਨ ਦੀ ਸੇਵਾ ਨੂੰ ਅਪਣਾਇਆ ਹੈ ਅਤੇ ਇਸਨੂੰ ਸਤਿਕਾਰ-ਯੋਗ ਸਥਾਨ ਪ੍ਰਦਾਨ ਕੀਤਾ ਹੈ।

ਪਰੰਤੂ ਗੁਰਮਤਿ ਦੀ ਇਸ ਸੰਦਰਭ ਵਿਚ ਵਿਸ਼ੇਸ਼ ਦੇਣ ਇਹ ਹੈ ਕਿ ਇਥੇ ਧਨ ਦੀ ਸੇਵਾ ਨੂੰ ਸੰਸਥਾ ਦੀ ਕਾਇਮੀ ਦਾ ਸ਼ਕਤੀਸ਼ਾਲੀ ਸਤੰਭ ਮੰਨਿਆ ਗਿਆ ਹੈ, ਜਿਸ ਦੁਆਰਾ ਸਮੁੱਚੀ ਮਾਨਵ-ਜਾਤੀ ਦੀ ਸੇਵਾ ਦੀ ਕਲਪਨਾ ਕੀਤੀ ਗਈ ਹੈ। ਗੁਰਬਾਣੀ ਵਿਚ ਜਿਥੇ ਤਨ ਨਾਲ ਸੇਵਾ ਕਰਨ ਦਾ ਉਪਦੇਸ਼ ਹੈ, ਉਥੇ ਧਨ ਨਾਲ ਸੇਵਾਕਰਨ ਦੀ ਹਦਾਇਤ ਵੀ ਦਿਤੀ ਗਈ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ।[2]

ਗੁਰੂ ਸਾਹਿਬ ਦੇ ਉਪਰੋਕਤ ਫ਼ੁਰਮਾਣ ਦਾ ਸਾਰੰਸ਼ ਇਹ ਹੈ ਕਿ ਅਧਿਆਤਮਕ ਮਾਰਗ ਦੇ ਸੱਚੇ ਰਾਹ ਦੀ ਪਛਾਣ ਕੇਵਲ ਉਨ੍ਹਾਂ ਸਾਧਕਾਂ ਨੂੰ ਹੀ ਹੈ ਜੋ ਆਪਣੀ ਰੋਜ਼ੀ ਆਪ ਕਮਾਉਣ ਤੋਂ ਇਲਾਵਾ ਆਪਣੀ ਕਮਾਈ ਵਿਚੋਂ ਕੁਝ ਦਾਨ ਵੀ ਕਰਦੇ ਹਨ।

<u>ਧਨ ਦੀ ਸੇਵਾ ਲਈ ਲਾਜ਼ਮੀ ਸ਼ਰਤ:</u>

ਧਨ ਦੀ ਸੇਵਾ ਦੇ ਸੰਬੰਧ ਵਿਚ ਗੁਰਮਤਿ ਦਾ ਦ੍ਰਿਸ਼ਟੀਕੋਣ ਬੜਾ ਨਿੱਗਰ ਅਤੇ ਸਪਸ਼ਟ ਹੈ। ਗੁਰਮਤਿ ਧਨ ਦਾ ਦਾਨ ਕਰਨ ਨੂੰ ਬਹੁਤ ਜ਼ਰੂਰੀ ਸਮਝਦੀ ਹੈ, ਪਰ ਲਾਜ਼ਮੀ ਸ਼ਰਤ ਇਹ ਹੈ ਕਿ ਦਾਨ ਕੀਤਾ ਜਾਣ ਵਾਲਾ ਧਨ ਜਾਂ ਪਦਾਰਥ ਦਾਨ ਕਰਨ ਵਾਲੇ ਨੇ ਦਸਾਂ

---

1. ਅਸ਼ਰਫ ਅਲੀ ਥਾਨਵੀ, <u>ਦੀਨੀ ਬਹਿਸ਼ਤੀ ਜ਼ੇਵਰ</u>, ਅਨੁ. ਸਈਦ ਅਖਤਰਥ ਇਸਲਾਮ, ਪੰਨਾ 181
2. <u>ਆਦਿ ਗ੍ਰੰਥ</u>, ਮ. 1, ਪੰਨਾ 1245

ਨੌਹਾਂ/ਦੀ ਕਿਰਤ ਕਰਕੇ ਕਮਾਇਆ ਹੋਵੇ, ਗ਼ਰੀਬਾਂ ਦਾ ਹੱਕ ਮਾਰ ਕੇ ਜਾਂ ਮਜ਼ਦੂਰਾਂ ਦਾ ਖ਼ੂਨ ਚੂਸਕੇ ਨਹੀਂ। ਗੁਰੂ ਨਾਨਕ ਦੇਵ ਜੀ ਇਸ ਸੰਦਰਭ ਵਿਚ ਲਿਖਦੇ ਹਨ:

ਸੇਵ ਕੀਤੀ ਸੰਤੋਖੀਈ
ਜਿਨ੍ਹੀ ਸਚੋ ਸਚੁ ਧਿਆਇਆ।
ਓਨ੍ਹੀ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ।[1]

ਇਨ੍ਹਾਂ ਪੰਗਤੀਆਂ ਵਿਚ ਜਿਹੜਾ ਵਿਸ਼ੇਸ਼ ਸ਼ਬਦ 'ਸੁਕ੍ਰਿਤ' ਵਰਤਿਆ ਗਿਆ ਹੈ ਉਸਦਾ ਅਰਥ ਸੱਚੀ ਤੇ ਸੁੱਚੀ ਕਿਰਤ ਹੈ। ਇਸ ਲਈ ਸੱਚੀ ਤੇ ਸੁੱਚੀ ਕਿਰਤ ਕਰਨਾਂ ਦਸਾਂ ਨੌਹਾਂ ਦੀ ਕਿਰਤ ਮੰਨਿਆ ਜਾਂਦਾ ਹੈ, ਜਿਸ ਵਿਚੋਂ ਦਸਵੰਧ ਦੇ ਰੂਪ ਵਿਚ ਦਾਨ ਕਰਨਾ ਧਨ ਦੀ ਸੱਚੀ ਸੇਵਾ ਮੰਨੀ ਗਈ ਹੈ। ਪ੍ਰੋ: ਪੂਰਨ ਸਿੰਘ ਜੀ ਤਾਂ ਸੁੱਚੀ ਕਿਰਤ ਨੂੰ ਰੱਬ ਦੀ ਪੂਜਾ ਦੇ ਬਰਾਬਰ ਦਾ ਦਰਜਾ ਦਿੰਦੇ ਹਨ:

"ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ ਕਿਉਂਕਿ ਸਾਧ ਤੇ
ਕਿਰਤੀ ਦੇ ਲੱਛਣ ਮਿਲਦੇ ਹਨ।"[2]

ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਵਿਚ ਪਾਪ ਦੀ ਖੱਟੀ ਵਿਚੋਂ ਕੀਤਾ ਗਿਆ ਦਾਨ ਗੁਰਮਤਿ ਵਿਚ ਸਵੀਕਾਰਿਆ ਨਹੀਂ ਜਾ ਸਕਦਾ। ਉਨ੍ਹਾਂ ਅਨੁਸਾਰ ਪੁੰਨ ਕੇਵਲ ਹੱਕ-ਹਲਾਲ ਦੀ ਕਮਾਈ ਵਿਚੋ ਹੱਥੀਂ ਦਿਤੇ ਦਾਨ ਦਾ ਲਗਦਾ ਹੈ, ਚੋਰੀ, ਠੱਗੀ ਜਾਂ ਬੇਈਮਾਨੀ ਦੀ ਕਮਾਈ ਵਿਚੋਂ ਕੀਤਾ ਪੁੰਨ-ਦਾਨ ਨਹੀਂ ਲਗਦਾ:

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ।
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।[3]

---

1. ਆਦਿ ਗ੍ਰੰਥ, ਮ. 1., ਪੰਨਾ 466-67
2. ਪੂਰਨ ਸਿੰਘ (ਪ੍ਰੋ:), ਖੁੱਲ੍ਹੇ ਲੇਖ, ਪੰਨਾ 108
3. ਆਦਿ ਗ੍ਰੰਥ, ਮ. 1, ਪੰਨਾ 472

ਗੁਰਮਤਿ ਅਨੁਸਾਰ ਹੋਰ ਹਰ ਕਿਸਮ ਦੀ ਸੇਵਾ ਵਾਂਗ ਧਨ ਦੁਆਰਾ ਕੀਤੀ ਗਈ ਸੇਵਾ ਵੀ ਇਕ ਪ੍ਰਕਾਰ ਨਾਲ ਮਾਨਵ ਦੁਆਰਾ ਜਗਤ ਵਿਚ ਬੀਜੀ ਹੋਈ ਖੇਤੀ ਹੈ, ਜਿਸਦਾ ਫਲ ਉਸਨੂੰ ਪਰਲੋਕ ਵਿਚ ਪ੍ਰਾਪਤ ਹੋਣਾ ਹੈ। ਇਸ ਲਈ ਕੇਵਲ ਇਤਨਾ ਹੀ ਕਾਫ਼ੀ ਨਹੀਂ ਕਿ ਜਿਸ ਧਨ ਨੇ ਬੀਜ ਦਾ ਰੂਪ ਧਾਰਨ ਕਰਕੇ ਉਸਦੀ ਖੇਤੀ ਵਿਚ ਉਗਣਾ ਹੈ ਉਹ ਸੁਧ ਅਤੇ ਸਵੱਛ ਹੋਵੇ, ਸਗੋਂ ਇਸਦੇ ਨਾਲ ਇਹ ਵੀ ਲਾਜ਼ਮੀ ਹੈ ਕਿ ਧਨ ਦੀ ਸੇਵਾ ਕਰਨ ਵਾਲੇ ਨੂੰ ਪੂਰਾ ਗਿਆਨ ਹੋਵੇ ਕਿ ਜਿਸ ਖੇਤ ਵਿਚ ਉਹ ਧਨ ਰੂਪੀ ਦਾਨ ਬੀਜ ਰਿਹਾ ਹੈ, ਉਹ ਬੰਜਰ ਜਾਂ ਕਲਰ ਨਹੀਂ, ਜ਼ਰਖੇਜ਼ ਤੇ ਉਪਜਾਊ ਹੈ। ਕਹਿਣ ਤੋਂ ਭਾਵ ਇਹ ਹੈ ਕਿ ਦਾਨ ਦੇ ਰੂਪ ਵਿਚ ਜਿਹੜਾ ਧਨ ਕਿਸੇ ਲੋੜਵੰਦ ਵਿਅਕਤੀ ਨੂੰ ਦਿਤਾ ਜਾਂਦਾ ਹੈ ਕੇਵਲ ਉਸੇ ਨੂੰ ਹੀ ਉਪਜਾਊ ਧਰਤੀ ਵਿਚ ਬੀਜੀ ਹੋਈ ਸੇਵਾ ਕਿਹਾ ਜਾਏਗਾ। ਇਸਤੋਂ ਇਲਾਵਾ ਕਿਸੇ ਹੋਰ ਥਾਂ ਦਿਤੇ ਗਏ ਧਨ ਨੂੰ ਕਿਸੇ ਲਾਭ, ਖ਼ੁਦਗਰਜ਼ੀ, ਡਰ ਜਾਂ ਧੋਖਾ ਦੇਣ ਆਦਿ ਦੀ ਨੀਯਤ ਨਾਲ ਕੀਤਾ ਗਿਆ ਖ਼ਰਚ ਮੰਨਿਆ ਜਾਏਗਾ ਜੋ ਇਕ ਪ੍ਰਕਾਰ ਨਾਲ ਕਲਰ ਧਰਤੀ ਵਿਚ ਬੀਜਿਆ ਹੋਇਆ ਅਨਾਜ ਹੈ ਜਿਸ ਤੋਂ ਅਗੇ ਜਾ ਕੇ ਕੋਈ ਲਾਹਾ ਪ੍ਰਾਪਤ ਨਹੀਂ ਹੋ ਸਕਦਾ:

1. ਖੇਤੁ ਪਛਾਣੈ ਬੀਜੈ ਦਾਨੁ।[1]

2. ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ।[2]

ਧਨ ਦੀ ਸੇਵਾ ਲਈ ਤੀਸਰੀ ਲਾਜ਼ਮੀ ਸ਼ਰਤ ਇਹ ਹੈ ਕਿ ਧਨ ਦੀ ਸੇਵਾ ਕਰਦੇ ਸਮੇਂ ਸੇਵਕ ਦੇ ਮਨ ਵਿਚ ਨਾ ਤਾਂ ਕਿਸੇ ਕਿਸਮ ਦੀ ਹਉਮੈਂ ਆਉਣੀ ਚਾਹੀਦੀ ਹੈ ਅਤੇ ਨਾ ਹੀ ਜਿਸ ਦੀ ਸੇਵਾ ਕੀਤੀ ਜਾਵੇ ਉਸ ਬਾਰੇ ਤਰਸ ਦੀ ਭਾਵਨਾ ਆਉਣੀ ਚਾਹੀਦੀ ਹੈ। ਤਰਸ ਦੀ ਭਾਵਨਾ ਹਉਮੈਂ ਨੂੰ ਜਨਮ ਦਿੰਦੀ ਹੈ। ਡਾ. ਅਵਤਾਰ ਸਿੰਘ ਇਸ ਬਾਰੇ ਲਿਖਦੇ ਹਨ:

> "The altruism involves the help of fellow beings but there is the danger that this help may in fact appear to degenerate into a sort of social pity. The essentials of altruism, on the other hand, require that the altruist ought not to feel any personal glory in it."3

---

1. ਆਦਿ ਗ੍ਰੰਥ, ਮ. 1, ਪੰਨਾ 1411
2. ਉਹੀ, ਪੰਨਾ 419
3. Avtar Singh, Ethics of the Sikhs, p. 189

ਇਸ ਤਰ੍ਹਾਂ ਹਉਮੈਂ-ਰਹਿਤ ਅਤੇ ਆਪਾ-ਭਾਵ ਗਵਾ ਕੇ ਧਨ ਦੁਆਰਾ ਕੀਤੀ ਗਈ ਸੇਵਾ ਹੀ ਸਕਾਰਥ ਹੁੰਦੀ ਹੈ। ਆਮ ਪੁੰਨ-ਦਾਨ ਅਤੇ ਧਨ ਦੀ ਸੇਵਾ ਵਿਚ ਅੰਤਰ ਹੈ, ਕਿਉਂਕਿ ਪੁੰਨ-ਦਾਨ ਨਾਲ ਮਨ ਵਿਚ ਹੰਕਾਰ ਦੇ ਵਧਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਪਰੰਤੂ ਸੇਵਾ ਨਾਲ ਨਿਮਰਤਾ ਹੀ ਆਉਂਦੀ ਹੈ। ਨਿਮਰਤਾ ਤੋਂ ਬਿਨਾਂ ਕੇਵਲ ਮਨ ਵਿਚ ਪੈਦਾ ਹੋਈਆਂ ਅਕਾਂਖਿਆਵਾਂ ਜਾਂ ਇੱਛਾਵਾਂ ਦੀ ਪੂਰਤੀ ਲਈ ਕੀਤੇ ਗਏ ਪੁੰਨ-ਦਾਨ ਸੰਬੰਧੀ ਗੁਰਬਾਣੀ ਦੀਆਂ ਹੇਠ-ਲਿਖੀਆਂ ਪੰਗਤੀਆਂ ਭਲੀ-ਭਾਂਤ ਚਾਨਣਾ ਪਾਉਂਦੀਆਂ ਹਨ:

1. ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ।
ਚੋਰਾ ਜਾਰਾ ਤੇ ਕੂੜਿਆਰਾ ਖਾਰਾਬਾ ਵੇਕਾਰ।[1]

2. ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ।
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ।[2]

ਸੇਵਕ ਨੂੰ ਅਜਿਹੀ ਸੇਵਾ ਕਰਦੇ ਸਮੇਂ ਮਾਲਕ (ਪ੍ਰਭੂ) ਦਾ ਸੁਕਰ ਕਰਨਾ ਚਾਹੀਦਾ ਹੈ ਕਿ ਉਸਨੇ ਸੇਵਕ ਨੂੰ ਅਜਿਹੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਇਸ ਸੰਦਰਭ ਵਿਚ ਡਾ. ਅਵਤਾਰ ਸਿੰਘ ਲਿਖਦੇ ਹਨ:

> "In order to guard against all these pitfalls the altruist is required to regard this altruism as an opportunity for receiving divine sanctification, since the Creator is there in creation."3

ਸੇਵਕ ਨੂੰ ਧਨ ਦੀ ਸੇਵਾ ਕਰਦੇ ਸਮੇਂ ਲੋੜਵੰਦਾਂ ਦਾ ਪੂਰੀ ਤਰ੍ਹਾਂ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸੇਵਾ ਕਰਦੇ ਸਮੇਂ ਉਨ੍ਹਾਂ ਵਿਚ ਆਪਣੇ ਸਤਿਗੁਰੂ ਦਾ ਸਰੂਪ ਹੀ

---

1. ਆਦਿ ਗ੍ਰੰਥ, ਮ. 1, ਪੰਨਾ 466
2. ਉਹੀ, ਪੰਨਾ 62
3. Avtar Singh, Ethics of the Sikhs, p. 189

ਵੇਖਣਾ ਚਾਹੀਦਾ ਹੈ। ਇਕ ਸਾਖੀ ਅਨੁਸਾਰ ਭਗਤ ਨਾਮਦੇਵ ਜੀ ਨੇ ਨਦੀ ਦੇ ਕਿਨਾਰੇ ਰੋਟੀ ਪਕਾਈ ਅਤੇ ਇਸਨੂੰ ਤੰਦੂਰ ਦੇ ਪਾਸ ਰੱਖ ਕੇ ਆਪ ਪਾਣੀ ਲੈਣ ਚਲੇ ਗਏ। ਇਕ ਕੁੱਤਾ ਆਇਆ ਤੇ ਰੋਟੀ ਚੁੱਕ ਕੇ ਦੌੜ ਗਿਆ, ਨਾਮਦੇਵ ਜੀ ਨੇ ਸੋਚਿਆ ਇਹ ਵਿਠੱਲ ਹੋਵੇਗਾ, ਜੋ ਉਨ੍ਹਾਂ ਦੀ ਇੰਜ ਪ੍ਰੀਖਿਆ ਕਰ ਰਿਹਾ ਹੈ, ਸੋ ਉਹ ਕੁੱਤੇ ਦੇ ਪਿਛੇ ਦੌੜੇ ਤੇ ਉਸ ਨੂੰ ਤਾਜ਼ੇ ਮਖਣ ਦੀ ਕਟੋਰੀ ਭੇਟਾ ਕਰਨੀ ਚਾਹੀ, ਇਸ ਡਰੋਂ ਕਿ ਜੇਕਰ ਕੁੱਤੇ ਨੇ ਸੁੱਕੀ ਰੋਟੀ ਖਾ ਲਈ ਤਾਂ ਕਿਧਰੇ ਪੇਟ-ਦਰਦ ਨਾ ਹੋ ਜਾਵੇ। ਨਾਮਦੇਵ ਜੀ ਹੁਣ ਉਸ ਅਵਸਥਾ ਵਿਚ ਪੁੱਜ ਚੁਕੇ ਸਨ ਜਿੱਥੇ ਉਨ੍ਹਾਂ ਨੂੰ ਹਰੇਕ ਜੀਵਿਤ ਹਸਤੀ ਵਿਚ ਦੇਵੀ ਕਿਰਨ ਦਿਖਾਈ ਦਿੰਦੀ ਸੀ।[1]

ਧਨ ਦੀ ਸੇਵਾ ਦੀ ਮਾਤਰਾ ਜਾਂ ਦਸਵੰਧ:

ਬਹੁਤ ਸਾਰੇ ਧਰਮਾਂ ਨੇ ਧਨ ਦੀ ਸੇਵਾ ਅਥਵਾ ਦਾਨ ਦੇ ਸੰਕਲਪ ਨੂੰ ਸਵੀਕਾਰ ਤਾਂ ਕੀਤਾ ਹੈ, ਪਰੰਤੂ ਇਸਦੀ ਮਾਤਰਾ ਸਪਸ਼ਟ ਰੂਪ ਵਿਚ ਨਿਸ਼ਚਿਤ ਨਹੀਂ ਕੀਤੀ। ਗੁਰਮਤਿ ਤੋਂ ਪਹਿਲਾਂ ਕੇਵਲ ਇਸਲਾਮ ਹੀ ਅਜਿਹਾ ਧਰਮ ਹੈ ਜਿਸਨੇ ਇਸ ਸੰਦਰਭ ਵਿਚ ਬਹੁਤ ਹੀ ਸਪਸ਼ਟ ਰਵੱਈਆ ਅਪਣਾਇਆ ਹੈ। ਇਸਲਾਮ ਵਿਚ ਕਿਸੇ ਵਿਅਕਤੀ ਦੀ ਕੁਲ ਆਮਦਨ ਦਾ $2\frac{1}{2}$ % ਅਰਥਾਤ 1/40 ਹਿੱਸਾ ਜ਼ਕਾਤ ਦੇ ਰੂਪ ਵਿਚ ਦੇਣ ਦੀ ਹਿਦਾਇਤ ਕੀਤੀ ਗਈ ਹੈ।[2]

ਨਕਦੀ ਦੇ ਰੂਪ ਵਿਚ ਦਿਤੀ ਗਈ ਜ਼ਕਾਤ ਤੋਂ ਇਲਾਵਾ ਗਾਵਾਂ, ਭੇਡਾਂ, ਬਕਰੀਆਂ, ਊਠਾਂ ਆਦਿ ਜਾਨਵਰਾਂ ਦੇ ਮਹੱਤਵ ਅਨੁਸਾਰ ਉਨ੍ਹਾਂ ਦੀ ਕੀਮਤ ਨਿਸ਼ਚਿਤ ਕਰਕੇ ਦਾਨ ਦੇਣ ਦਾ ਸੰਕਲਪ ਵੀ ਇਸਲਾਮ ਵਿਚ ਸਵੀਕਾਰ ਕੀਤਾ ਗਿਆ ਹੈ।[3]

ਪਰੰਤੂ ਗੁਰਮਤਿ ਵਿਚ ਆਪਣੇ ਵੇਲੇ ਦੀਆਂ ਪਰਿਸਥਿਤੀਆਂ ਦੇ ਅਨੁਕੂਲ 1/40 ਦੀ ਥਾਂ 1/10 ਹਿੱਸਾ ਦੇਣ ਉਤੇ ਜ਼ੋਰ ਦਿਤਾ ਗਿਆ ਹੈ। ਗੁਰਮਤਿ ਦੀ ਸ਼ਬਦਾਵਲੀ ਵਿਚ ਦਾਨ ਦੇ ਇਸ ਦਸਵੇਂ ਹਿੱਸੇ ਨੂੰ 'ਦਸਵੰਧ' ਕਿਹਾ ਗਿਆ ਹੈ। ਦਸਵੰਧ ਦਾ ਭਾਵ ਹੈ ਆਪਣੀ ਕਮਾਈ

---

1. ਪ੍ਰਭਾਕਰ ਮਾਚਵੇ, ਨਾਮਦੇਵ - ਜੀਵਨ ਤੇ ਦਰਸ਼ਨ, ਅਨੁ. ਵਜ਼ੀਰ ਸਿੰਘ, ਪੰਨਾ 23

2. "... zakat was levied at almost a uniform rate, being $2\frac{1}{2}$ per cent of the accumulated wealth." Maulana Muhammad Ali, The Religion of Islam, p. 470

3. Ibid, p. 470

ਦਾ ਦਸਵਾਂ ਹਿੱਸਾ/ਪਰ-ਉਪਕਾਰ ਦੇ ਕਾਰਜਾਂ ਵਾਸਤੇ ਖ਼ਰਚ ਕਰਨਾ। ਪਰੰਤੂ ਇਹ ਕੋਈ ਜ਼ਬਰਦਸਤੀ ਵਸੂਲਿਆ ਜਾ ਸਕਣ ਵਾਲਾ ਟੈਕਸ ਨਹੀਂ, ਸਗੋਂ ਆਪਣੀ ਮਨ ਮਰਜ਼ੀ, ਖ਼ੁਸ਼ੀ ਅਤੇ ਚਾਉ ਨਾਲ ਗੁਰੂ ਨੂੰ ਨਜ਼ਰ-ਭੇਟ ਕਰਨ ਵਾਲੀ ਰਕਮ ਹੈ।

ਧਨ ਦੀ ਸੇਵਾ ਕਰਨ ਦੀ ਪ੍ਰਥਾ ਤਾਂ ਗੁਰੂ ਨਾਨਕ ਦੇਵ ਜੀ ਵੇਲੇ ਹੀ ਸਥਾਪਿਤ ਹੋ ਗਈ ਸੀ, ਪਰ ਦੂਜੀ, ਤੀਜੀ ਤੇ ਚੌਥੀ ਪਾਤਸ਼ਾਹੀ ਵੇਲੇ ਇਸਦਾ ਘੇਰਾ ਲਗਾਤਾਰ ਵਿਸ਼ਾਲ ਹੁੰਦਾ ਚਲਾ ਗਿਆ। ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਦੀ ਸਥਾਪਨਾ ਕੀਤੀ। ਇਨ੍ਹਾਂ ਮੰਜੀਆਂ ਰਾਹੀਂ ਜਿਥੇ ਗੁਰਮਤਿ ਦਾ ਪ੍ਰਚਾਰ ਹੁੰਦਾ ਸੀ ਉਥੇ ਇਨ੍ਹਾਂ ਰਾਹੀਂ ਧਨ ਦੀ ਸੇਵਾ ਵੀ ਗੁਰੂ ਘਰ ਪੁਜਦੀ ਸੀ। ਗੁਰੂ ਰਾਮਦਾਸ ਜੀ ਨੇ ਇਸ ਪ੍ਰਬੰਧ ਵਿਚ ਹੋਰ ਸੁਧਾਰ ਲਿਆਂਦਾ। ਆਪਣੇ ਕਮਾਏ ਹੋਏ ਧਨ ਵਿਚੋਂ ਦਾਨ ਦੇ ਰੂਪ ਵਿਚ ਗੁਰੂ ਦੇ ਨਾਮ ਤੇ ਜਿਤਨੀ ਭੇਟਾ ਕਰਨੀ ਹੈ ਉਸਨੂੰ ਪੱਕੀ ਤਰ੍ਹਾਂ ਨਿਸ਼ਚਿਤ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੁਆਰਾ ਕੀਤਾ ਗਿਆ।[1] ਇਹ ਮਹਿਸੂਸ ਕੀਤਾ ਗਿਆ ਕਿ ਸਾਰੀ ਕੌਮ ਦੀ ਸਾਂਝੀ ਭਲਾਈ ਲਈ ਧਨ ਦੀ ਲੋੜ ਬਹੁਤ ਵਧ ਗਈ ਸੀ। ਇਸ ਲਈ ਜ਼ਕਾਤ ਦਾ ਜਿਹੜਾ ਨਿਯਮ ਉਸ ਵੇਲੇ ਹੋਰ ਮੁਸਲਿਮ ਦੇਸ਼ਾਂ ਵਾਂਗ ਪੰਜਾਬ ਦੇ ਮੁਸਲਮਾਨਾਂ ਉਤੇ ਵੀ ਕਮਾਈ ਦੇ $2\frac{1}{2}\%$ ਦੇ ਰੂਪ ਵਿਚ ਲਾਗੂ ਹੋ ਚੁੱਕਾ ਸੀ, ਉਸਨੂੰ ਕਾਫ਼ੀ ਨਾ ਸਮਝਿਆ ਗਿਆ ਅਤੇ ਬਦਲ ਰਹੀਆਂ ਪਰਿਸਥਿਤੀਆਂ ਦੇ ਅਨੁਕੂਲ ਹਦਾਇਤ ਕੀਤੀ ਗਈ ਕਿ ਹਰ ਇਕ ਸਿੱਖ ਆਪਣੇ ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਤੋਂ ਵਧਣ ਵਾਲੀ ਰਕਮ ਜਾਂ ਵੱਧ ਤੋਂ ਵੱਧ ਹਿੱਸਾ ਭਲਾਈ ਦੇ ਕੰਮਾਂ ਲਈ ਖਰਚ ਕਰਨ ਲਈ ਗੁਰੂ ਦੇ ਅਰਪਣ ਕਰੇ। ਵੱਧ ਤੋਂ ਵੱਧ ਬਾਰੇ ਕੋਈ ਭੁਲੇਖਾ ਨਾ ਰਹੇ, ਇਸ ਲਈ ਗੁਰੂ ਜੀ ਨੇ ਇਹ ਪੱਕਾ ਨਿਯਮ ਬਣਾ ਦਿਤਾ ਕਿ ਹਰ ਸਿੱਖ ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਦੀ ਗੋਲਕ ਵਿਚ ਪਾਵੇ। ਸਾਂਝੀ ਭਲਾਈ ਲਈ ਕੀਤੇ ਗਏ ਇਸ ਮਾਇਕ ਦਾਨ ਦਾ ਨਾਮ ਹੀ ਗੁਰਮਤਿ ਵਿਚ ਦਸਵੰਧ ਹੈ। ਇਸ ਸੰਦਰਭ ਵਿਚ ਸਭ ਤੋਂ ਮਹੱਤਵ-ਪੂਰਨ ਗੱਲ ਇਹ ਹੈ ਕਿ ਦਸਵੰਧ ਦਾ ਨਿਯਮ ਸਿੱਖਾਂ ਉਤੇ ਠੋਸਣ ਦੀ ਥਾਂ ਗੁਰੂ ਸਾਹਿਬ ਨੇ ਪਹਿਲਾਂ ਆਪਣੇ ਚੋਣਵੇਂ ਸਿੱਖਾਂ ਨਾਲ ਸਲਾਹ ਕੀਤੀ ਅਤੇ ਫਿਰ

---

1. The fifth Guru, Arjan (1581-1606), put a Sikh of status in charge of each district. He called him by the dignified term of Masand ... The Masand collected one-tenth or daswandh of the income of each Sikh living in the area of their jurisdiction, and presented it to the Guru on the occasion of Baisakhi and Diwali, twice a year.

   Hari Ram Gupta, "Guru Gobind Singh's Creation of the Khalsa in 1699", Perspectives on the Sikh Tradition, Ed. Gurdev Singh, p. 172

ਸੰਗਤ ਦੀ ਅਨੁਕੂਲ ਰਾਏ ਦੇ ਆਧਾਰ ਤੇ ਇਹ ਨਿਰਣਾ ਕੀਤਾ ਗਿਆ ਕਿ ਹਰ ਸਿੱਖ ਲਾਜ਼ਮੀ ਤੌਰ ਤੇ ਦਸਵੰਧ ਦੇਵੇ।[1]

ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਧਨ ਦੀ ਸੇਵਾ ਦੀ ਇਹ ਵਿਧੀ ਠੀਕ ਚਲਦੀ ਰਹੀ, ਪਰੰਤੂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮਸੰਦਾਂ ਨੇ ਇਸ ਧਨ ਦਾ ਗ਼ਲਤ ਪ੍ਰਯੋਗ ਸੁਰੂ ਕਰ ਦਿਤਾ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਥਾ ਨੂੰ ਖ਼ਤਮ ਕਰ ਦਿਤਾ ਅਤੇ ਸਿੱਖਾਂ ਨੂੰ ਆਪਣੇ ਦਸਵੰਧ ਦੀ ਭੇਟਾ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਅਰਪਣ ਕਰਨ ਦਾ ਹੁਕਮ ਦਿਤਾ।[2]

ਇਸ ਗੱਲ ਦੀ ਗਵਾਹੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਗਤ ਨੂੰ ਜਾਰੀ ਕੀਤੇ ਹੁਕਮਨਾਮਿਆਂ ਵਿਚੋਂ ਵੀ ਮਿਲ ਜਾਂਦੀ ਹੈ, ਉਦਾਹਰਣਾਰਥ:

1. " ... ਜੋ ਗੁਰੂ ਕੇ ਨਵਿਤ ਕਾ ਹੋਵੈ ਸੋ ਕਿਸੈ ਮਸੰਦ ਨੋ ਨਾ ਹੀ ਦੇਵਣਾ ਅਪਣੇ ਅਪਣੇ ਪਾਸਿ ਰਖਣਾ ਜੋ ਸਿਖੁ ਆਵੈ ਹਜੂਰ ਤਿਸੁ ਆਪੇ ਹੀ ਲੈ ਆਵਣਾ ਜਿਸ ਦਾ ਆਵਣੁ ਹੋਵੈ ਨਾਹੀ ਤਿਸੁ ਆਪਣੇ ਹੀ ਪਾਸਿ ਰਖਣਾ ...।"[3]

2. "ਗੁਰੂ ਕੇ ਨਵਿਤ ਕਾ ਹੋਰ ਕਿਸੈ ਨੋ ਨਾਹੀ ਦੇਵਣਾ ਜਾ ਆਪਿ ਹਜੂਰਿ ਆਵਣਾ ਤਾ ਆਪਿ ਹੀ ਲੈ ਆਵਣਾ ਮਸੰਦ ਮਸੰਦੀਏ ਦੇ ਮਰਣੇ ਪਰਣੇ ਨਾਹੀ ਬੈਠਣਾ ...।"[4]

---

1. "... the amount of these gifts was fixed with the consent of the donors..."

   Gokal Chand Narang, Transformation of Sikhism, p. 70

2. He (Guru Gobind Singh) issued strict instructions to the Sikhs not to pay anything to the Masands, but make their offerings to the Guru directly while visiting him.

   Hari Ram Gupta, "Guru Gobind Singh's Creation of the Khalsa in 1699," Perspectives on the Sikh Tradition, p. 174

3. ਗੰਡਾ ਸਿੰਘ (ਸੰਪਾ.), ਹੁਕਮਨਾਮੇ ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖਾਲਸਾ ਜੀ ਦੇ, ਪੰਨਾ 163

4. ਉਹੀ, ਪੰਨਾ 165

ਰਹਿਤਨਾਮਿਆਂ ਦੇ ਲੇਖਕਾਂ ਨੇ ਦਸਵੰਧ ਦੀ ਪ੍ਰਥਾ ਦੇ ਵਿਸ਼ੇਸ਼ ਮਹੱਤਵ ਉਤੇ ਜ਼ੋਰ ਦਿਤਾ ਹੈ। ਉਦਾਹਰਣਾਰਥ ਭਾਈ ਨੰਦ ਲਾਲ ਜੀ ਦੀ ਦ੍ਰਿਸ਼ਟੀ ਵਿਚ ਦਸਵੰਧ ਦਾ ਮਹੱਤਵ ਇਤਨਾ ਜ਼ਿਆਦਾ ਹੈ ਕਿ ਜਿਹੜਾ ਸਿੱਖ ਆਪਣੀ ਕਮਾਈ ਦਾ ਦਸਵਾਂ ਹਿੱਸਾ ਦਸਵੰਧ ਦੇ ਰੂਪ ਵਿਚ ਸਮੂਹ ਕਾਰਜਾਂ ਵਾਸਤੇ ਦਾਨ ਨਹੀਂ ਕਰਦਾ, ਉਸਦੀ ਕਮਾਈ ਨੂੰ ਉਹ ਪਵਿੱਤਰ ਕਮਾਈ ਨਹੀਂ ਸਮਝਦੇ ਅਤੇ ਗੁਰੂ ਦੇ ਸਿੱਖਾਂ ਨੂੰ ਹਦਾਇਤ ਕਰਦੇ ਹਨ ਕਿ ਇਹੋ ਜਿਹੇ ਝੂਠੇ ਸਿੱਖ ਦਾ ਕੋਈ ਵਿਸਾਹ ਨਹੀਂ ਕਰਨਾ ਚਾਹੀਦਾ:

1. ਦਸਵੰਧ ਗੁਰੂ ਨਹੀਂ ਦੇਵਹੀ,
ਝੂਠ ਬੋਲ ਜੋ ਖਾਇ।
ਕਹਿ ਗੋਬਿੰਦ ਸਿੰਘ ਲਾਲ ਜੀ,
ਤਿਸ ਕਾ ਕਛੁ ਨ ਬਿਸਾਹੁ।[1]

2. ਗੋਲਕ ਰਾਖਹਿ ਨਾਹਿ ਜੋ,
ਛਲ ਕਾ ਕਰਹਿ ਵਪਾਰ।
ਕਹੈ ਗੋਬਿੰਦ ਸਿੰਘ ਲਾਲ ਜੀ
ਭੋਗਹਿ ਨਰਕ ਹਜ਼ਾਰ।[2]

## ਗੁਰੂ ਨੂੰ ਸਮਰਪਿਤ ਧਨ ਦਾ ਪ੍ਰਯੋਗ:

ਦਸਵੰਧ ਦੇ ਰੂਪ ਵਿਚ ਜਾਂ ਆਪਣੀ ਸ਼ਰਧਾ ਅਨੁਸਾਰ ਇਸ ਤੋਂ ਵੀ ਵਧੇਰੇ ਜਿਹੜਾ ਧਨ ਸੇਵਕਾਂ ਦੁਆਰਾ ਆਪਣੇ ਗੁਰੂ ਦੇ ਚਰਨਾਂ ਵਿਚ ਭੇਟ ਕੀਤਾ ਜਾਂਦਾ ਹੈ, ਉਸਦਾ ਪ੍ਰਯੋਗ ਸਾਂਝੀ ਭਲਾਈ ਦੇ ਅਨੇਕ ਕੰਮਾਂ ਤੋਂ ਇਲਾਵਾ ਲੋੜਵੰਦਾਂ ਦੀਆਂ ਲੋੜਾਂ ਦੀ ਪੂਰਤੀ ਲਈ ਕੀਤਾ ਜਾਂਦਾ ਹੈ। ਲਗਭਗ ਹਰੇਕ ਗੁਰਦੁਆਰੇ ਨਾਲ ਗੁਰੂ ਦੇ ਨਾਂ ਉਤੇ ਸਰਾਵਾਂ ਅਤੇ ਰੈਣ ਬਸੇਰੇ ਕਾਇਮ ਹਨ, ਜਿਥੇ ਜ਼ਾਤ-ਪਾਤ, ਉਚ-ਨੀਚ, ਗ਼ਰੀਬ-ਅਮੀਰ ਜਾਂ ਕਿਸੇ ਹੋਰ ਪ੍ਰਕਾਰ ਦੇ ਵਿਤਕਰੇ ਤੋਂ ਬਿਨਾਂ ਹਰੇਕ ਵਿਅਕਤੀ ਨੂੰ ਯਥਾ-ਸੰਭਵ ਸ਼ਰਣ ਮਿਲਦੀ ਹੈ। ਇਨ੍ਹਾਂ ਰੈਣ-ਬਸੇਰਿਆਂ, ਸਰਾਵਾਂ ਆਦਿ ਦੀ ਮੁਰੰਮਤ, ਸਫ਼ਾਈ ਆਦਿ ਦਾ ਪ੍ਰਬੰਧ ਵੀ ਗੁਰੂ ਦੀ ਗੋਲਕ ਵਿਚੋਂ ਹੁੰਦਾ ਹੈ।

---

1. ਪਿਆਰਾ ਸਿੰਘ ਪਦਮ (ਸੰਪਾ.), ਰਹਿਤਨਾਮੇ, ਪੰਨਾ 57
2. ਉਹੀ, ਪੰਨਾ 58

ਵਿਦਿਆ ਦੇ ਖੇਤਰ ਵਿਚ ਵੀ ਆਪ ਗੁਰੂ ਸਾਹਿਬ ਨੇ ਵਿਸ਼ੇਸ਼ ਧਿਆਨ ਦਿਤਾ ਅਤੇ ਗੁਰੂ ਸਾਹਿਬਾਨ ਦੇ ਨਾਂ ਉਤੇ ਇਸ ਖੇਤਰ ਵਿਚ ਹੁਣ ਤਕ ਬਹੁਤ ਹੀ ਸ਼ਰਧਾ ਨਾਲ ਸੇਵਾ ਕੀਤੀ ਜਾਂਦੀ ਹੈ। ਅਨੇਕ ਪਾਠਸ਼ਾਲਾਵਾਂ ਅਤੇ ਵਿਦਿਆਲੇ ਗੁਰੂ ਦੇ ਨਾਂ ਉਤੇ ਗੁਰੂ ਨੂੰ ਸਮਰਪਿਤ ਕੀਤੇ ਗਏ ਧਨ ਨਾਲ ਬੜੀ ਸਫ਼ਲਤਾ ਸਹਿਤ ਚਲ ਰਹੇ ਹਨ।

ਇਸ ਪ੍ਰਕਾਰ ਇਮਾਰਤਾਂ, ਵਿਦਿਅਕ ਅਦਾਰਿਆਂ ਜਾਂ ਸਾਂਝੀ ਭਲਾਈ ਲਈ ਬਣੀਆਂ ਇਸ ਪ੍ਰਕਾਰ ਦੀਆਂ ਹੋਰ ਅਨੇਕ ਸੰਸਥਾਵਾਂ ਵਿਚ ਖ਼ਰਚੇ ਜਾਣ ਵਾਲੇ ਧਨ ਦਾ ਭਾਵੇਂ ਆਪਣੇ ਆਪ ਵਿਚ ਬਹੁਤ ਮਹੱਤਵ ਹੈ, ਪਰੰਤੂ ਜਿਨ੍ਹਾਂ ਦੋ ਖੇਤਰਾਂ ਵਿਚ ਧਨ ਰਾਹੀਂ ਕੀਤੀ ਜਾਣ ਵਾਲੀ ਸੇਵਾ ਦਾ ਬਹੁਤ ਹੀ ਵਿਸ਼ੇਸ਼ ਮਹੱਤਵ ਹੈ, ਉਹ ਹਨ ਲੰਗਰ ਦੀ ਸੇਵਾ ਅਤੇ ਰੋਗੀਆਂ ਦੀ ਸੇਵਾ।

## ਲੰਗਰ ਦੀ ਸੰਸਥਾ:

ਭਾਵੇਂ ਭਾਰਤ ਵਿਚ ਗੁਰੂ ਸਾਹਿਬਾਨ ਦੇ ਸਮੇਂ ਤੋਂ ਪਹਿਲਾਂ ਉਚ-ਨੀਚ ਦੇ ਵਿਤਕਰੇ ਤੋਂ ਮੁਕਤ ਲੰਗਰ ਦੀ ਪ੍ਰਥਾ ਆਮ ਨਹੀਂ ਸੀ, ਪਰੰਤੂ ਕਿਸੇ ਨਾ ਕਿਸੇ ਸ਼ਕਲ ਵਿਚ ਭੋਜਨ ਨਾਲ ਕਿਸੇ ਭੁਖੇ ਭਾਣੇ ਵਿਅਕਤੀ ਦੀ ਤ੍ਰਿਪਤੀ ਕਰਨਾ ਧਨ ਦੁਆਰਾ ਕੀਤੀ ਗਈ ਸਭ ਤੋਂ ਵਧੀਆ ਸੇਵਾ ਮੰਨੀ ਜਾਂਦੀ ਰਹੀ। ਦਾਨ ਦੀਆਂ ਅਨੇਕ ਪ੍ਰਕਾਰ ਦੀਆਂ ਵੰਨਗੀਆਂ ਦੀ ਚਰਚਾ ਕਰਦਿਆਂ ਹੋਇਆਂ ਕਾਨੇ ਲਿਖਦਾ ਹੈ:

> "ਦਾਨ ਦੀਆਂ ਅਨੇਕ ਕਿਸਮਾਂ ਦਾ ਵਰਨਣ ਹੋਇਆ ਹੈ ਪਰੰਤੂ ਇਨ੍ਹਾਂ ਵਿਚੋਂ ਉਚਤਮਕੋਟੀ ਦਾ ਦਾਨ ਭੋਜਨ ਦੇ ਦਾਨ ਨੂੰ ਮੰਨਿਆ ਗਿਆ ਹੈ।"[1]

ਗੁਰਮਤਿ ਵਿਚ ਭੋਜਨ ਦੇ ਦਾਨ ਦੀ ਬਹੁਤ ਮਹੱਤਤਾ ਦਸੀ ਗਈ ਹੈ। ਇਕ ਪ੍ਰਸਿਧ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਜਦੋਂ ਘਰੋਂ 20 ਰੁਪਏ ਲੈ ਕੇ ਸੱਚਾ ਸੌਦਾ ਕਰਨ ਗਏ ਤਾਂ ਰਾਹ ਵਿਚ ਉਹਨਾਂ ਨੇ ਕੁਝ ਸਾਧੂ ਦੇਖੇ ਜਿਹੜੇ ਕਈ ਦਿਨਾਂ ਤੋਂ ਭੁਖੇ ਸਨ। ਇਸ ਤੋਂ ਵਧੀਆ ਸੌਦਾ ਨਾ ਦੇਖਕੇ ਆਪ ਨੇ ਇਨ੍ਹਾਂ ਪੈਸਿਆਂ ਨਾਲ ਉਨ੍ਹਾਂ ਸਾਧੂਆਂ ਲਈ ਲੰਗਰ ਦਾ ਪ੍ਰਬੰਧ ਕੀਤਾ

---

1. Pandurang Vaman Kane, The History of Dharmasastra, Vol. II, Part II, p. 847

ਅਤੇ ਇਸਦੇ ਬਦਲੇ ਆਪਣੇ ਪਿਤਾ ਕੋਲੋਂ ਚਪੇੜਾਂ ਵੀ ਖਾਧੀਆਂ। ਉਸ ਸਮੇਂ ਹੀ ਸਿੱਖ ਸਮਾਜ ਵਿਚ ਲੰਗਰ ਦੀ ਸੰਸਥਾ ਦਾ ਬੀਜ ਬੀਜਿਆ ਗਿਆ। ਵੈਸੇ ਰਸਮੀ ਤੌਰ ਤੇ ਇਸਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਆ ਕੇ ਕੀਤੀ ਜਿਥੇ ਹਰ ਆਏ ਗਏ ਨੂੰ ਭੋਜਨ ਮਿਲਦਾ ਹੈ। ਪ੍ਰੋ: ਪੂਰਨ ਸਿੰਘ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਲੰਗਰ ਦੀ ਸਥਾਪਨਾ ਕੀਤੀ। ਇਸ ਲੰਗਰ ਵਿਚ ਪਰਮਾਤਮਾ ਦੀ ਰੂਹ ਵਸਦੀ ਸੀ, ਇਸ ਲਈ ਇਥੇ ਕੋਈ ਭੁੱਖਾ ਨਹੀ ਸੀ ਜਾਂਦਾ।[1]

ਪ੍ਰਿੰ: ਤੇਜਾ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਲੰਗਰ ਦੀ ਪ੍ਰਥਾ ਮੁਖ ਰੂਪ ਵਿਚ ਜਾਤ-ਪਾਤ ਦੀ ਪਰੰਪਰਾ ਤੋਂ ਪੈਦਾ ਹੋਈਆਂ ਉਚ-ਨੀਚ ਦੀਆਂ ਦੁਰਭਾਵਨਾਵਾਂ ਨੂੰ ਦੂਰ ਕਰਕੇ ਬਰਾਬਰੀ ਵਾਲੇ ਸਮਾਜ ਦੀ ਨੀਂਹ ਰਖਣ ਲਈ ਆਰੰਭ ਕੀਤੀ ਸੀ:

> "The institution of Guru Ka Langar or Free Kitchen, is as old as Sikhism. It was started by Guru Nanak for the purpose of teaching service, spreading equality and removing untouchability and other prejudices born of the caste system."2

ਗੁਰੂ ਘਰ ਨਾਲ ਪ੍ਰੇਮ ਕਰਨ ਵਾਲੇ ਅਤੇ ਗੁਰੂ ਘਰ ਵਿਚ ਸ਼ਰਧਾ ਰਖਣ ਵਾਲੇ ਗੁਰਮੁਖਾਂ ਦੁਆਰਾ ਕੀਤੀ ਗਈ ਧਨ ਦੀ ਸੇਵਾ ਨਾਲ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਲੰਗਰ ਦੀ ਇਹ ਪ੍ਰਥਾ ਇਕ ਬਹੁਤ ਹੀ ਮਹੱਤਵ-ਪੂਰਨ ਸੰਸਥਾ ਦੇ ਰੂਪ ਵਿਚ ਗੁਰੂ ਅੰਗਦ ਦੇਵ ਜੀ ਦੇ ਜ਼ਮਾਨੇ ਵਿਚ ਵੀ ਚਲਦੀ ਰਹੀ, ਪਰੰਤੂ ਗੁਰੂ ਅਮਰਦਾਸ ਜੀ ਦੇ ਯੁਗ ਵਿਚ ਪਹੁੰਚ ਕੇ ਇਹ ਸੰਸਥਾ, ਡਾ. ਅਵਤਾਰ ਸਿੰਘ ਅਨੁਸਾਰ ਬਹੁਤ ਪੱਕੇ ਪੈਰਾਂ ਤੇ ਖਲੋ ਗਈ ਅਤੇ ਇਸਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ:

---

1. "The very first Temple made by Guru Nanak, therefore, was the Temple of Bread or Guru's Langar. In onee common Temple of Bread, the Bread of God was made free to the children of man. Let none be hungry where the spirit of God prevails."

   Puran Singh, The Ten Masters, p. 127

2. Teja Singh, Sikhism: Its Ideals and Institutions, p. 111

> "The institution of Langar (Community kitchen) was initiated by Guru Nanak and its consolidation and extension was affected by the third Guru, Amardas."1

ਮੈਕਾਲਿਫ਼ ਦੀ ਗਵਾਹੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਭੇਸ ਬਦਲਕੇ ਸਿੱਖਾਂ ਦੇ ਚਲਾਏ ਲੰਗਰਾਂ ਦੀ ਪਰਖ ਕਰਨ ਜਾਇਆ ਕਰਦੇ ਸਨ। ਇਕ ਵਾਰ ਆਪ ਨੇ ਸਿਖਾਂ ਦੇ ਲੰਗਰਾਂ ਵਿਚ ਜਾ ਕੇ ਖੁਦ ਪ੍ਰਸ਼ਾਦੇ ਦੀ ਮੰਗ ਕੀਤੀ ਤਾਂ ਕਿਸੇ ਨੇ ਕਿਹਾ "ਅਜੇ ਤਿਆਰ ਨਹੀ", ਕਿਸੇ ਨੇ ਕਿਹਾ "ਵਕਤ ਹੋ ਚੁੱਕਾ ਹੈ।" ਜਦੋਂ ਭਾਈ ਨੰਦ ਲਾਲ ਦੇ ਬੂਹੇ ਅਗੇ ਆ ਕੇ ਗੁਰੂ ਜੀ ਨੇ ਪ੍ਰਸ਼ਾਦਾ ਮੰਗਿਆ ਤਾਂ ਉਨ੍ਹਾਂਨੇਂ ਅੱਧ ਪਕਿਆ ਅੰਨ ਹੀ ਹਾਜ਼ਰ ਕਰ ਦਿਤਾ। ਦੂਸਰੇ ਦਿਨ ਜਦੋਂ ਭਰੇ ਦਰਬਾਰ ਵਿਚ ਲੰਗਰ ਦਾ ਜ਼ਿਕਰ ਚਲਿਆ ਤਾਂ ਗੁਰੂ ਸਾਹਿਬ ਨੇ ਰਾਤ ਦੀ ਸਾਰੀ ਵਾਰਤਾ ਸੁਣਾਕੇ ਭਾਈ ਨੰਦ ਲਾਲ ਦੇ ਲੰਗਰ ਦੀ ਸ਼ਲਾਘਾ ਕੀਤੀ ਅਤੇ ਸਿੱਖਾਂ ਨੂੰ ਉਪਦੇਸ਼ ਦਿਤਾ ਕਿ ਜਦੋਂ ਕੋਈ ਲੋੜਵੰਦ ਭੁੱਖਾ ਦਰ ਤੇ ਆਵੇ ਤਾਂ ਫ਼ੌਰਨ ਉਸਦੀ ਸੇਵਾ ਕਰਨੀ ਹੀ ਅਸਲੀ ਲੰਗਰ ਹੈ। ਇਸ ਵਾਸਤੇ ਕੋਈ ਸਮਾਂ ਨਿਸ਼ਚਿਤ ਨਹੀਂ ਕਿਉਂਕਿ ਭੋਜਨ ਦਾ ਦਾਨ ਸਭ ਤੋਂ ਵਧੀਆ ਦਾਨ ਹੈ, ਜਿਸ ਨਾਲ ਜ਼ਿੰਦਗੀ ਬਚਦੀ ਹੈ।[2]

ਡਾ. ਗੰਡਾ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਤੇ ਉਨ੍ਹਾਂ ਤੋਂ ਬਾਅਦ, ਸੰਗਤ ਲਈ ਜਿਹੜੇ ਹੁਕਮਨਾਮੇ ਭੇਜੇ ਜਾਂਦੇ, ਉਨ੍ਹਾਂ ਵਿਚ ਲੰਗਰ ਲਈ ਮਾਇਆ ਭੇਜਣ ਦੀ ਖ਼ਾਸ ਹਦਾਇਤ ਕੀਤੀ ਜਾਂਦੀ ਸੀ। ਇਨ੍ਹਾਂ ਹੁਕਮਨਾਮਿਆਂ ਵਿਚੋਂ ਉਦਾਹਰਣ ਵਜੋਂ ਮਾਤਾ ਸਾਹਿਬ ਦੇਵੀ ਜੀ ਦੇ ਹੁਕਮਨਾਮਿਆਂ ਵਿਚੋਂ ਕੁਝ ਅੰਸ਼ ਹੇਠਾਂ ਦਿਤੇ ਜਾਂਦੇ ਹਨ:

1. ... ਗੁਰੂ ਪੂਰਾ ਤੁਸਾਡੀ ਤੇਗ ਦੇਹ ਫ਼ਤਹ ਕਹੇ ... ਲੰਗਰ ਵਾਸਤੇ ਫ਼ੁਰਮਾਇਸ਼ ਦੇਖਦੇ ਹੀ ਸਿੰਘਾਂ ਪਾਸੋਂ ਕਾਰ ਕਰਿ ਕੇ ਹੁੰਡੀ ਕਰਵਾਇ ਗੁਰਮੁਖਸੁ ਭਗਤੇ ਮੇਵੜੇ ਕੇ ਹਵਾਲੇ ਕਰਣੀ ... "[3]

---

1. Avtar Singh, *Ethics of the Sikhs*, p. 166

2. There is nothing to the bestowal of food. Blest is the man who giveth to the really hungary. Let no one fix a time for the exercise of this virtue ... Avoid all delay in such a matter. Charity is of all gifts the greatest, for it saveth life.

   M.A.Macauliffe, *The Sikh Religion*, Vol. V, p. 105

3. ਗੰਡਾ ਸਿੰਘ (ਸੰਪਾ.), *ਹੁਕਮਨਾਮੇ ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖ਼ਾਲਸਾ ਜੀ ਦੇ*, ਪੰਨਾ 54

2. ... ਲੰਗਰ ਵਾਸਤੇ ਰੁਪੈ 50 ਪੰਜਾਹਿ ਫੁਰਮਾਇਸ਼ ਕਾਰ ਕਰਿ
ਹੁੰਡੀ ਮਾਰਫਤ ਭਾਈ ਸਿੰਧੁ ਸਿੰਘ ਮੇਵੜਾ ਹਜੂਰ ਭੇਜਣੀ ..."[1]

ਗੁਰਮਤਿ ਵਿਚ ਵੰਡਕੇ ਛਕਣ ਨੂੰ ਇਤਨੀ ਮਹਾਨਤਾ ਦਿਤੀ ਗਈ ਹੈ ਜਿਤਨੀ ਕਿਸੇ ਹੋਰ ਧਰਮ ਵਿਚ ਸ਼ਾਇਦ ਹੀ ਹੋਵੇ। ਜਦੋਂ ਅਹਿਮਦ ਸ਼ਾਹ ਅਬਦਾਲੀ ਦਾ ਕਾਬਲ ਨੂੰ ਮੁੜਿਆ ਜਾਦਾ ਡੇਰਾ ਸਿੰਘਾਂ ਨੇ ਲੁਟ ਲਿਆ ਤਾਂ ਉਸਨੇ ਆਪਣੇ ਮੁਖਬਰਾਂ ਕੋਲੋਂ ਸਿੰਘਾਂ ਦੀ ਰਹੁਰੀਤ ਪੁੱਛੀ ਤਾਂ ਸੂਹੀਆਂ ਕਿਹਾ ਕਿ ਉਨ੍ਹਾਂ ਦੇ ਹੱਥ ਅੰਨ ਲਗ ਜਾਵੇ ਤਾਂ ਰੋਟੀ ਪਕਾ ਕੇ ਉਹ ਧੌਂਸਾ ਵਜਾਦੇ ਜਾਂ ਉਚੀ ਸੱਦ ਦਿੰਦੇ ਹਨ, "ਗੁਰੂ ਕੀ ਦੇਗ ਤਿਆਰ ਹੈ, ਚਲੋ ਕੋਈ ਲੋੜਵੰਦ ਹੈ?" ਉਸ ਸਮੇਂ ਉਨ੍ਹਾਂ ਦਾ ਦੁਸ਼ਮਣ ਵੀ ਆਵਾਜ਼ ਸੁਣਕੇ ਕਿਉਂ ਨਾ ਆ ਜਾਵੇ, ਉਸਨੂੰ ਰੋਟੀ ਖੁਆ ਕੇ ਆਪ ਖਾਦੇ ਸਨ।[2]

ਗੁਰਮਤਿ ਦੀ ਇਸ ਲੰਗਰ ਦੀ ਸੰਸਥਾ ਨੇ ਉਸ ਸਮੇਂ ਦੇ ਜ਼ਾਤ-ਪਾਤ ਦੇ ਵਿਤਕਰੇ ਉਤੇ ਇਕ ਤਕੜੀ ਸੱਟ ਮਾਰੀ। ਇਥੇ ਆ ਕੇ ਸੰਗਤ ਪੰਗਤ ਵਿਚ ਬੈਠਕੇ ਪ੍ਰਸ਼ਾਦ ਛਕਦੀ ਜਿਥੇ ਕਿਸੇ ਗ਼ਰੀਬ ਅਮੀਰ, ਉਚ ਨੀਚ, ਛੋਟੇ ਵੱਡੇ, ਰਾਜਾ ਰੰਕ ਦਾ ਕੋਈ ਵਿਤਕਰਾ ਨਹੀਂ ਸੀ। ਇਕੋ ਜਗ੍ਹਾ ਅਤੇ ਇਕੋ ਜਿਹਾ ਹੀ ਲੰਗਰ ਸਭ ਨੂੰ ਮਿਲਦਾ। ਇਸ ਸੰਦਰਭ ਵਿਚ ਡਾ. ਤਰਲੋਚਨ ਸਿੰਘ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:

> "ਜੇ ਗੁਰਮਤਿ ਦੀਆਂ ਲੀਹਾਂ ਉਤੇ ਲੰਗਰ ਦੀ ਸੰਸਥਾ ਮੰਦਰਾਂ ਅਤੇ ਮਸਜਿਦਾਂ ਵਿਚ ਵੀ ਹੋਂਦ ਵਿਚ ਆ ਜਾਦੀ, ਤਾਂ ਅਜ ਹਿੰਦੁਸਤਾਨ ਵਿਚ ਕੋਈ ਹਰੀਜਨ ਨਾ ਹੁੰਦਾ ਅਤੇ ਨਾ ਹੀ ਅਜ ਛੂਤ ਛਾਤ ਦੀ ਕੋਈ ਸਮੱਸਿਆ ਹੁੰਦੀ।"[3]

---

1. ਗੰਡਾ ਸਿੰਘ (ਸੰਪਾ.), ਹੁਕਮਨਾਮੇ ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖਾਲਸਾ ਜੀ ਦੇ, ਪੰਨਾ 54

2. ਗੰਗਾ ਸਿੰਘ (ਪ੍ਰਿੰ:), ਸਿਖ ਧਰਮ ਫਿਲਾਸਫ਼ੀ, ਪੰਨਾ 187-88

3. If this institution of Langar had been extended to all the Hindu temples and mosques in India on the pattern of the Sikh Langar, there would not have been any Harijan (untouchable problem today).

   Tarlochan Singh, "Social Philosophy of Guru Gobind Singh", Sikhism and Indian Society, Vol. IV, p. 190-91

ਡਾ. ਗੋਕਲ ਚੰਦ ਨਾਰੰਗ ਦੇ ਵਿਚਾਰ ਵੀ ਉਹੀ ਹਨ ਜੋ ਡਾ. ਤਰਲੋਚਨ ਸਿੰਘ ਦੇ ਹਨ। ਆਪ ਲਿਖਦੇ ਹਨ ਕਿ ਇਹ ਸੰਸਥਾ ਜ਼ਾਤ ਪਾਤ ਤੋਂ ਤੋੜ ਵਿਛੋੜਾ ਕਰਨ ਲਈ ਇਕ ਬਹੁਤ ਤਕੜਾ ਹਥਿਆਰ ਸਾਬਤ ਹੋਇਆ ਕਿਉਂਕਿ ਸਾਰੇ ਸਿੱਖ, ਗ਼ਰੀਬ ਜਾਂ ਅਮੀਰ, ਬ੍ਰਾਹਮਣ ਜਾਂ ਸੂਦਰ ਕਿਸੇ ਵਿਤਕਰੇ ਅਤੇ ਭੇਦ ਭਾਵ ਤੋਂ ਬਿਨਾਂ ਇਕੋ ਥਾਂ ਬਹਿਕੇ ਲੰਗਰ ਛਕਦੇ।[1]

ਰੋਗੀਆਂ ਦਾ ਇਲਾਜ:

ਗੁਰਮਤਿ ਅਨੁਸਾਰ ਧਨ ਦੀ ਸੇਵਾ ਦਾ ਇਕ ਹੋਰ ਰੂਪ ਧਨ ਨਾਲ ਰੋਗੀਆਂ ਦੀ ਸੇਵਾ ਕਰਨਾ ਹੈ। ਗ਼ਰੀਬ ਅਤੇ ਬੇਸਹਾਰਾ ਰੋਗੀਆਂ ਦੀ ਸੇਵਾ ਵਲ ਗੁਰੂ ਸਾਹਿਬ ਨੇ ਖ਼ੁਦ ਆਪਣੇ ਜੀਵਨ-ਕਾਲ ਦੇ ਦੌਰਾਨ ਵਿਸ਼ੇਸ਼ ਧਿਆਨ ਦਿੱਤਾ। ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਅਨੁਸਾਰ:

> "(ਗੁਰੂ ਅਰਜਨ ਦੇਵ ਜੀ ਨੇ) ਤਰਨ ਤਾਰਨ ਵਿਚ ਕੋੜ੍ਹਿਆਂ ਤੇ ਪਿੰਗਲਿਆਂ ਵਾਸਤੇ ਪਿੰਗਲਵਾੜਾ ਬਣਾਇਆ, ਉਨ੍ਹਾਂ ਦੇ ਰਹਿਣ, ਦਵਾਈ ਆਦਿ ਅਤੇ ਹੋਰ ਸਾਰੇ ਪ੍ਰਬੰਧ ਕੀਤੇ।"[2]

ਗੁਰੂ ਹਰਿ ਰਾਇ ਜੀ ਨੇ ਵੀ ਬੜਾ ਵੱਡਾ ਦਵਾਈ ਖ਼ਾਨਾ ਰੋਗੀਆਂ ਨੂੰ ਅਰੋਗ ਕਰਨ ਲਈ ਖੋਲ੍ਹਿਆ ਅਤੇ ਉਸ ਵਿਚ ਬੜੀਆਂ ਕੀਮਤੀ ਅਤੇ ਦੁਰਲਭ ਦਵਾਈਆਂ ਮੰਗਵਾ ਕੇ ਰਖੀਆਂ।[3] ਕੋਈ ਰੋਗੀ ਕਿਸੇ ਵੇਲੇ ਵੀ ਆਂਜਾਦਾ ਉਸਨੂੰ ਮੁਫ਼ਤ ਦਵਾਈ ਤੇ ਖ਼ੁਰਾਕ ਮਿਲਦੀ ਅਤੇ ਉਸਦੀ ਪ੍ਰੇਮ ਨਾਲ ਟਹਿਲ ਸੇਵਾ ਕੀਤੀ ਜਾਂਦੀ। ਗੁਰੂ ਸਾਹਿਬਾਨ ਦੁਆਰਾ ਗ਼ਰੀਬ ਤੇ ਲਾਚਾਰ ਰੋਗੀਆਂ ਦੀ ਸਹਾਇਤਾ ਲਈ ਕਾਇਮ ਕੀਤੀ ਗਈ ਸੰਸਥਾ ਦਾ ਇਕ ਵਿਸ਼ੇਸ਼ ਲੱਛਣ ਇਹ ਸੀ ਕਿ

---

1. This institution proved a powerful weapon to break the crust of caste, as all sikhs, rich or poor, Brahmans or Sudras, dines together without any distinction.
   Gokal Chand Narang, Transformation of Sikhism, p. 49

2. ਮਨੀ ਸਿੰਘ (ਗਿਆਨੀ), ਸੇਵਾ ਚਮਤਕਾਰ, ਪੰਨਾ 135

3. ਉਹੀ, ਪੰਨਾ 146

ਇਥੇ ਗ਼ਰੀਬੀਤੇ ਅਮੀਰੀਤੋਂ ਇਲਾਵਾ ਦੋਸਤ ਅਤੇ ਦੁਸ਼ਮਣ ਵਿਚ ਵੀ ਕੋਈ ਫ਼ਰਕ ਨਹੀਂ ਸੀ ਸਮਝਿਆ ਜਾਂਦਾ। ਵਿਤਕਰੇ ਰਹਿਤ ਹੋਣ ਵਾਲੀ ਰੋਗੀਆਂ ਦੀ ਸੇਵਾ ਦੇ ਪ੍ਰਭਾਵ ਦਾ ਹੀ ਚਮਤਕਾਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਯੁਗ ਵਿਚ ਭਾਈ ਘਨਈਆ ਜੀ ਨੇ ਰਣ-ਖੇਤਰ ਵਿਚ ਆਪਣੇ ਦੁਸ਼ਮਣ ਮੁਸਲਮਾਨਾਂ ਦੀ ਮਰ੍ਹਮ ਪੱਟੀ ਵੀ ਉਤਨੇ ਚਾਅ ਅਤੇ ਹਿੱਤ ਨਾਲ ਕੀਤੀ ਜਿਤਨੇ ਚਾਅ ਅਤੇ ਹਿੱਤ ਨਾਲ ਉਹ ਆਪਣੇ ਮਜ਼੍ਹਬ ਦੇ ਪੈਰੋਕਾਰਾਂ ਅਰਥਾਤ ਸਿਖਾਂ ਦੀ ਕਰਦੇ ਸਨ। ਗੁਰੂ ਘਰ ਵਿਚਰੋਗੀਆਂ ਦੇ ਇਲਾਜ ਲਈ ਇਕੱਤਰ ਕੀਤੀਆਂ ਗਈਆਂ ਦਵਾਈਆਂ ਵਲ ਖ਼ਾਸ ਧਿਆਨ ਦਿਤਾ ਜਾਂਦਾ ਸੀ।ਦਾਨੀ ਸਜਣ ਕੀਮਤੀ ਤੋਂ ਕੀਮਤੀ ਦਵਾਈ ਗੁਰੂ ਸਾਹਿਬ ਦੁਆਰਾ ਚਲਾਏ ਜਾ ਰਹੇ ਮੁਫ਼ਤ ਦਵਾਖ਼ਾਨੇ ਵਿਚ ਪੇਸ਼ ਕਰਕੇ ਆਪਣਾ ਜੀਵਨ ਸਫ਼ਲ ਸਮਝਦੇ ਸਨ। ਗਿਆਨੀ ਮਨੀ ਸਿੰਘ ਜੀ ਦੀ ਗਵਾਹੀ ਅਨੁਸਾਰ ਇਕ ਵਾਰ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਕੋਹ ਸਖ਼ਤ ਬੀਮਾਰ ਹੋ ਗਿਆ ਅਤੇ ਹਕੀਮਾਂ ਨੇ ਇਕ ਖ਼ਾਸ ਕਿਸਮ ਦੀ ਦਵਾਈ ਤਜਵੀਜ਼ ਕੀਤੀ ਜਿਹੜੀ ਕਿਤੋਂ ਨਾ ਮਿਲੀ, ਸਿਰਫ਼ ਗੁਰੂ ਜੀ ਦੇ ਦਵਾਈਖ਼ਾਨੇ ਵਿਚ ਸੀ। ਗੁਰੂ ਘਰ ਨਾਲ ਉਸਦਾ ਵਿਰੋਧ ਹੋਣ ਦੇ ਬਾਵਜੂਦ ਜਦੋਂ ਉਸ ਨੇ ਚਿੱਠੀ ਦੇ ਕੇ ਆਦਮੀ ਭੇਜਿਆ ਤਾਂ ਗੁਰੂ ਸਾਹਿਬ ਨੇ ਉਹ ਦਵਾਈ ਦੇ ਦਿਤੀ।[1] ਬੁਰੇ ਤੇ ਵੈਰੀ ਦੀ ਸੇਵਾ ਕਰਨੀ ਗੁਰੂ ਘਰ ਦੀ ਰੀਤ ਚਲੀ ਆ ਰਹੀ ਹੈ।

ਗੁਰਮਤਿ ਵਿਚ ਸ਼ਰਧਾ ਰਖਣ ਵਾਲੇ ਸੇਵਾ ਪੰਥੀ ਡੇਰਿਆਂ ਵਿਚ ਬੀਮਾਰਾਂ, ਬਿਰਧਾਂ ਅਤੇ ਦੁਖੀਆਂ ਦੀ ਸੇਵਾ ਦਾ ਖ਼ਾਸ ਪ੍ਰਬੰਧ ਕੀਤਾ ਜਾਂਦਾ ਹੈ। ਅਜੋਕੇ ਯੁਗ ਵਿਚ ਅੰਮ੍ਰਿਤਸਰ ਵਿਖੇ ਭਾਈ ਘਨਈਆ ਜੀ ਦੀ ਉਦਾਹਰਣ ਤੋਂ ਪ੍ਰਭਾਵਤ ਹੋ ਕੇ ਜਿਹੜਾ ਬੇਮਿਸਾਲ ਪਿੰਗਲਵਾੜਾ ਬਹੁਤ ਦੇਰ ਤੋਂ ਨਿਰਵਿਘਨ ਚਲ ਰਿਹਾ ਹੈ, ਉਸ ਦੀ ਸਫ਼ਲਤਾ ਦਾ ਰਾਜ਼ ਵੀ ਇਹੀ ਹੈ ਕਿ ਗੁਰੂ ਸਾਹਿਬ ਦੇ ਪੈਰੋਕਾਰ ਦੁਖੀ ਤੇ ਬੇਸਹਾਰਾ ਰੋਗੀਆਂ ਨੂੰ ਗੁਰੂ ਸਾਹਿਬ ਦੀ ਔਲਾਦ ਵਾਂਗ ਪਿਆਰ ਕਰਕੇ ਗੁਰੂ ਸਾਹਿਬ ਦੇ ਨਾਂ ਉਤੇ ਪੂਰੀ ਸ਼ਰਧਾ ਅਤੇ ਸਿਦਕ ਨਾਲ ਧਨ ਦੀ ਸੇਵਾ ਕਰਦੇ ਸਨ।

ਇਸ ਪ੍ਰਕਾਰ ਸੇਵਾ ਦੇ ਇਕ ਮਾਧਿਅਮ ਦੇ ਰੂਪ ਵਿਚ ਗੁਰਮਤਿ ਅਨੁਸਾਰ ਜਿਤਨਾ ਮਹੱਤਵ ਤਨ ਦੀ ਸੇਵਾ ਦਾ ਹੈ, ਉਤਨਾ ਹੀ ਧਨ ਦੀ ਸੇਵਾ ਦਾ ਵੀ ਹੈ। ਨੇਕ ਕਮਾਈ ਵਿਚੋਂ ਅਤੇ ਸ਼ੁਧ ਹਿਰਦੇ ਨਾਲ ਕੀਤੀ ਗਈ ਧਨ ਦੀ ਸੇਵਾ ਗੁਰੂ ਘਰ ਵਿਚ ਉਸੇ ਤਰ੍ਹਾਂ ਪਰਵਾਨ ਹੁੰਦੀ

---

1. ਮਨੀ ਸਿੰਘ (ਗਿਆਨੀ), ਸੇਵਾ ਚਮਤਕਾਰ, ਪੰਨਾ 146

ਹੈ, ਜਿਸ ਤਰ੍ਹਾਂ ਆਪਣੇ ਹੱਥਾਂ ਨਾਲ ਪਿਆਸਿਆਂ ਨੂੰ ਪਾਣੀ ਪਿਲਾਉਣ ਜਾਂ ਸੰਗਤ ਦਾ ਮੁੜ੍ਹਕਾ ਸੁਕਾਣ ਲਈ ਪੱਖਾ ਝਲਣ ਨਾਲ ਕੀਤੀ ਗਈ ਤਨ ਦੀ ਸੇਵਾ ਪਰਵਾਨ ਹੁੰਦੀ ਹੈ।

# ਤੀਜਾ ਅਧਿਆਇ

## ਸੇਵਾ ਦੇ ਸੂਖਮ ਸੰਦਰਭ

(ੳ) ਮਨ ਦੀ ਸੇਵਾ

(ਅ) ਸੁਰਤਿ ਦੀ ਸੇਵਾ

## (ੳ) ਮਨ ਦੀ ਸੇਵਾ

ਪਿਛੇ ਅਸੀਂ ਸੇਵਾ ਦੇ ਸਥੂਲ ਸੰਦਰਭਾਂ ਅਥਵਾ ਸੇਵਾ ਦੇ ਦੋ ਮਾਧਿਅਮਾਂ 'ਤਨ' ਅਤੇ 'ਧਨ' ਦੁਆਰਾ ਸੇਵਾ ਦੀ ਚਰਚਾ ਕੀਤੀ ਹੈ। ਇਥੇ ਅਸੀਂ ਸੇਵਾ ਦੇ ਦੋ ਸੂਖਮ ਸੰਦਰਭਾਂ ਅਥਵਾ ਸੇਵਾ ਦੀਆਂ ਦੋ ਅਵਸਥਾਵਾਂ 'ਮਨ' ਅਤੇ 'ਸੁਰਤਿ' ਬਾਰੇ ਚਰਚਾ ਕਰਦੇ ਹਾਂ।

'ਮਨ', ਧਨ ਵਾਂਗ ਵੰਡੀ ਜਾਣ ਵਾਲੀ ਚੀਜ਼ ਨਹੀਂ ਅਤੇ ਨਾ ਹੀ ਸਰੀਰ ਦੇ ਅੰਦਰ ਕੋਈ ਅਜਿਹੀ ਵਿਸ਼ੇਸ਼ ਥਾਂ ਹੈ ਜਿਸ ਉਤੇ ਹੱਥ ਰਖ ਕੇ ਕਿਹਾ ਜਾ ਸਕੇ ਕਿ ਇਹ ਮਨ ਹੈ। ਇਸ ਲਈ ਜਦੋਂ ਅਸੀਂ ਮਨ ਦੀ ਸੇਵਾ ਦੀ ਗੱਲ ਕਰਦੇ ਹਾਂ ਤਾਂ ਵਾਸਤਵ ਵਿਚ ਅਸੀਂ ਇਹ ਕਹਿਣ ਦਾ ਯਤਨ ਕਰ ਰਹੇ ਹੁੰਦੇ ਹਾਂ ਕਿ ਜਦੋਂ ਕੋਈ ਸੇਵਕ ਤਨ ਜਾਂ ਧਨ ਨਾਲ ਸੇਵਾ ਕਰਦਾ ਹੈ, ਤਾਂ ਉਸਦੇ ਮਨ ਦੀ ਅਵਸਥਾ ਇਸ ਸੇਵਾ ਦੇ ਅਨੁਕੂਲ ਹੈ ਜਾਂ ਪ੍ਰਤਿਕੂਲ। ਤਨ ਜਾਂ ਧਨ ਦੁਆਰਾ ਕੀਤੀ ਸੇਵਾ ਕਿੰਨੀ ਕੁ ਵਧੀਆ ਹੈ ਜਾਂ ਕਿਸ ਪੱਧਰ ਦੀ ਹੈ, ਇਸਦਾ ਅੰਦਾਜ਼ਾ ਤਾਂ ਮਨੁੱਖ ਦੀ ਉਸ ਵੇਲੇ ਦੀ ਮਨ ਦੀ ਅਵਸਥਾ ਤੋਂ ਹੀ ਲਾਇਆ ਜਾ ਸਕਦਾ ਹੈ। ਤਨ ਜਾਂ ਧਨ ਦੁਆਰਾ ਸੇਵਾ ਕਰਦੇ ਸਮੇਂ ਸੇਵਕ ਦੇ ਮਨ ਦੀ ਅਵਸਥਾ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਸ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਥੋੜ੍ਹਾ ਜਿਹਾ ਮਨ ਦੇ ਸਰੂਪ ਬਾਰੇ ਵਿਚਾਰ ਕਰਨਾ ਆਵੱਸ਼ਕ ਪ੍ਰਤੀਤ ਹੁੰਦਾ ਹੈ।

ਇਸ ਸੰਦਰਭ ਵਿਚ ਡਾ. ਬਲਬੀਰ ਸਿੰਘ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

> " ... ਮਨੁਖਾ ਸਰੀਰ ਵਿਚ ਇਕ ਹੋਰ ਚੀਜ਼ ਹੈ, ਉਹ ਹੈ ਮਨ,
> ਜਿਸ ਨਾਲ ਉਹ ਦਰਦ, ਦੁਖ ਅਤੇ ਖੁਸ਼ੀ ਮਹਿਸੂਸ ਕਰਦਾ ਹੈ।"[1]

ਡਾ. ਅਜੀਤ ਸਿੰਘ ਸਿੱਕਾ ਅਨੁਸਾਰ 'ਮਨ', 'ਆਤਮਾ' ਅਤੇ ਸਰੀਰ ਦੀ ਆਪਣੀ ਆਪਣੀ ਹੋਂਦ ਹੈ ਅਤੇ ਆਪਣੀ ਧਾਰਨਾ ਨੂੰ ਪ੍ਰਗਟਾਉਂਦੇ ਹੋਏ ਡਾ. ਸਿੱਕਾ ਜੀ ਲਿਖਦੇ ਹਨ:

---

1. ਬਲਬੀਰ ਸਿੰਘ (ਡਾ.), ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ, ਪੰਨਾ 16

"Mind, body and Atma are sepetate from one another in human beings."1

ਪਰੰਤੂ ਸਰਦੂਲ ਸਿੰਘ ਕਵੀਸ਼ਰ ਡਾ. ਸਿੱਕਾ ਦੇ ਇਸ ਕਥਨ ਨਾਲ ਸਹਿਮਤ ਨਹੀਂ ਕਿ 'ਮਨ' ਅਤੇ 'ਸਰੀਰ' ਇਕ ਦੂਜੇ ਨਾਲੋਂ ਵਖਰੇ ਹਨ। ਕਵੀਸ਼ਰ ਜੀ ਮਨ ਅਤੇ ਆਤਮਾ ਨੂੰ ਇਕੋ ਸਮਝਦੇ ਹਨ ਕਿਉਂਕਿ ਉਨ੍ਹਾਂ ਅਨੁਸਾਰ ਗੁਰਬਾਣੀ ਵਿਚ ਵੀ ਮਨ ਅਤੇ ਆਤਮਾ ਵਿਚ ਕੋਈ ਵਖਰੇਵਾਂ ਨਹੀਂ ਕੀਤਾ ਗਿਆ। ਕਵੀਸ਼ਰ ਜੀ ਲਿਖਦੇ ਹਨ:

"ਨਵੀਨ ਮਨੋਵਿਗਿਆਨੀਆਂ ਵਾਂਗ ਗੁਰੂ ਸਾਹਿਬ ਨੇ ਮਨ ਤੇ ਆਤਮਾ ਵਿਚ ਕੋਈ ਭਿੰਨ-ਭੇਦ ਨਹੀਂ ਜਾਣਿਆ। ... ਸਾਹਿਬਾਂ ਨੇ ਮਨੁੱਖੀ ਮਨ ਤੇ ਆਤਮਾ ਨੂੰ ਇੱਕੋ ਗਿਣਿਆ ਹੈ।"[2]

ਸਾਂਖ ਦਰਸ਼ਨ ਦੇ ਪਰਵਰਤਕਾਂ ਨੇ ਮਨ ਨੂੰ ਚਿੱਤ ਕਿਹਾ ਹੈ। ਇਸ ਸੰਦਰਭ ਵਿਚ ਪ੍ਰਸਿਧ ਵਿਦਵਾਨ ਬਲਦੇਵ ਉਪਾਧਿਆਇ ਦਾ ਕਥਨ ਹੈ:

"(ਮਨ) ਗਿਆਨ ਇੰਦਰੀ ਵੀ ਹੈ ਅਤੇ ਕਰਮ ਇੰਦਰੀ ਵੀ ਹੈ।"[3]

ਕਈ ਆਧੁਨਿਕ ਵਿਦਵਾਨਾਂ ਨੇ ਆਤਮਾ ਜਾਂ ਬੁੱਧੀ ਨਾਲ ਮਨ ਦਾ ਸੰਬੰਧ ਜੋੜਨ ਦੀ ਥਾਂ ਇਸਦਾ ਸੰਬੰਧ ਮਾਇਆ ਨਾਲ ਜੋੜਿਆ ਹੈ। ਉਦਾਹਰਣਾਰਥ ਸਵਾਮੀ ਸ਼ਿਵਾ ਨੰਦ ਜੀ ਅਨੁਸਾਰ ਮਾਇਆ ਹੀ ਮਨੁਖ ਦੇ ਆਵਾਗਵਣ ਵਿਚ ਬੰਧਨ ਦਾ ਕਾਰਣ ਮਾਤਰ ਹੈ। ਉਹ ਲਿਖਦੇ ਹਨ:

"ਮਨ ਹੀ ਮਾਇਆ ਹੈ।"[4]

---

1. Ajit Singh Sikka (Dr.), The Philosophy of Mind in the Poetry of Guru Nanak, p. 57
2. ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਪੰਨਾ 185
3. ਬਲਦੇਵ ਉਪਾਧਿਆਇ, ਭਾਰਤੀ ਦਰਸ਼ਨ, ਪੰਨਾ 269
4. Sivananda (Swami), The Conquest of Mind, p. 67

ਉਪਰ ਸਰਦੂਲ ਸਿੰਘ ਕਵੀਸ਼ਰ ਜੀ ਨੇ ਭਾਵੇਂ ਆਪਣੇ ਇਸ ਵਿਚਾਰ ਨੂੰ ਗੁਰਬਾਣੀ ਦੇ ਅਨੁਕੂਲ ਆਖਿਆ ਹੈ ਕਿ ਮਨ ਅਤੇ ਆਤਮਾ ਵਿਚ ਕੋਈ ਫ਼ਰਕ ਨਹੀਂ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਪੰਗਤੀਆਂ ਇਹੋ ਜਿਹੀਆਂ ਆਈਆਂ ਹਨ ਜਿਨ੍ਹਾਂ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਮਨ, ਬੁੱਧੀ ਅਤੇ ਆਤਮਾ ਤਿੰਨਾਂ ਦਾ ਮਨੁਖੀ ਸਰੀਰ ਦੇ ਅੰਤਹਕਰਣ ਵਿਚ ਨਿਵਾਸ ਹੈ ਅਤੇ ਇਨ੍ਹਾਂ ਸਾਰੀਆਂ ਦੀ ਹੀ ਆਪਣੀ ਆਪਣੀ ਵਖਰੀ ਵਖਰੀ ਹੋਂਦ ਹੈ। ਹੇਠ ਲਿਖੀਆਂ ਗੁਰੂ ਨਾਨਕ ਦੇਵ ਜੀ ਦੀਆਂ ਪੰਗਤੀਆਂ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੋ ਜਾਂਦੀ ਹੈ:

1. ਹਉ ਤੁਧੁ ਆਖਾ ਮੇਰੀ ਕਾਇਆ
ਤੂੰ ਸੁਣਿ ਸਿਖ ਹਮਾਰੀ।
ਨਿੰਦਾ ਚਿੰਦਾ ਕਰਹਿ ਪਰਾਈ
ਝੂਠੀ ਲਾਇਤਬਾਰੀ।
ਵੇਲਿ ਪਰਾਈ ਜੋਹਹਿ ਜੀਅੜੇ
ਕਰਹਿ ਚੋਰੀ ਬੁਰਿਆਈ।
ਹੰਸੁ ਚਲਿਆ ਤੂੰ ਪਿਛੈ ਰਹੀਏਹਿ
ਛੁਟੜਿ ਹੋਈਅਹਿ ਨਾਰੀ।[1]

2. ਤੂੰ ਕਾਇਆ ਰਹੀਅਹਿ ਸੁਪਨੰਤਰਿ
ਤੁਧੁ ਕਿਆ ਕਰਮ ਕਮਾਇਆ।
ਕਰਿ ਚੋਰੀ ਮੈ ਜਾ ਕਿਛੁ ਲੀਆ
ਤਾ ਮਨਿ ਭਲਾ ਭਾਇਆ।
ਹਲਤਿ ਨ ਸੋਭਾ ਪਲਤਿ ਨ ਢੋਈ
ਅਹਿਲਾ ਜਨਮੁ ਗਵਾਇਆ।[2]

ਪ੍ਰੋ: ਸਾਹਿਬ ਸਿੰਘ ਜੀ ਗੁਰੂ ਸਾਹਿਬ ਦੀ ਪਹਿਲੀ ਪੰਗਤੀ ਦਾ ਅਰਥ ਇਸ ਤਰ੍ਹਾਂ ਕਰਦੇ ਹਨ:

---

1. <u>ਆਦਿ ਗ੍ਰੰਥ</u>, ਮ. 1, ਪੰਨਾ 155
2. ਉਹੀ, ਮ. 1, ਪੰਨਾ 155

"ਹੇ ਮੇਰੇ ਸਰੀਰ! ਮੈਂ ਤੈਨੂੰ ਸਮਝਾਂਦਾ ਹਾਂ, ਮੇਰੀ ਨਸੀਹਤ ਸੁਣ। ਤੂੰ ਪਰਾਈ ਨਿੰਦਿਆ ਦਾ ਧਿਆਨ ਰੱਖਦਾ ਹੈਂ, ਤੂੰ (ਹੋਰਨਾਂ ਦੀ) ਝੂਠੀ ਚੁਗਲੀ ਕਰਦਾ ਰਹਿੰਦਾ ਹੈਂ। ਹੇ ਜੀਵ! ਤੂੰ ਪਰਾਈ ਇਸਤ੍ਰੀ ਨੂੰ (ਭੈੜੀ ਨਿਗਾਹ ਨਾਲ) ਤੱਕਦਾ ਹੈਂ, ਤੂੰ ਚੋਰੀਆਂ ਕਰਦਾ ਹੈਂ, ਹੋਰ ਬੁਰਾਈਆਂ ਕਰਦਾ ਹੈ। ਹੇ ਮੇਰੀ ਕਾਇਆ! ਜਦੋਂ ਜੀਆਤਮਾ ਤੁਰ ਜਾਇਗਾ, ਤੂੰ ਇਥੇ ਹੀ ਰਹਿ ਜਾਇਗੀ, ਤੂੰ (ਤਦੋਂ) ਛੁੱਟੜ ਇਸਤ੍ਰੀ ਵਾਂਗ ਹੋ ਜਾਂਏਂਗੀ।"[1]

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਦੂਸਰੀ ਪੰਕਤੀ ਦੇ ਅਰਥ ਕਰਦੇ ਹੋਏ ਆਪ ਲਿਖਦੇ ਹਨ:

"ਹੇ ਮੇਰੇ ਸਰੀਰ! ਤੂੰ (ਮਾਇਆ ਦੀ) ਨੀਂਦ ਵਿਚ ਹੀ ਸੁੱਤਾ ਰਿਹਾ (ਤੈਨੂੰ ਸਮਝ ਹੀ ਨ ਆਈ ਕਿ) ਤੂੰ ਕੀਹ ਕਰਤੂਤਾਂ ਕਰਦਾ ਰਿਹਾ। ਚੋਰੀ ਆਦਿਕ ਕਰ ਕੇ ਜੋ ਮਾਲ-ਧਨ ਮੈਂ ਲਿਆਉਂਦਾ ਰਿਹਾ, ਤੈਨੂੰ ਉਹ ਮਨ ਵਿਚ ਪਸੰਦ ਆਉਂਦਾ ਰਿਹਾ। (ਇਸ ਤਰ੍ਹਾਂ) ਨਾਹ ਇਸ ਲੋਕ ਵਿਚ ਸੋਗ ਖੱਟੀ, ਨਾਹ ਪਰਲੋਕ ਵਿਚ ਆਸਰਾ (ਮਿਲਣ ਦਾ ਪ੍ਰਬੰਧ) ਹੋਇਆ। ਕੀਮਤੀ ਮਨੁੱਖਾ ਜਨਮ ਜ਼ਾਇਆ ਕਰ ਲਿਆ।"[2]

ਇਸ ਪ੍ਰਕਾਰ ਇਨ੍ਹਾਂ ਪੰਕਤੀਆਂ ਤੋਂ ਸਾਫ਼ ਹੋ ਜਾਂਦਾ ਹੈ ਕਿ 'ਮਨ', 'ਸਰੀਰ' ਅਤੇ 'ਆਤਮਾ' ਦੀ ਹੋਂਦ ਆਪਣੀ ਆਪਣੀ ਹੈ ਅਤੇ ਇਕ ਦੂਜੇ ਤੋਂ ਵਖਰੀ ਹੈ।

ਗੁਰਮਤਿ ਅਨੁਸਾਰ ਮਨ ਦੀ ਬਣਤਰ ਅਥਵਾ ਉਤਪਤੀ ਪੰਜਾਂ ਤੱਤਾਂ ਤੋਂ ਬਣੀ ਹੈ। ਆਤਮਾ ਛੇਵਾਂ ਅਬਿਨਾਸ਼ੀ ਤੱਤ ਹੈ:

---

1. ਸਾਹਿਬ ਸਿੰਘ (ਪ੍ਰੋ:), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, (ਪੋਥੀ ਦੂਜੀ), ਪੰਨਾ 26
2. ਉਹੀ, ਪੰਨਾ 26

ਇਹੁ ਮਨੁ ਕਰਮਾ ਇਹੁ ਮਨੁ ਧਰਮਾ।
ਇਹੁ ਮਨੁ ਪੰਚ ਤਤੁ ਤੇ ਜਨਮਾ।[1]

ਅਗੇ ਚਲਕੇ ਕਬੀਰ ਜੀ ਦੀ ਬਾਣੀ ਵਿਚ ਵੀ ਥੋੜ੍ਹੇ ਜਿਹੇ ਫਰਕ ਨਾਲ ਇਹ ਗੱਲ ਦੁਹਰਾਈ ਗਈ ਹੈ। ਕਬੀਰ ਜੀ ਦਾ ਕਥਨ ਹੈ:

ਇਹੁ ਮਨੁ ਸਕਤੀ ਇਹੁ ਮਨੁ ਸੀਉ।
ਇਹੁ ਮਨੁ ਪੰਚ ਤਤ ਕੋ ਜੀਉ।[2]

ਮਨ ਦੇ ਦੋ ਮਹੱਤਵਪੂਰਨ ਸੰਦਰਭਾਂ ਦੀ ਵਿਆਖਿਆ ਕਰਦਿਆਂ ਡਾ. ਰਤਨ ਸਿੰਘ ਜੱਗੀ ਨੇ ਮਨ ਦੇ ਹੇਠਾਂ-ਲਿਖੇ ਦੋ ਸਰੂਪ ਨਿਰਧਾਰਿਤ ਕੀਤੇ ਹਨ:

1. ਪ੍ਰਕਾਸ਼ਮਈ ਮਨ
2. ਅੰਧਕਾਰਮਈ ਮਨ[3]

ਮਨ ਦੇ ਉਪਰੋਕਤ ਦੋਹਾਂ ਸਰੂਪਾਂ ਦੀ ਪਰਿਭਾਸ਼ਾ ਜੱਗੀ ਸਾਹਿਬ ਨੇ ਹੇਠ ਲਿਖੇ ਅਨੁਸਾਰ ਦਿਤੀ ਹੈ। ਪ੍ਰਕਾਸ਼ਮਈ ਮਨ ਬਾਰੇ ਉਹ ਲਿਖਦੇ ਹਨ:

"ਪ੍ਰਕਾਸ਼ਮਈ ਮਨ ਉਹ ਮਨ ਹੈ ਜੋ ਜੋਤਿ ਸਰੂਪ ਪਰਮਾਤਮਾ ਦੀ ਜੋਤਿ ਨਾਲ ਪ੍ਰਕਾਸ਼ਮਾਨ ਹੈ। ਇਹ ਮਨ ਦਾ ਮਾਇਆ ਤੋਂ ਮੁਕਤ, ਸ਼ੁੱਧ ਰੂਪ ਹੈ। ਅਜਿਹੇ ਮਨ ਵਿਚ ਨਾਮਰੂਪੀ ਰਤਨ, ਹੀਰੇ, ਮਾਣਕ, ਲਾਲ ਆਦਿ ਸ੍ਰੇਸ਼ਠ ਪਦਾਰਥ ਮਿਲਦੇ ਹਨ। ਇਹ ਮਨ ਵੈਰਾਗੀ ਅਤੇ ਹਉਮੈ ਨੂੰ ਤਿਆਗਣ ਵਾਲਾ ਹੈ।"[4]

ਇਸੇ ਤਰ੍ਹਾਂ ਮਨ ਦੇ ਦੂਜੇ ਸਰੂਪ, ਅੰਧਕਾਰਮਈ ਮਨ, ਦੀ ਪਰਿਭਾਸ਼ਾ ਡਾ. ਜੱਗੀ

---

1. ਆਦਿ ਗ੍ਰੰਥ, ਮ. 1, ਪੰਨਾ 415
2. ਉਹੀ, ਬਾਣੀ ਕਬੀਰ ਜੀ, ਪੰਨਾ 342
3. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 230
4. ਉਹੀ, ਪੰਨਾ 230

ਸਾਹਿਬ ਨੇ ਇਸ ਪ੍ਰਕਾਰ ਦਿਤੀ ਹੈ:

> "ਇਹ ਮਨ ਦਾ ਦੂਜਾ ਪਰ ਕੋਝਾ ਰੂਪ ਹੈ। ਮਾਇਆ ਦੇ ਪ੍ਰਭਾਵ ਅਧੀਨ ਜਦੋਂ ਮਨ ਆਪਣੇ ਵਾਸਤਵਿਕ ਮੂਲ ਤੱਤ੍ਹ ਨੂੰ ਭੁਲਾ ਕੇ ਸੰਸਾਰਿਕ ਪ੍ਰਵਿਤੀਆਂ ਵਿਚ ਲੀਨ ਹੋ ਜਾਂਦਾ ਹੈ, ਤਾਂ ਅਗਿਆਨ ਕਰਕੇ ਉਸ ਦਾ ਰੂਪ ਅਸ਼ੁੱਧ ਹੋ ਜਾਂਦਾ ਹੈ, ਇਸੇ ਲਈ ਇਸ ਨੂੰ ਅੰਧਕਾਰਮਈ ਮਨ ਕਿਹਾ ਗਿਆ ਹੈ। ਇਸ ਨੂੰ ਵਿਸ਼ੇ-ਆਸਕਤ ਜਾਂ ਵਾਸਨਾਲੀਨ ਮਨ ਵੀ ਕਿਹਾ ਜਾਂਦਾ ਹੈ।"[1]

ਜੱਗੀ ਸਾਹਿਬ ਦੁਆਰਾ ਦਿਤੀਆਂ ਗਈਆਂ ਇਨ੍ਹਾਂ ਦੋਹਾਂ ਪਰਿਭਾਸ਼ਾਵਾਂ ਵਿਚੋਂ ਸਭ ਤੋਂ ਜ਼ਰੂਰੀ ਸਿੱਟਾ ਇਹੀ ਨਿਕਲਦਾ ਹੈ ਕਿ ਮਨ ਦੀ ਸੇਵਾ ਨੂੰ ਮਾਇਆ ਦੇ ਸੰਦਰਭ ਵਿਚ ਹੀ ਪਛਾਣਿਆ ਅਤੇ ਵਿਚਾਰਿਆ ਜਾ ਸਕਦਾ ਹੈ। ਅਰਥਾਤ ਮਨ ਦਾ ਮਾਇਆ-ਯੁਕਤ ਸਰੂਪ ਉਹ ਹੈ ਜੋ ਵਿਅਕਤੀ ਨੂੰ ਕੇਵਲ ਆਪਣੀ ਸੁਆਰਥ-ਪੂਰਤੀ ਤਕ ਹੀ ਸੀਮਤ ਰਖਦਾ ਹੈ। ਇਹੋ ਜਿਹਾ ਵਿਅਕਤੀ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਰਗੀਆਂ ਬੁਰਾਈਆਂ ਤੋਂ ਮੁਕਤ ਨਹੀਂ ਹੁੰਦਾ। ਮਾਇਆ ਇਕੱਤਰ ਕਰਨਾ, ਮਾਇਆ ਭੋਗਣਾ, ਮਾਇਆ ਦੀ ਪ੍ਰਾਪਤੀ ਦੇ ਸਹਾਰੇ ਹੀ ਆਪਣੀ ਹਉਮੈ ਨੂੰ ਪਾਲਣਾ ਮਾਇਆ-ਯੁਕਤ ਸਰੂਪ ਵਾਲੇ ਮਨ ਦੇ ਧਾਰਨੀ ਮਨੁਖ ਦੇ ਮੁੱਖ ਲੱਛਣ ਹੁੰਦੇ ਹਨ। ਇਹੋ ਜਿਹਾ ਮਨੁੱਖ ਜਦੋਂ ਤਨ ਜਾਂ ਧਨ ਨਾਲ ਸੇਵਾ ਕਰਦਾ ਹੈ ਤਾਂ ਉਸਦੀ ਸੇਵਾ ਭਾਵੇਂ ਸੁਧ ਹੋਣ ਦਾ ਕਿਤਨਾ ਵੀ ਭੁਲੇਖਾ ਪਾ ਲਵੇ ਅਸਲ ਵਿਚ ਇਹ ਸੁਧ ਨਹੀਂ ਹੁੰਦੀ। ਮਨ ਨਾਲ ਤਾਂ ਇਹੋ ਜਿਹਾ ਵਿਅਕਤੀ ਕਦੀ ਸੇਵਾ ਕਰ ਹੀ ਨਹੀਂ ਸਕਦਾ। ਇਸ ਲਈ ਮਨ ਦੀ ਸੇਵਾ ਲਈ ਪਹਿਲੀ ਸ਼ਰਤ ਇਹ ਹੈ ਕਿ ਮਨੁੱਖ ਦਾ ਮਨ ਮਾਇਆ-ਮੁਕਤ ਸਰੂਪ ਵਾਲਾ ਹੋਵੇ।

ਜਿਸ ਮਨ ਨੂੰ ਉਪਰ ਡਾ. ਰਤਨ ਸਿੰਘ ਜੱਗੀ ਨੇ ਮਾਇਆ-ਮੁਕਤ ਕਿਹਾ ਹੈ, ਉਸ ਮਨ ਨਾਲ ਕੀਤੀ ਗਈ ਸੇਵਾ ਹੀ ਗੁਰਮਤਿ ਵਿਚ ਪਰਵਾਨ ਹੁੰਦੀ ਹੈ। ਇਸੇ ਲਈ ਮਨ ਦੀ ਸੇਵਾ ਲਈ ਇਕਾਗਰਤਾ, ਸੰਤੋਖ, ਹਉਮੈਂ ਦੇ ਵਿਨਾਸ਼, ਸ਼ਰਧਾ ਅਤੇ ਹੁਕਮ ਦੇ ਅਨੁਸਰਨ ਦੀ ਭਾਵਨਾ ਦਾ ਸੇਵਕ ਵਿਚ ਹੋਣਾ ਲਾਜ਼ਮੀ ਹੈ।

---

1. ਰਤਨ ਸਿੰਘ ਜੱਗੀ, <u>ਗੁਰੂ ਨਾਨਕ ਦੀ ਵਿਚਾਰਧਾਰਾ</u>, ਪੰਨਾ 230

ਇਕਾਗਰਤਾ:

ਭਾਈ ਕਾਨ੍ਹ ਸਿੰਘ ਜੀ ਇਕਾਗਰਤਾ ਦੇ ਅਰਥ ਕਰਦੇ ਲਿਖਦੇ ਹਨ:

1. ਠਹਿਰਾਉ
2. ਚੰਚਲਤਾ ਦਾ ਅਭਾਵ
3. ਚਿੱਤ ਦੀ ਇਸਥਿਤੀ[1]

ਭਾਈ ਸਾਹਿਬ ਦੁਆਰਾ ਦਿਤੇ ਅਰਥਾਂ ਦਾ ਸਾਰੰਸ਼ ਇਹ ਹੈ ਕਿ ਖਿੰਡੀਆਂ ਹੋਈਆਂ ਬਿਰਤੀਆਂ ਦੇ ਇਕ ਕੇਂਦਰੀ-ਬਿੰਦੂ ਉਤੇ ਟਿਕ ਜਾਣ ਅਥਵਾ ਇਕ ਲੈਅ ਵਿਚ ਬੱਝ ਜਾਣ ਨੂੰ ਮਨ ਦੀ ਇਕਾਗਰਤਾ ਕਿਹਾ ਜਾਂਦਾ ਹੈ। ਗੁਰਮਤਿ ਅਨੁਸਾਰ ਸ਼ੁੱਧ ਅਤੇ ਸੰਪੂਰਨ ਸੇਵਾ ਉਸ ਸੇਵਕ ਦੀ ਹੀ ਮੰਨੀ ਜਾਂਦੀ ਹੈ, ਜਿਸਨੇ ਮਾਨਸਿਕ ਇਕਾਗਰਤਾ ਵਾਲੀ ਸਥਿਤੀ ਆਪਣੇ ਅੰਤਹਕਰਣ ਵਿਚ ਗ੍ਰਹਿਣ ਕਰ ਲਈ ਹੋਵੇ। ਮਾਨਸਿਕ ਇਕਾਗਰਤਾ ਦੀ ਅਣਹੋਂਦ ਨਾਲ ਕੀਤੇ ਗਏ ਕੰਮ ਨੂੰ ਵਧੇਰੇ ਸਪਸ਼ਟਤਾ ਨਾਲ ਸਮਝਣ ਲਈ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਇਕ ਸਾਖੀ ਵਿਚਾਰ-ਅਧੀਨ ਲਿਆਂਦੀ ਜਾ ਸਕਦੀ ਹੈ। ਇਕ ਵਾਰ ਗੁਰੂ ਸਾਹਿਬ ਮੁਸਲਮਾਨਾਂ ਨਾਲ ਮਸੀਤ ਵਿਚ ਨਮਾਜ਼ ਅਦਾ ਕਰ ਰਹੇ ਸਨ ਤਾਂ ਉਨ੍ਹਾਂ ਨੇ ਅਨੁਭਵ ਕੀਤਾ ਕਿ ਇਕ ਨਮਾਜ਼ੀ ਇਕਾਗਰ ਚਿੱਤ ਹੋ ਕੇ ਨਮਾਜ਼ ਅਦਾ ਨਹੀਂ ਕਰ ਰਿਹਾ ਸੀ। ਵਿਅੰਗ ਨਾਲ ਆਪ ਮੁਸਕਰਾ ਪਏ। ਨਮਾਜ਼ ਦੀ ਅਦਾਇਗੀ ਤੋਂ ਬਾਅਦ ਜਦੋਂ ਆਪ ਜੀ ਤੋਂ ਇਸ ਵਿਅੰਗਾਤਮਕ ਮੁਸਕਰਾਹਟ ਦਾ ਕਾਰਣ ਪੁਛਿਆ ਗਿਆ ਤਾਂ, ਸਾਖੀਕਾਰ ਅਨੁਸਾਰ, ਗੁਰੂ ਸਾਹਿਬ ਨੇ ਇਸ ਪ੍ਰਕਾਰ ਉਤਰ ਦਿੱਤਾ:

> "ਖਾਨ ਜੀ! ਜਬ ਏਹੁ ਨਿਵਾਜ ਉਪਰਿ ਖੜਾ ਥਾ ਤਬਿ ਇਸ ਕਾ ਮਨ ਠਉੜ ਨਾ ਥਾ। ਘੋੜੀ ਸੂਈ ਥੀ; ਵਛੇਰੀ ਜਮੀ ਥੀ, ਅਰੁ ਵਛੇਰੀ ਛਡਿ ਕਰਿ ਆਇਆ ਥਾ। ਅਰੁ ਵੇੜੇ ਵਿਚਿ ਖੂਹੀ ਥੀ। ਅਰੁ ਇਨਿ ਕਹਿਆ, ਮਤੁ ਵਛੇਰੀ ਖੂਹੀ ਵਿਚ ਪਉਦੀ ਹੋਵੇ। ਇਨਕਾ ਮਨੁ ਉਹਾਂ ਗਇਆ ਆਹਾ, ਇਸਕੀ ਨਿਮਾਜ ਕਬੂਲ ਨਹੀ ਪੜੀ।"[2]

---

1. ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 131
2. ਵੀਰ ਸਿੰਘ (ਭਾਈ), ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੰਨਾ 46-47

ਉਪਰੋਕਤ ਕਿਸਮ ਦੀ ਮਾਨਸਿਕ ਇਕਾਗਰਤਾ ਜਿਸਦਾ ਪਰੱਸਤਿਸ਼ ਜਾਂ ਭਗਤੀ ਦੇ ਵੇਲੇ ਹੋਣਾ ਲਾਜ਼ਮੀ ਹੈ, ਗੁਰਮਤਿ ਅਨੁਸਾਰ ਸੇਵਾ ਕਰਨ ਵੇਲੇ ਵੀ ਸੇਵਕ ਦੇ ਅੰਤਹਕਰਣ ਵਿਚ ਜ਼ਰੂਰ ਹੋਣੀ ਚਾਹੀਦੀ ਹੈ।

ਗੁਰੂ ਸਾਹਿਬ ਨੇ ਮਨ ਨੂੰ ਬੱਚੇ ਵਾਂਗ ਚੰਚਲ ਕਿਹਾ ਹੈ, ਜਿਹੜਾ ਕਦੇ ਟਿਕਕੇ ਨਹੀਂ ਬੈਠਦਾ। ਇਹ ਮਨ ਦਾ ਸੁਭਾਅ ਹੈ ਕਿ ਹਰ ਵੇਲੇ ਕਿਤੇ ਨਾ ਕਿਤੇ ਭਟਕਿਆ ਰਹਿੰਦਾ ਹੈ:

> ਕਾਂਇਆ ਨਗਰਿ ਇਕੁ ਬਾਲਕੁ ਵਸਿਆ
> ਖਿਨੁ ਪਲੁ ਥਿਰੁ ਨ ਰਹਾਈ।
> ਅਨਿਕ ਉਪਾਵ ਜਤਨ ਕਰਿ ਥਾਕੇ
> ਬਾਰੰਬਾਰ ਭਰਮਾਈ।[1]

ਇਸ ਲਈ ਸੇਵਾ ਕਰਨ ਸਮੇਂ ਮਨ ਦੀ ਇਸ ਚੰਚਲਤਾ ਨੂੰ ਕਿਸੇ ਇਕ ਕੇਂਦਰੀ ਬਿੰਦੂ ਉਤੇ ਟਿਕਾਉਣਾ ਚਾਹੀਦਾ ਹੈ ਅਰਥਾਤ ਸੇਵਾ ਕਰਦੇ ਸਮੇਂ ਸੇਵਕ ਦੇ ਮਨ ਦੀਆਂ ਚਿੱਤ ਬਿਰਤੀਆਂ ਦੇ ਇਕਾਗਰ ਹੋਣ ਦੀ ਲੋੜ ਹੈ, ਨਹੀਂ ਤਾਂ ਉਸ ਸੇਵਾ ਵਿਚ ਕਚਿਆਈ ਰਹਿ ਜਾਵੇਗੀ। ਮਨ ਨੂੰ ਆਪਣੇ ਸਤਿਗੁਰੂ ਦੇ ਅਰਪਨ ਕਰਨਾ ਹੀ ਮਨ ਦੀ ਸੱਚੀ ਸੇਵਾ ਹੈ। ਜੇ ਸੇਵਕ ਦਾ ਮਨ ਮ੍ਰਿਗ-ਤ੍ਰਿਸ਼ਨਾ ਪਿਛੇ ਦੌੜ ਰਿਹਾ ਹੈ ਅਤੇ ਤਨ ਨਾਲ ਸੇਵਾ ਕਰ ਰਿਹਾ ਹੈ, ਤਾਂ ਉਹ ਸ਼ੁਧ ਸੇਵਾ ਨਹੀਂ:

> ਮਨੁ ਬੇਚੈ ਸਤਿਗੁਰ ਕੈ ਪਾਸਿ।
> ਤਿਸੁ ਸੇਵਕ ਕੇ ਕਾਰਜ ਰਾਸਿ।[2]

ਗੁਰਮਤਿ ਵਿਚ ਗ੍ਰਿਹਸਤ ਆਸ਼ਰਮ ਨੂੰ ਸਭ ਤੋਂ ਵਧ ਮਾਣ-ਸਤਿਕਾਰ ਪ੍ਰਾਪਤ ਹੈ। ਇਸ ਲਈ ਸੁਭਾਵਿਕ ਹੈ ਕਿ ਗੁਰਮਤਿ ਦੇ ਆਸ਼ੇ ਅਨੁਸਾਰ ਸੇਵਾ ਕਰ ਰਿਹਾ ਵਿਅਕਤੀ ਗ੍ਰਿਹਸਤੀ ਹੀ ਹੋਵੇਗਾ। ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਅਨੇਕ ਪ੍ਰਕਾਰ ਦੀਆਂ ਜ਼ਿੰਮੇਦਾਰੀਆਂ,

---

1. ਆਦਿ ਗ੍ਰੰਥ, ਮ. 4, ਪੰਨਾ 1191

2. ਉਹੀ, ਮ. 5, ਪੰਨਾ 286

ਚਿੰਤਾਵਾਂ, ਜਿੱਤਾਂ, ਹਾਰਾਂ, ਖੁਸ਼ੀਆਂ, ਗ਼ਮੀਆਂ ਆਦਿ ਦੇ ਕਾਰਨ ਸੇਵਕ ਦੇ ਮਨ ਦੀਆਂ ਬਿਰਤੀਆਂ ਖਿੰਡ ਸਕਦੀਆਂ ਹਨ, ਜਿਨ੍ਹਾਂ ਦਾ ਸੇਵਾਕਾਲ ਦੇ ਦੌਰਾਨ ਇਕਾਗਰ ਹੋਣਾ ਜ਼ਰੂਰੀ ਹੈ। ਇਸੇ ਲਈ ਗੁਰਬਾਣੀ ਅਨੁਸਾਰ ਸੇਵਕ ਦੁਆਰਾ ਆਪਣੇ ਸਤਿਗੁਰੂ ਦੀ ਸਫਲ ਸੇਵਾ ਉਹੀ ਮੰਨੀ ਗਈ ਹੈ ਜਿਹੜੀ ਮਨ ਦੀ ਪੂਰੀ ਇਕਾਗਰਤਾ ਨਾਲ ਅਰਥਾਤ ਚਿੱਤ ਲਾ ਕੇ ਕੀਤੀ ਗਈ ਹੋਵੇ:

ਸਤਿਗੁਰ ਕੀ ਸੇਵਾ ਸਫਲੁ ਹੈ
ਜੇ ਕੋ ਕਰੇ ਚਿਤੁ ਲਾਇ।[1]

ਗੁਰਬਾਣੀ ਵਿਚ ਉਨ੍ਹਾਂ ਗੁਰਮੁਖਾਂ ਦੀ ਸ਼ਲਾਘਾ ਕੀਤੀ ਗਈ ਹੈ, ਜਿਨ੍ਹਾਂ ਨੇ ਇਕ ਮਨ ਨਾਲ ਭਾਵ ਮਨ ਦੀ ਪੂਰੀ ਇਕਾਗਰਤਾ ਨਾਲ ਆਪਣੇ ਸਤਿਗੁਰੂ ਦੀ ਸੇਵਾ ਕੀਤੀ ਹੈ। ਗੁਰੂ ਅਮਰ ਦਾਸ ਜੀ ਤਾਂ ਇਥੋਂ ਤਕ ਕਹਿੰਦੇ ਹਨ ਕਿ ਇਕ ਮਨ, ਇਕ ਚਿੱਤ ਹੋ ਕੇ ਸਤਿਗੁਰੂ ਦੀ ਸੇਵਾ ਵਿਚ ਜੁਟੇ ਹੋਏ ਸੇਵਕ ਦੀ ਪਦਵੀ ਇੰਨੀ ਉਚੀ ਹੈ ਕਿ ਉਨ੍ਹਾਂ ਦਾ ਆਪਣਾ ਮਨ ਭਾਵੁਕ ਹੋ ਕੇ ਅਜਿਹੇ ਸੇਵਕ ਦੇ ਚਰਨ ਛੂਹਣ ਨੂੰ ਕਰਦਾ ਹੈ:

ਜਿਨ੍ਹਾ ਸਤਿਗੁਰੁ ਇਕ ਮਨਿ ਸੇਵਿਆ
ਤਿਨ ਜਨ ਲਾਗਉ ਪਾਇ।[2]

ਜਿਹੜਾ ਵਿਅਕਤੀ ਦੂਜੇ ਸੇਵਕਾਂ ਦੀਆਂ ਬਾਹਰਲੀਆਂ ਕਿਰਿਆਵਾਂ ਦੀ ਕੇਵਲ ਨਕਲ ਮਾਤਰ ਕਰ ਰਿਹਾ ਹੁੰਦਾ ਹੈ ਅਤੇ ਸੇਵਾ ਕਰਨ ਵੇਲੇ ਜਿਸ ਪ੍ਰਕਾਰ ਦੀ ਮਾਨਸਿਕ ਸਥਿਤੀ ਦੀ ਲੋੜ ਹੁੰਦੀ ਹੈ, ਉਸ ਤੋਂ ਅਣਜਾਣ ਹੁੰਦਾ ਹੈ ਉਹ, ਗੁਰੂ ਸਾਹਿਬ ਅਨੁਸਾਰ, ਮਨਮੁਖਤਾ ਦੇ ਘੇਰੇ ਵਿਚੋਂ ਬਾਹਰ ਨਹੀਂ ਨਿਕਲਿਆ ਹੁੰਦਾ ਅਤੇ ਸੇਵਾ ਦੀ ਸਾਰਥਕਤਾ ਅਤੇ ਮਹਾਨਤਾ ਬਾਰੇ ਉਸਨੂੰ ਪੂਰੀ ਸੋਝੀ ਨਹੀਂ ਹੁੰਦੀ:

ਦੇਖਾ ਦੇਖੀ ਸਭ ਕਰੇ
ਮਨਮੁਖਿ ਬੂਝ ਨ ਪਾਇ।
ਜਿਨ ਗੁਰਮੁਖਿ ਹਿਰਦਾ ਸੁਧੁ ਹੈ

---

1. ਆਦਿ ਗ੍ਰੰਥ, ਮ. 3, ਪੰਨਾ 644
2. ਉਹੀ, ਮ. 3, ਪੰਨਾ 1413

ਸੇਵ ਪਈ ਤਿਨ ਥਾਇ।[1]

ਮਨਮੁਖਤਾ ਦੇ ਘੇਰੇ ਵਿਚ ਫਸੇ ਹੋਏ ਉਪਰੋਕਤ ਕਿਸਮ ਦੇ ਨਕਲਚੀ ਸੇਵਕ ਦਾ ਹਿਰਦਾ ਜਦੋਂ ਸੁਧ ਹੋ ਜਾਂਦਾ ਹੈ ਅਰਥਾਤ ਜਦੋਂ ਉਹ ਮਾਨਸਿਕ ਇਕਾਗਰਤਾ ਦੀ ਪ੍ਰਾਪਤੀ ਕਰਕੇ ਗੁਰਮੁਖ ਦੇ ਰੂਪ ਵਿਚ ਸੇਵਾ ਕਰਦਾ ਹੈ ਤਾਂ ਉਸਦੀ ਸੇਵਾ "ਥਾਇ" ਪੈਂਦੀ ਹੈ ਅਰਥਾਤ ਗੁਰੂ ਚਰਨਾਂ ਵਿਚ ਪਰਵਾਨ ਹੁੰਦੀ ਹੈ।

ਗੁਰਬਾਣੀ ਵਿਚ ਸੇਵਾ ਦੇ ਨਾਲ ਜਿਥੇ ਸ਼ਬਦ 'ਤਨ' ਜਾਂ 'ਧਨ' ਆਇਆ ਹੈ, ਉਥੇ ਬਹੁਤ ਵਾਰੀ 'ਮਨ' ਵੀ ਆਇਆ ਹੈ। ਇਸ ਦਾ ਭਾਵ ਇਹੋ ਹੈ ਕਿ 'ਤਨ' ਅਤੇ 'ਧਨ' ਦੀ ਸੇਵਾ ਕਰਨ ਲਗਿਆਂ ਸੇਵਕ ਦੀ ਮਾਨਸਿਕ ਸਥਿਤੀ ਇਹੋ ਜਿਹੀ ਹੋਣੀ ਚਾਹੀਦੀ ਹੈ ਕਿ ਉਸਦਾ ਮਨ ਹਾਜਰ ਰਹੇ ਭਾਵ ਉਹ ਪੂਰੀ ਲਗਨ ਨਾਲ ਸੇਵਾ ਕਰ ਰਿਹਾ ਹੋਵੇ। ਜਿਹੜੇ ਸੇਵਕ ਮਨ ਤੋਂ ਹੋਰ ਅਤੇ ਮੁਖ ਤੋਂ ਹੋਰ ਹੋਣ, ਉਹ ਸੇਵਾ ਦੀ ਦ੍ਰਿਸ਼ਟੀ ਤੋਂ ਕੱਚੇ ਹੁੰਦੇ ਹਨ:

ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ
ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।[2]

ਇਸ ਪ੍ਰਕਾਰ "ਕਰੇ ਚਿਤੁ ਲਾਇ", "ਇਕ ਮਨਿ ਸੇਵਿਆ", "ਹਿਰਦਾ ਸੁਧ ਹੈ" ਆਦਿ ਉਕਤੀਆਂ ਇਕੋ ਸੰਕਲਪ ਵਲ ਸੰਕੇਤ ਕਰਦੀਆਂ ਹਨ ਜਿਸਨੂੰ ਅਸੀਂ ਮਾਨਸਿਕ ਇਕਾਗਰਤਾ ਕਿਹਾ ਹੈ। ਸੇਵਕ ਭਾਵੇਂ ਆਪਣੇ ਸਤਿਗੁਰੂ ਦੀ ਸੇਵਾ ਕਰ ਰਿਹਾ ਹੋਵੇ, ਭਾਵੇਂ ਸੰਗਤ ਦੀ, ਭਾਵੇਂ ਕਿਸੇ ਅਤਿਥੀ ਜਾਂ ਲੋੜਵੰਦ ਦੀ, ਗੁਰੂ ਘਰ ਵਿਚ ਪਰਵਾਨ ਹੋਣ ਲਈ ਹਰ ਹਾਲਤ ਵਿਚ, ਸੇਵਾ ਕਰਨ ਵੇਲੇ ਉਸਦੇ ਮਨ ਦਾ ਇਕਾਗਰ ਹੋਣਾ ਜ਼ਰੂਰੀ ਹੈ।

---

1. ਆਦਿ ਗ੍ਰੰਥ, ਮ. 3, ਪੰਨਾ 28
2. ਉਹੀ, ਬਾਣੀ ਫਰੀਦ ਜੀ, ਪੰਨਾ 488

ਸੰਤੋਖ:

ਮਨ ਦੀ ਇਕਾਗਰਤਾ ਜਿਨ੍ਹਾਂ ਗੁਣਾਂ ਨਾਲ ਪ੍ਰਾਪਤ ਹੁੰਦੀ ਹੈ, ਉਨ੍ਹਾਂ ਵਿਚੋਂ ਪ੍ਰਮੁਖ ਸਥਾਨ ਸੰਤੋਖ ਦਾ ਹੈ। ਡਾ. ਤ੍ਰਿਲੋਚਨ ਸਿੰਘ ਸੰਤੋਖ ਬਾਰੇ ਆਪਣੀ ਧਾਰਨਾ ਪ੍ਰਗਟ ਕਰਦੇ ਹੋਏ ਲਿਖਦੇ ਹਨ:

> "ਸੰਤੋਖ ਉਹ ਰੁਚੀ ਹੈ, ਜਿਸ ਰਾਹੀਂ ਮਨੁੱਖ ਸੰਤੁਸ਼ਟ ਤੇ ਤ੍ਰਿਪਤ ਰਹੇ ਅਤੇ ਅਪ੍ਰਾਪਤ ਵਸਤੂਆਂ ਲਈ ਤ੍ਰਿਸ਼ਨਾ ਜਾਂ ਕਾਮਨਾ ਨਾ ਰਖੇ। ਇਉਂ ਤ੍ਰਿਸ਼ਨਾ ਉਤੇ ਕਾਬੂ ਪਾਉਣ ਦੀ ਅਵਸਥਾ ਨੂੰ ਹੀ ਸੰਤੋਖ ਕਹਿੰਦੇ ਹਨ।[1]

ਮਨੁੱਖ ਨੂੰ ਜੋ ਕੁਝ ਪ੍ਰਾਪਤ ਹੈ ਉਸ ਤੋਂ ਵੱਧ ਦੀ ਲਾਲਸਾ ਨਾ ਕਰਨੀ ਅਤੇ ਉਸੇ ਵਿਚ ਹੀ ਸੰਤੁਸ਼ਟ ਰਹਿਣਾ ਸੰਤੋਖ ਹੈ। ਇਸ ਲਈ ਸੇਵਕ ਦੇ ਮਨ ਵਿਚ ਜਿਨ੍ਹਾਂ ਗੁਣਾਂ ਦਾ ਹੋਣਾ ਲਾਜ਼ਮੀ ਹੈ ਉਨ੍ਹਾਂ ਵਿਚੋਂ ਸਭ ਤੋਂ ਉਚੇਰਾ ਸਥਾਨ ਸਬਰ ਤੇ ਸੰਤੋਖ ਦਾ ਹੈ। ਇਸ ਸੰਦਰਭ ਵਿਚ ਸੇਵਕ ਲਈ ਲਾਜ਼ਮੀ ਹੈ ਕਿ ਉਸਨੂੰ ਸਦਾਚਾਰਕ ਜੀਵਨ ਬਤੀਤ ਕਰਦਿਆਂ, ਗੁਰਮਤਿ ਦੇ ਆਸ਼ੇ ਅਨੁਸਾਰ ਰਹਿੰਦਿਆਂ, ਆਪਣੇ ਪਦਾਰਥਕ ਅਤੇ ਸਮਾਜਿਕ ਜੀਵਨ ਦੇ ਖੇਤਰ ਵਿਚ ਜੋ ਪ੍ਰਾਪਤ ਹੋ ਸਕਦਾ ਹੈ, ਉਸ ਨਾਲ ਆਪਣੇ ਆਪ ਨੂੰ ਸੰਤੁਸ਼ਟ ਪ੍ਰਤੀਤ ਕਰੇ। ਜਿਸ ਵਿਅਕਤੀ ਦੀ ਮਾਨਸਿਕਤਾ ਵਿਚ ਸੰਤੋਖ ਨਹੀਂ ਹੈ, ਉਹ ਸੇਵਾ ਦੇ ਕਾਰਜ ਵਿਚ ਅਡਿਗ ਅਤੇ ਅਡੋਲ ਨਹੀਂ ਰਹਿ ਸਕਦਾ। ਗੁਰਮਤਿ ਅਨੁਸਾਰ ਸੰਤੋਖੀ ਸੇਵਕ ਕੇਵਲ ਉਹ ਵਿਅਕਤੀ ਹੀ ਹੋ ਸਕਦਾ ਹੈ, ਜਿਹੜਾ ਸੱਚੇ ਹਿਰਦੇ ਨਾਲ ਸੱਚ ਸਰੂਪ ਪਾਰਬ੍ਰਹਮ ਨੂੰ ਧਿਆਉਂਦਾ ਹੈ। ਇਹੋ ਜਿਹਾ ਵਿਅਕਤੀ ਗੁਰਮਤਿ ਅਨੁਸਾਰ ਕਦੀ ਵੀ ਕਿਸੇ ਭੈੜੇ ਕੰਮ ਵਲ ਰੁਚਿਤ ਨਹੀਂ ਹੁੰਦਾ। ਇਸ ਲਈ ਇਹੋ ਜਿਹੇ ਸੇਵਕ ਦੀ ਕਿਰਤ ਹਮੇਸ਼ਾ 'ਸੁਕ੍ਰਿਤ' ਹੁੰਦੀ ਹੈ ਕਿਉਂਕਿ ਉਹ ਆਪਣੀ ਹਰੇਕ ਕਿਰਿਆ ਨਾਲ ਧਰਮ 'ਕਮਾ' ਰਿਹਾ ਹੁੰਦਾ ਹੈ:

> ਸੇਵ ਕੀਤੀ ਸੰਤੋਖੀਈ
> ਜਿਨ੍ਹੀ ਸਚੋ ਸਚੁ ਧਿਆਇਆ।
> ਓਨ੍ਹੀ ਮੰਦੈ ਪੈਰੁ ਨ ਰਖਿਓ
> ਕਰਿ ਸੁਕ੍ਰਿਤੁ ਧਰਮੁ ਕਮਾਇਆ।[2]

---

1. ਤ੍ਰਿਲੋਚਨ ਸਿੰਘ (ਡਾ.), "ਗੁਰੂ ਨਾਨਕ ਦਾ ਸਿੱਖ ਧਰਮ", <u>ਗੁਰੂ ਨਾਨਕ: ਜੀਵਨ, ਯੁਗ ਅਤੇ ਉਪਦੇਸ਼</u>, ਮੁਖ ਸੰਪਾ. ਗੁਰਮੁਖ ਨਿਹਾਲ ਸਿੰਘ, ਪੰਨਾ 109

2. <u>ਆਦਿ ਗ੍ਰੰਥ</u>, ਮ. 1, ਪੰਨਾ 466-67

ਸੰਤੋਖੀ ਮਨੁਖ ਗੁਰਮਤਿ ਅਨੁਸਾਰ ਆਪਣੀਆਂ ਲੋੜਾਂ ਨੂੰ ਅਸੀਮਤ ਨਹੀਂ ਹੋਣ ਦਿੰਦਾ। ਉਸ ਦੇ ਮਨ ਵਿਚ ਇਹ ਗੁਣ ਪੈਦਾ ਹੋ ਜਾਂਦਾ ਹੈ ਕਿ ਕਿਸੇ ਹੋਰ ਦੀ ਵਡੇਰੀ ਪਦਾਰਥਕ ਪ੍ਰਾਪਤੀ ਨੂੰ ਦੇਖ ਕੇ ਉਸਦੇ ਮਨ ਵਿਚ ਉਲਾਰ ਨਹੀਂ ਉਪਜਦਾ। ਉਦਾਹਰਣਾਰਥ ਆਪਣੇ ਸਰੀਰ ਨੂੰ ਸਜੀਵ ਰਖਣ ਲਈ ਜੇ ਪ੍ਰਭੂ ਦੇ ਹੁਕਮ ਅਨੁਸਾਰ ਉਸਨੂੰ ਰੁੱਖਾ ਸੁੱਖਾ ਭੋਜਨ ਪ੍ਰਾਪਤ ਹੋ ਰਿਹਾ ਹੋਵੇ ਅਤੇ ਉਸਦੇ ਗੁਆਂਢ ਵਿਚ ਕਿਸੇ ਹੋਰ ਨੂੰ ਬਹੁਤ ਹੀ ਸੁਆਦੀ ਭੋਜਨ ਗ੍ਰਹਿਣ ਕਰਦਿਆਂ ਉਹ ਦੇਖ ਰਿਹਾ ਹੋਵੇ ਤਾਂ ਵੀ ਉਸਦੇ ਮਨ ਵਿਚ ਈਰਖਾ ਨਹੀਂ ਉਪਜਦੀ, ਸਗੋਂ ਜੋ ਕੁਝ ਉਸਨੂੰ ਪ੍ਰਾਪਤ ਹੈ ਉਸੇ ਵਿਚੋਂ ਹੀ ਉਹ ਤ੍ਰਿਪਤੀ ਅਤੇ ਸੰਤੁਸ਼ਟਤਾ ਪ੍ਰਤੀਤ ਕਰਦਾ ਹੈ। ਸੰਤੋਖ ਦੀ ਇਹ ਉਚੇਰੀ ਅਵਸਥਾ ਬਾਬਾ ਫਰੀਦ ਜੀ ਦੇ ਹੇਠ-ਲਿਖੇ ਸ੍ਲੋਕ ਵਿਚ ਵਿਅਕਤ ਹੋਈ ਹੈ:

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ।
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।[1]

ਗੁਰਮਤਿ ਅਨੁਸਾਰ ਉਪਰੋਕਤ ਕਿਸਮ ਦਾ ਸੰਤੋਖ ਸੇਵਕ ਦੇ ਮਨ ਵਿਚ ਹੋਣਾ ਲਾਜ਼ਮੀ ਹੈ। ਇਥੇ ਮਹੱਤਵਪੂਰਨ ਸੰਕੇਤ ਇਹ ਹੈ ਕਿ ਜੇ ਸੇਵਕ ਦੇ ਮਨ ਵਿਚ ਸੰਤੋਖ ਦੀ ਥਾਂ ਲੋਭ ਹੋਵੇਗਾ ਤਾਂ ਇਸ ਲੋਭ ਨੂੰ ਤ੍ਰਿਪਤ ਕਰਨ ਲਈ ਉਹ ਦੂਸਰਿਆਂ ਦਾ ਹੱਕ ਮਾਰਨ ਤਕ ਵੀ ਜਾ ਸਕਦਾ ਹੈ, ਪਰੰਤੂ ਲੋਭ-ਵਸ ਹੋ ਕੇ ਨਾਜਾਇਜ਼ ਢੰਗ ਨਾਲ ਕੀਤੀ ਗਈ ਪ੍ਰਾਪਤੀ ਅੰਤ ਬੁਰਿਆਂ ਮਨੋਰਥਾਂ ਵਿਚ ਹੀ ਖਪਤ ਹੋ ਜਾਂਦੀ ਹੈ।

ਇਸੇ ਲਈ ਗੁਰੂ ਸਾਹਿਬ ਦਾ ਕਥਨ ਹੈ ਕਿ ਸੰਤੋਖ ਨੂੰ ਪੱਕੀ ਤਰ੍ਹਾਂ ਅਤੇ ਸਹਿਜ ਰੂਪ ਵਿਚ ਗ੍ਰਹਿਣ ਕੀਤੇ ਬਿਨਾਂ, ਪਦਾਰਥਾਂ ਦੀ ਬਹੁਤਾਤ ਦੇ ਬਾਵਜੂਦ ਮਨੁੱਖ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਸਨੂੰ ਤ੍ਰਿਪਤੀ ਹੋ ਗਈ ਹੈ। ਇਸ ਲਈ ਜਿਹੜਾ ਮਨੁੱਖ ਆਪਣੇ ਆਪ ਨੂੰ ਕਦੀ "ਤ੍ਰਿਪਤ" ਅਥਵਾ "ਰਜਿਆ" ਹੋਇਆ ਮਹਿਸੂਸ ਨਹੀਂ ਕਰਦਾ ਉਹ ਕਿਸੇ ਹੋਰ ਦਾ ਕੁਝ ਨਹੀਂ ਸੰਵਾਰ ਸਕਦਾ। "ਰਜੇ ਹੋਏ" ਅਰਥਾਤ ਸੰਤੋਖੀ ਹੋਣ ਦੇ ਅਹਿਸਾਸ ਤੋਂ ਬਿਨਾਂ ਸੇਵਾ ਦੇ ਰੂਪ ਵਿਚ ਕੀਤੇ ਸਭ ਕਾਰਜ ਗੁਰਮਤਿ ਅਨੁਸਾਰ ਵਿਅਰਥ ਹਨ:

---

1. ਆਦਿ ਗ੍ਰੰਥ, ਸ੍ਲੋਕ ਫਰੀਦ ਜੀ, ਪੰਨਾ 1379

ਬਿਨਾ ਸੰਤੋਖ ਨਹੀਂ ਕੋਊ ਰਾਜੈ।
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ।[1]

ਸੇਵਕ ਨੇ ਤਾਂ ਦੇਣਾ ਹੀ ਦੇਣਾ ਹੈ, ਲੈਣਾ ਕੁਝ ਵੀ ਨਹੀਂ। ਪਰੰਤੂ ਜੇ ਸੇਵਕ ਦੇ ਮਨ ਵਿਚ ਸੰਤੋਖ ਨਹੀਂ ਤਾਂ ਉਹ ਲੋਭੀ ਹੋ ਜਾਵੇਗਾ। ਆਪਣੇ ਕੋਲ ਜੋ ਕੁਝ ਹੈ ਉਸ ਤੋਂ ਵੱਧ ਪ੍ਰਾਪਤ ਕਰਨ ਦੀ ਉਹ ਕੋਸ਼ਿਸ਼ ਕਰੇਗਾ, ਦੂਸਰਿਆਂ ਦਾ ਖੂਨ ਚੂਸਣ ਤੋਂ ਉਹ ਗੁਰੇਜ਼ ਨਹੀਂ ਕਰੇਗਾ। ਅਜਿਹੀ ਮਾਨਸਿਕ ਸਥਿਤੀ ਵਿਚ ਕੀਤੀ ਗਈ ਸੇਵਾ ਗੁਰਮਤਿ ਅਨੁਸਾਰ ਪਰਵਾਨ ਨਹੀਂ ਕੀਤੀ।ਜਾਂਦੀ।

ਇਸ ਪ੍ਰਕਾਰ ਸੰਤੋਖ ਇਕ ਅਜਿਹਾ ਗੁਣ ਹੈ ਜਿਸਨੂੰ ਗ੍ਰਹਿਣ ਕੀਤੇ ਬਿਨਾ ਕੋਈ ਵਿਅਕਤੀ ਆਪਣੀ ਮਾਨਸਿਕ ਸਥਿਤੀ ਨੂੰ ਸੰਤੁਲਿਤ ਰਖਕੇ ਸੁਧ, ਸੰਪੂਰਣ ਅਤੇ ਬੇਲਾਗ ਸੇਵਾ ਵਲ ਰੁਚਿਤ ਨਹੀਂ ਹੋ ਸਕਦਾ।

ਹਉਮੈ ਦਾ ਵਿਨਾਸ਼:

ਸਭ ਪ੍ਰਕਾਰ ਦੀਆਂ ਕਮਜ਼ੋਰੀਆਂ ਤੋਂ ਮੁਕਤ ਹੋਣ ਦੇ ਬਾਵਜੂਦ ਜੇ ਸੇਵਕ ਹਉਮੈ ਦਾ ਸ਼ਿਕਾਰ ਹੋ ਜਾਏ ਤਾਂ ਉਸਦੀ ਸਮੁੱਚੀ ਸੇਵਾ ਨਿਰਾਰਥਕ ਹੋ ਜਾਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਸੇਵਾ ਦੇ ਕਾਰਜ ਵਿਚ ਜੁਟਿਆ ਹੋਇਆ ਵਿਅਕਤੀ ਸਰਵ-ਵਿਆਪਕ ਹੁਕਮ ਦਾ ਅਨੁਸਾਰੀ ਹੋਵੇ, ਪ੍ਰਭੂ ਦੇ ਭਾਣੇ ਨੂੰ ਮਿੱਠਾ ਮੰਨਣ ਵਾਲਾ ਹੋਵੇ ਅਤੇ ਹਉਮੈ ਦੀ ਪਕੜ ਤੋਂ ਪੂਰੀ ਤਰ੍ਹਾਂ ਆਜ਼ਾਦ ਹੋਵੇ। ਮਹਾਰਾਜ ਚਰਨ ਸਿੰਘ ਜੀ ਲਿਖਦੇ ਹਨ:

> "ਸੇਵਾ ਅਸੀਂ ਹੰਕਾਰ ਦਾ ਨਾਸ਼ ਕਰਨ ਲਈ ਕਰਦੇ ਹਾਂ, ਇਸ ਵਿਚ ਵਾਧਾ ਕਰਨ ਲਈ ਨਹੀਂ। ਜੇ ਇਸ ਵਿਚ ਹਕੂਮਤ ਕਰਨ ਦਾ ਭਾਵ ਹੋਵੇ ਅਤੇ ਇਹ ਸੋਚਣ ਲਗ ਪਈਏ ਕਿ ਅਸੀਂ ਸੇਵਾ ਕਰਨ ਲਗਿਆਂ ਦੂਸਰਿਆਂ ਦੇ ਅਫ਼ਸਰ ਬਣ ਗਏ ਹਾਂ ਤਾਂ ਇਸ

---

1. ਆਦਿ ਗ੍ਰੰਥ, ਮ. 5, ਪੰਨਾ 279

ਨਾਲ ਹੰਕਾਰ ਵਿਚ ਵਾਧਾ ਹੁੰਦਾ ਹੈ ਅਤੇ ਇਸ ਦਾ ਉਲਟ ਅਸਰ ਹੁੰਦਾ ਹੈ। ਇਹ ਕੋਈ ਸੇਵਾ ਨਹੀਂ।"[1]

ਹਉਮੈਂ ਦੇ ਸਮਾਨਾਰਥਕ ਸ਼ਬਦ ਹਨ ਅਹੰਕਾਰ, ਅਭਿਮਾਨ ਅਤੇ ਗੁਮਾਨ। ਛੋਟੇ ਅਤੇ ਵੱਡੇ, ਸਭ ਮਨੁੱਖਾਂ ਵਿਚ ਹੰਕਾਰ ਦੀ ਬਿਰਤੀ ਪਾਈ ਜਾਂਦੀ ਹੈ। ਹੰਕਾਰ ਕਈ ਕਿਸਮ ਦਾ ਹੁੰਦਾ ਹੈ, ਜਿਵੇਂ ਵਿਦਿਆ ਦਾ, ਜਾਤ ਦਾ, ਸੁੰਦਰਤਾ ਦਾ, ਦੌਲਤ ਦਾ, ਜਵਾਨੀ ਆਦਿ ਦਾ ਹੰਕਾਰ। ਹੰਕਾਰ ਮਨੁਖ ਦਾ ਅਜਿਹਾ ਬਲਵਾਨ ਦੁਸ਼ਮਣ ਹੈ ਜਿਹੜਾ ਮਨੁੱਖ ਨੂੰ ਟੀਸੀ ਤੇ ਚੜ੍ਹਾਕੇ ਪਟਕਾ ਮਾਰਦਾ ਹੈ। ਹੰਕਾਰੀ ਮਨੁੱਖ ਨੂੰ ਹੋਛਾ ਵੀ ਕਿਹਾ ਜਾਂਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਲੋਭੀ ਸਦਾ ਧਨ ਹੀ ਵੇਖਦਾ ਹੈ, ਪ੍ਰੇਮੀ ਰਸੀਲਾ ਦਿਲ ਵੇਖਦਾ ਹੈ, ਬਦਲੇ ਦੀ ਭਾਵਨਾ ਵਾਲਾ ਸਦਾ ਦੁਸ਼ਮਣ ਵੇਖਦਾ ਹੈ, ਪਰ ਅਭਿਮਾਨੀ ਅਤੇ ਹੰਕਾਰੀ ਕੁਝ ਵੀ ਨਹੀਂ ਵੇਖਦਾ। ਹੰਕਾਰ ਸਾਨੂੰ ਅਕਾਲਪੁਰਖ ਦਾ ਸੇਵਕ ਬਣਨ ਦੀ ਥਾਂ ਉਸਦਾ ਸ਼ਰੀਕ ਬਣਾ ਦਿੰਦਾ ਹੈ।

ਹੰਕਾਰ ਤੋਂ ਬਾਅਦ ਹਉਮੈਂ ਵਾਲੇ ਮਨਮੁਖ ਦਾ ਦੂਜਾ ਵੱਡਾ ਕੁਲੱਛਣ ਕ੍ਰੋਧ ਹੈ। ਇਸ ਲਈ ਹਉਮੈਂ ਤੋਂ ਮੁਕਤ ਹੋਣ ਦਾ ਅਰਥ ਇਨ੍ਹਾਂ ਦੋਹਾਂ ਬੀਮਾਰੀਆਂ ਤੋਂ ਮੁਕਤ ਹੋਣਾ ਹੈ। ਇਸੇ ਸੰਦਰਭ ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਮਿਖਾਈਲ ਨਈਮੀ ਲਿਖਦੇ ਹਨ:

> "ਰੱਬ ਨਹੀਂ ਚਾਹੁੰਦਾ ਕਿ ਤੁਸੀਂ ਧੂਪ ਜਲਾਉ, ਤੁਹਾਨੂੰ ਜਲਾਉਣਾ ਚਾਹੀਦਾ ਹੈ ਆਪਣਾ ਕ੍ਰੋਧ, ਤੇ ਹੰਕਾਰ, ਤੇ ਬੇਰਹਿਮੀ, ਤਾਂ ਜੋ ਤੁਸੀਂ ਵੀ ਉਹਦੇ ਵਾਂਗ ਸੁਤੰਤਰ ਤੇ ਸਰਬ ਸ਼ਕਤੀਮਾਨ ਬਣ ਜਾਉ। ਉਹ ਚਾਹੁੰਦਾ ਹੈ ਇਸ ਸਭ ਕੁਝ ਦੇ ਸੜਨ ਲਈ ਤੁਹਾਡੇ ਦਿਲ ਧੂਪਦਾਨ ਬਣਨ।"[2]

---

1. Seva we do to eliminate our ego, not to inflate our ego. If the attitude of authority comes into seva, if we think that by doing seva we have become a boss over others, then we are inflating our ego and it is having the reverse effect,. That is not seva.
   Charan Singh (Maharaj), Spiritual Heritage, p. 160

2. ਮਿਖਾਈਲ ਨਈਮੀ, ਮੀਰਦਾਦ ਦੀ ਪੁਸਤਕ, ਪੰਨਾ 184

ਹਉਮੈਂ ਦੇ ਅਧੀਨ ਮਨੁੱਖ ਪਰਮਾਰਥ ਤੋਂ ਅਥਵਾ ਲੋਕਾਈ ਦੀ ਸੇਵਾ ਤੋਂ ਬੇਮੁਖ ਹੁੰਦਾ ਹੈ। ਜਦੋਂ ਹਉਮੈਂ ਮਿਟ ਜਾਂਦੀ ਹੈ ਤਾਂ ਮਨੁੱਖ ਨੂੰ ਸਰਵ-ਵਿਆਪਕ ਇਕ ਪਰਮਾਤਮਾ ਦਾ ਹੀ ਪਸਾਰਾ ਨਜ਼ਰ ਆਉਂਦਾ ਹੈ। ਇਸ ਲਈ ਗੁਰਮਤਿ ਵਿਚ ਬਾਰ ਬਾਰ ਮਨ ਵਿਚੋਂ ਹਉਮੈਂ ਨੂੰ ਤਿਆਗ ਕੇ ਸੇਵਾ ਕਰਨ ਦੀ ਪ੍ਰੇਰਨਾ ਦਿਤੀ ਗਈ ਹੈ। ਮਨ ਜਦੋਂ ਪ੍ਰਭੂ ਤੋਂ ਆਪਣੀ ਕਿਸੇ ਵਖਰੀ ਨਿੱਜੀ ਹੋਂਦ ਨੂੰ ਸਥਾਪਿਤ ਕਰ ਲੈਂਦਾ ਹੈ ਤਾਂ ਉਹ ਨਿੱਜ-ਕੇਂਦਰਤ ਹੋ ਕੇ ਪਰਮਾਤਮਾ ਨਾਲੋਂ ਨਿਖੜ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਮਨ ਵਿਚੋਂ ਹਉਮੈਂ ਨੂੰ ਤਿਆਗ ਕੇ 'ਅਕਾਲ ਮੂਰਤਿ' ਸਤਿਗੁਰੂ ਦੀ ਸੇਵਾ ਕਰਨ ਦਾ ਆਦੇਸ਼ ਕਰਦੇ ਹਨ:

ਮਨ ਰੇ ਹਉਮੈ ਛੋਡਿ ਗੁਮਾਨੁ।
ਹਰਿ ਗੁਰੁ ਸਰਵਰੁ ਸੇਵਿ ਤੂ
ਪਾਵਹਿ ਦਰਗਹ ਮਾਨੁ।[1]

ਗੁਰੂ ਸਾਹਿਬ ਨੇ ਇਸ ਹਉਮੈਂ ਨੂੰ ਤਾਪ ਵੀ ਕਿਹਾ ਹੈ। ਜਿਵੇਂ ਸਰੀਰ ਉਤੇ ਤਾਪ ਹਾਵੀ ਹੋ ਜਾਵੇ ਤਾਂ ਸਰੀਰ ਨੂੰ ਨਕਾਰਾ ਕਰ ਦਿੰਦਾ ਹੈ, ਇਸੇ ਤਰ੍ਹਾਂ ਹਉਮੈਂ ਰੂਪੀ ਤਾਪ ਮਨ ਨੂੰ ਨਕਾਰਾ ਕਰ ਦਿੰਦਾ ਹੈ। ਸਤਿਗੁਰੂ ਦੀ ਅਸਲੀ ਸੇਵਾ ਉਹੀ ਹੈ ਜਿਸਦੇ ਮਨ ਅੰਦਰੋਂ ਹਉਮੈਂ ਰੂਪੀ ਤਾਪ ਖ਼ਤਮ ਹੋ ਜਾਂਦਾ ਹੈ:

ਸਤਿਗੁਰ ਕੀ ਸੇਵਾ ਸੋ ਕਰੇ
ਜਿਸੁ ਬਿਨਸੈ ਹਉਮੈ ਤਾਪੁ।[2]

ਗੁਰਬਾਣੀ ਵਿਚ ਸਤਿਗੁਰੂ ਦੀ ਸੇਵਾ ਦਾ ਵਿਸ਼ੇਸ਼ ਮਹੱਤਵ ਹੈ ਅਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਬਾਰ ਬਾਰ ਇਹ ਹਦਾਇਤ ਕੀਤੀ ਗਈ ਹੈ ਕਿ ਸੇਵਾ ਭਾਵੇਂ ਕਿਸੇ ਵੀ ਸੰਸਾਰਕ ਜਨਸਮੂਹ ਦੀ ਕਰ ਰਹੇ ਹੋਈਏ, ਮਨ ਵਿਚ ਹਮੇਸ਼ਾ ਸਤਿਗੁਰੂ ਦਾ ਹੀ ਧਿਆਨ ਰਖਣਾ ਹੈ। ਸੰਸਾਰ ਦੇ ਹਰੇਕ ਲੋੜਵੰਦ ਅਤੇ ਪੀੜ ਜਾਂ ਰੋਗ ਵਿਚ ਗਰਸੇ ਹੋਏ ਵਿਅਕਤੀ ਵਿਚੋਂ ਸਤਿਗੁਰੂ ਦਾ ਰੂਪ ਵੇਖਕੇ ਪੂਰੇ ਚਿੱਤ ਨਾਲ ਸੇਵਾ ਕਰਨਾ ਸੱਚਮੁਚ ਇਕ ਬਹੁਤ ਹੀ ਕਠਿਨ ਕਾਰਜ ਹੈ। ਇਸੇ ਲਈ ਗੁਰੂ ਅਮਰ ਦਾਸ ਜੀ ਨੇ ਸਤਿਗੁਰੂ ਦੀ ਸੇਵਾ ਨੂੰ 'ਗਾਖੜੀ' ਕਿਹਾ ਹੈ।

---

1. ਆਦਿ ਗ੍ਰੰਥ, ਮ. 1, ਪੰਨਾ 21

2. ਉਹੀ, ਮ. 5, ਪੰਨਾ 45

ਇਸ ਸੇਵਾ ਦੇ ਮੁਸ਼ਕਿਲ ਹੋਣ ਦਾ ਅਸਲ ਕਾਰਨ ਇਹ ਹੈ ਕਿ ਜਦ ਤਕ ਹਉਮੈਂ ਦਾ ਸੰਪੂਰਨ ਤਿਆਗ ਨਹੀਂ ਹੋ ਜਾਂਦਾ ਤਦ ਤਕ ਕੋਈ ਸੇਵਕ ਇਸ ਵਲ ਪੂਰੀ ਤਰ੍ਹਾਂ ਰੁਚਿਤ ਹੋ ਹੀ ਨਹੀਂ ਸਕਦਾ। ਇਸੇ ਲਈ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਸਤਿਗੁਰੂ ਦੀ ਸੇਵਾ ਕਰਨ ਲਗਿਆਂ ਜਾਂ ਹਰੇਕ ਲੋੜਵੰਦ ਅਤੇ ਪੀੜਤ ਪ੍ਰਾਣੀ ਵਿਚੋਂ ਸਤਿਗੁਰੂ ਦਾ ਸਰੂਪ ਅਨੁਭਵ ਕਰਕੇ ਉਸਦੀ ਸੇਵਾ ਕਰਨ ਲਗਿਆਂ ਆਪਣੀ ਸੁਖ਼ਸੀਅਤ ਤੋਂ ਪੂਰਨ ਭਾਂਤ ਬੇਮੁਖ ਹੋ ਜਾਣਾ ਚਾਹੀਦਾ ਹੈ। ਇਸ ਨੂੰ ਗੁਰੂ ਸਾਹਿਬ 'ਆਪਾ ਗੁਆਉਣ' ਵਾਲੀ ਅਵਸਥਾ ਕਹਿੰਦੇ ਹਨ। ਸਥੂਲ ਜਗਤ ਦੇ ਮਾਇਆ-ਜਾਲ ਵਿਚ ਘਿਰੇ ਹੋਏ ਮਨੁੱਖ ਨੂੰ ਜਿਹੜੀ ਸ਼ਕਤੀ ਹਮੇਸ਼ਾ ਹਉਮੈਂ ਦਾ ਸ਼ਿਕਾਰ ਬਣਾ ਕੇ ਰਖਦੀ ਹੈ, ਉਸਦੀ ਕਲਪਨਾ ਸਿਰ ਵਿਚ ਕੀਤੀ ਗਈ ਹੈ। ਇਸੇ ਲਈ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜਾ ਸੇਵਕ ਆਪਣਾ ਸਿਰ ਦੇਣ ਲਈ ਤਿਆਰ ਰਹੇ ਉਹ ਇਕ ਪ੍ਰਕਾਰ ਨਾਲ ਆਪਣਾ ਆਪਾ ਗੁਆਉਣ ਲਈ ਤਿਆਰ ਹੈ ਅਤੇ ਜਿਸ ਸੇਵਕ ਦਾ ਅੰਤਹਕਰਣ ਸਿਰ ਵਿਚਲੇ ਅਭਿਮਾਨ ਤੋਂ ਮੁਕਤ ਹੋ ਕੇ ਆਪਾ ਗੁਆਉਣ ਲਈ ਤਿਆਰ ਰਹੇ ਉਸ ਲਈ ਇਹ 'ਗਾਖੜੀ' ਸੇਵਾ ਸਹਿਜ ਹੋ ਜਾਂਦੀ ਹੈ:

> ਸਤਗੁਰ ਕੀ ਸੇਵਾ ਗਾਖੜੀ
> ਸਿਰੁ ਦੀਜੈ ਆਪੁ ਗਵਾਇ।[1]

ਸ਼ਰਧਾ:

ਸੇਵਕ ਦੇ ਮਨ ਵਿਚ ਸੇਵਾ ਕਰਨ ਲਗਿਆਂ ਉਤਸ਼ਾਹ, ਪਿਆਰ ਅਤੇ ਸ਼ਰਧਾ ਹੋਣੀ ਚਾਹੀਦੀ ਹੈ। ਜੇ ਸੇਵਾ ਕਰਦਿਆਂ ਸੇਵਕ ਨੇ ਮੂੰਹ ਲਟਕਾਇਆ ਹੈ ਜਾਂ ਉਸਦੇ ਮਨ ਅੰਦਰ ਸ਼ਰਧਾ ਨਹੀਂ, ਤਾਂ ਅਜਿਹੀ ਸੇਵਾ ਨੂੰ ਸ਼ੁਧ ਸੇਵਾ ਨਹੀਂ ਕਿਹਾ ਜਾ ਸਕਦਾ। ਗੁਰੂ ਅੰਗਦ ਦੇਵ ਜੀ ਨੇ ਅਜਿਹੀ ਸੇਵਾ ਨੂੰ 'ਬਧਾ ਚਟੀ ਸੇਵਾ' ਕਿਹਾ ਹੈ ਜਿਸ ਦਾ ਨਾ ਸੇਵਕ ਨੂੰ ਹੀ ਕੋਈ ਲਾਭ ਹੈ ਅਤੇ ਨਾ ਦੂਸਰਿਆਂ ਨੂੰ ਕੋਈ ਫਾਇਦਾ ਹੈ:

> ਬਧਾ ਚਟੀ ਜੋ ਭਰੇ
> ਨਾਂ ਗੁਣੁ ਨਾ ਉਪਕਾਰੁ।[2]

---

1. <u>ਆਦਿ ਗ੍ਰੰਥ</u>, ਮ. 3, ਪੰਨਾ 27
2. ਉਹੀ, ਮ. 2, ਪੰਨਾ 787

ਸੇਵਕ ਸੇਵਾ ਦੇ ਕਾਰਜ ਵਿਚ ਸੁਧ ਹਿਰਦੇ ਨਾਲ ਸਲੰਗਨ ਹੋ ਹੀ ਨਹੀਂ ਸਕਦਾ ਜੇ ਉਸ ਵਿਚ ਆਪਣੇ ਸੁਆਮੀ ਲਈ ਅਡਿਗ ਸ੍ਰਰਧਾ ਨਾ ਹੋਵੇ। ਆਪਣੇ ਤਨ ਨਾਲ ਜਾਂ ਧਨ ਨਾਲ ਉਹ ਭਾਵੇਂ ਕਿਤਨੇ ਹੀ ਸੋਹਣੇ ਪਦਾਰਥ ਵੰਡ ਰਿਹਾ ਹੋਵੇ ਜਾਂ ਕਿੰਨੀਆਂ ਸੁੰਦਰ ਇਮਾਰਤਾਂ ਦਾ ਨਿਰਮਾਣ ਕਰ ਰਿਹਾ ਹੋਵੇ, ਸੇਵਾ ਦੀ ਪਦਵੀ ਉਦੋਂ ਤਕ ਪ੍ਰਾਪਤ ਨਹੀਂ ਹੋ ਸਕਦੀ ਜਦ ਤਕ ਉਸਦੇ ਮਨ ਵਿਚ ਅਥਾਹ ਸ੍ਰਰਧਾ ਨਾ ਹੋਵੇ।

ਸੇਵਾ ਦੇ ਸੰਦਰਭ ਵਿਚ ਸ੍ਰਰਧਾ ਦੇ ਮਹੱਤਵ ਦਾ ਜ਼ਿਕਰ ਕਰਦਿਆਂ ਕਾਨੇ ਕਹਿੰਦਾ ਹੈ ਕਿ ਅਯੋਗ ਢੰਗ ਨਾਲ ਪ੍ਰਾਪਤ ਕੀਤੀ ਹੋਈ ਸਮੁੱਚੀ ਪ੍ਰਿਥਵੀ ਵੀ ਜੇ ਸ੍ਰਰਧਾ ਤੋਂ ਬਿਨਾਂ ਦਾਨ ਕਰ ਦਿਤੀ ਜਾਵੇ, ਤਾਂ ਧਰਮ ਕਾਰਜਾਂ ਦੇ ਖੇਤਰ ਵਿਚ ਇਸ ਦਾ ਕੋਈ ਮੁੱਲ ਨਹੀਂ, ਜਦੋਂ ਕਿ ਇਸਦੇ ਵਿਪਰੀਤ, ਹਿਰਦੇ ਵਿਚ ਸ੍ਰਰਧਾ ਰਖਕੇ ਸਬਜ਼ੀ ਦੀ ਕੇਵਲ ਇਕ ਮੁੱਠ ਹੀ ਦਾਨ ਕੀਤੀ ਜਾਵੇ ਤਾਂ ਸੰਭਵ ਹੈ ਕਿ ਇਸ ਪ੍ਰਕਾਰ ਦੇ ਦਾਨੀ ਪੁਰਖ ਨੂੰ ਵਡਮੁੱਲਾ ਫਲ ਪ੍ਰਾਪਤ ਹੋ ਜਾਵੇ।[1]

<u>ਹੁਕਮ ਦਾ ਅਨੁਸਰਣ:</u>

ਗੁਰੂ ਘਰ ਵਿਚ ਪਰਵਾਨ ਹੋਣ ਵਾਲੇ ਸੇਵਕ ਲਈ ਲਾਜ਼ਮੀ ਹੈ ਕਿ ਉਹ ਸਰਵ-ਵਿਆਪਕ ਹੁਕਮ ਦਾ ਅਨੁਸਰਣ ਕਰੇ ਅਤੇ ਆਪਣੇ ਸਮੁੱਚੇ ਜੀਵਨ ਨੂੰ ਇਸ ਹੁਕਮ ਅਨੁਸਾਰ ਹੀ ਢਾਲ ਲਵੇ। ਇਸੇ ਲਈ ਮਨਮੁਖ ਦੀ ਸੇਵਾ ਗੁਰੂ ਘਰ ਵਿਚ ਪਰਵਾਨ ਨਹੀਂ ਹੁੰਦੀ। ਇਸ ਸੰਦਰਭ ਵਿਚ ਭਾਈ ਵੀਰ ਸਿੰਘ ਜੀ ਦੁਆਰਾ ਬਿਆਨ ਕੀਤੀ ਗਈ ਗੁਰੂ ਅੰਗਦ ਦੇਵ ਜੀ ਦੇ ਜੀਵਨ ਨਾਲ ਸੰਬੰਧਤ ਇਕ ਸਾਖੀ ਵਿਸ਼ੇਸ਼ ਰੂਪ ਵਿਚ ਵਰਨਣਯੋਗ ਹੈ:

> "ਇਕ ਵਾਰ ਝੜੀ ਲਗੀ ਹੋਈ ਸੀ ਅਤੇ ਸੰਗਤ ਕਾਫ਼ੀ ਆਈ ਹੋਈ ਸੀ। ਗੁਰੂ ਨਾਨਕ ਦੇਵ ਜੀ ਨੇ ਆਖਿਆ "ਪੁੱਤ੍ਰ ਸ੍ਰੀ ਚੰਦ! ਬਰਖਾ ਥੰਮ੍ਹੀ ਹੈ, ਬਾਹਰ ਜਾਓ ਬਿਰਛਾਂ ਨੂੰ ਝੰਜੂਟੋਂ ਜੋ ਸਾਈਂ ਆਪਣੇ ਬੱਚਿਆਂ ਲਈ ਭੋਜਨ ਵਰਸਾਵੇ ਤੇ ਸੰਗਤਾਂ ਤ੍ਰਿਪਤ ਹੋਣ", ਤਾਂ ਸ੍ਰੀ ਚੰਦ ਜੀ ਬੋਲੇ, "ਬ੍ਰਿਛਾਂ

---

1. If a man were to give even the whole earth acquired by unjust means, or if he makes a gift without sradha or to an unworthy person he would secure no prosperity (religious merit) thereby. On the other hand by making a gift of even a handful of vegetables with a heart full of sradha and to a very worthy person, he may secure all prosperity.

   Pandurang Vaman Kane, <u>The History of Dharmasastra</u>, Vol. II, Part II, p. 847

ਨਾਲ ਭੋਜਨ ਨਹੀਂ ਲਟਕਦੇ।" ਤਾਂ ਗੁਰੂ ਨਾਨਕ ਜੀ ਮੁਸਕ੍ਰਾਏ। ਲਖਮੀ ਚੰਦ ਜੀ ਨੂੰ ਬੋਲੇ, "ਜਾਓ ਬੇਟਾ! ਬ੍ਰਿਛ ਝੰਜੂਟੋਂ ਜੋ ਭੋਜਨ ਬਰਸੇ", ਤਾਂ ਉਹਨਾਂ ਨੇ ਵੀ ਕਿਹਾ "ਮੀਂਹ ਬਹੁਤ ਹੈ ਤੇ ਬ੍ਰਿਛਾਂ ਨਾਲ ਤਾਂ ਫੁੱਲ ਭੀ ਨਹੀਂ ਰਹੇ, ਭੋਜਨ ਕਿਥੋਂ ਬਰਸਨਗੇ।" ਤਾਂ ਗੁਰੂ ਬਾਬੇ ਲਹਿਣੇ ਨੂੰ ਕਿਹਾ, "ਪੁਰਖਾ! ਜਾਓ ਬਿਰਖ ਛੁਟੋ, ਦੇਖੋ, ਜਿਸ ਨੇ ਸੰਗਤ ਸਾਜੀ ਤੇ ਏਥੇ ਭੇਜੀ ਹੈ ਉਹ ਰਾਜ਼ਕ ਰਿਜ਼ਕ ਦੇਵੇਗਾ।" ਤਾਂ ਲਹਿਣਾ ਜੀ (ਗੁਰੂ ਅੰਗਦ ਦੇਵ) ਨੇ ਪੂਰਨ ਵਿਸ਼ਵਾਸ਼ ਨਾਲ ਗੁਰੂ ਦਾ ਹੁਕਮ ਮੰਨਕੇ ਸੀਸ ਨਿਵਾ ਕੇ ਟੁਰੇ, ਰੁਖ ਤੇ ਚੜ੍ਹ ਗਏ, ਝੰਜੂਣਿਆ ਅਤੇ ਬ੍ਰਿਛਾਂ ਤੋਂ ਜੋ ਕੁਝ ਗਿਰਿਆ, ਸੰਗਤਾਂ ਖਾ ਕੇ ਰਜ ਗਈਆਂ।"[1]

ਸੇਵਾ ਉਹੀ ਸਫਲ ਹੈ ਜਿਸ ਨਾਲ ਸਤਿਗੁਰੂ ਦਾ ਮਨ ਪ੍ਰਸੰਨ ਹੋਵੇ। ਸਤਿਗੁਰਾਂ ਦਾ ਮਨ ਤਾਂ ਹੀ ਪ੍ਰਸੰਨ ਹੋਵੇਗਾ ਜਦੋਂ ਸੇਵਕ ਗੁਰੂ ਦੇ ਹੁਕਮ ਵਿਚ ਰਹਿਕੇ ਸੇਵਾ ਕਰੇਗਾ। ਫਿਰ ਅਜਿਹੀ, ਹੁਕਮ ਅੰਦਰ, ਸੇਵਾ ਕਰਨ ਨਾਲ ਸਾਰੇ ਪਾਪ ਮਿਟ ਜਾਂਦੇ ਹਨ:

ਸਾ ਸੇਵਾ ਕੀਤੀ ਸਫਲ ਹੈ
ਜਿਤੁ ਸਤਿਗੁਰ ਕਾ ਮਨੁ ਮੰਨੇ।
ਜਾ ਸਤਿਗੁਰ ਕਾ ਮਨੁ ਮੰਨਿਆ
ਤਾ ਪਾਪ ਕਸੰਮਲ ਭੰਨੇ।[2]

ਸਾਰੰਸ਼ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਥੂਲ ਜਗਤ ਵਿਚ ਵਿਚਰਦਾ ਹੋਇਆ ਪ੍ਰਾਣੀ ਸੇਵਕ ਦੇ ਰੂਪ ਵਿਚ ਜਦੋਂ ਵੀ ਸੇਵਾ ਕਰਦਾ ਹੈ ਤਾਂ ਮੂਲ ਰੂਪ ਵਿਚ ਉਸਦੀ ਸੇਵਾ ਜਾਂ ਤਨ ਦੁਆਰਾ, ਜਾਂ ਧਨ ਦੁਆਰਾ ਹੁੰਦੀ ਹੈ। ਪਰੰਤੂ ਜੇ ਇਹ ਸੇਵਾ ਕਰਨ ਲਗਿਆਂ ਉਸਦਾ ਮਨ ਸੇਵਾ ਵਿਚ ਪੂਰੀ ਤਰ੍ਹਾਂ ਇਕਾਗਰ ਹੈ, ਉਸਦੇ ਹਿਰਦੇ ਵਿਚ ਅਡਿਗ ਸ਼ਰਧਾ ਹੈ,

1. ਭਾਈ ਵੀਰ ਸਿੰਘ ਰਚਨਾਵਲੀ (ਚੌਥੀ ਜਿਲਦ), ਪੰਨਾ 832

2. ਆਦਿ ਗ੍ਰੰਥ, ਮ. 3, ਪੰਨਾ 314

ਕਿਸੇ ਇਵਜ਼ਾਨੇ ਦੀ ਇੱਛਾ ਮਨ ਵਿਚ ਰਖੇ ਬਿਨਾਂ ਉਸਦੀ ਹਉਮੈ ਸਰਬਵਿਆਪਕ ਇਲਾਹੀ ਹੁਕਮ ਦੇ ਅਧੀਨ ਹੈ, ਤਾਂ ਇਸ ਨੂੰ ਉਸ ਵਲੋਂ ਕੀਤੀ ਗਈ ਮਨ ਦੀ ਸੁਧ ਸੇਵਾ ਕਿਹਾ ਜਾਵੇਗਾ। ਉਸਦੇ ਮਨ ਵਿਚ ਹਲੀਮੀ ਅਤੇ ਮਿਠਾਸ ਵਰਗੇ ਗੁਣ ਪੈਦਾ ਹੋ ਜਾਂਦੇ ਹਨ। ਇਸੇ ਲਈ ਸੇਵਾ ਦੇ ਸੰਦਰਭ ਵਿਚ ਨਿਮਰਤਾ ਦੇ ਮਹੱਤਵ ਨੂੰ ਸਵੀਕਾਰ ਕਰਦੇ ਹੋਏ ਅਤੇ ਸਨਿਮਰ ਸੇਵਕ ਨੂੰ ਵਡਿਆਉਂਦੇ ਹੋਏ ਡਾ. ਦਲੀਪ ਸਿੰਘ ਦੀਪ ਲਿਖਦੇ ਹਨ:

> "ਜਿਹੜਾ ਮਨੁਖ ਨਿਮਰਤਾ-ਸੁਭਾਅ ਵਾਲਾ ਹੈ, ਉਹੋ ਹੀ ਲੋਕ-ਸੇਵਾ ਕਰ ਸਕਦਾ ਹੈ ਜਾਂ ਜਿਹੜਾ ਸੇਵਾ ਵਿਚ ਅਨੰਦ ਪ੍ਰਾਪਤ ਕਰਦਾ ਹੈ, ਉਹ ਨਮ੍ਰ ਹੁੰਦਾ ਹੈ। ਭਾਵ ਨਿਮਰਤਾ ਨਾਲ ਸੇਵਾ ਅਤੇ ਸੇਵਾ ਨਾਲ ਨਿਮਰਤਾ ਹੁੰਦੀ ਹੈ।"[1]

---

1. ਦਲੀਪ ਸਿੰਘ ਦੀਪ (ਡਾ.), ਜਪੁਜੀ ਇਕ ਤੁਲਨਾਤਮਕ ਅਧਿਐਨ, ਪੰਨਾ 168

## (ਅ) ਸੁਰਤਿ ਦੀ ਸੇਵਾ

'ਤਨ' ਅਤੇ 'ਧਨ' ਦੇ ਵਿਪਰੀਤ 'ਸੁਰਤਿ' ਵੀ 'ਮਨ' ਵਾਂਗ ਸੂਖਮ ਅਤੇ ਭਾਵ-ਵਾਚਕ ਸੰਗਿਆ ਹੈ। ਸੇਵਾ ਦੇ ਸੰਦਰਭ ਵਿਚ ਜਦੋਂ ਅਸੀਂ ਸੁਰਤਿ ਦੀ ਗੱਲ ਕਰਦੇ ਹਾਂ ਤਾਂ ਵਾਸਤਵ ਵਿਚ ਸਾਡਾ ਮੰਤਵ ਇਹ ਸਮਝਣ ਦਾ ਯਤਨ ਕਰਨਾ ਹੁੰਦਾ ਹੈ ਕਿ ਜਦੋਂ ਕੋਈ ਸੇਵਕ ਤਨ ਜਾਂ ਧਨ ਵਰਗੇ ਕਿਸੇ ਮਾਧਿਅਮ ਰਾਹੀਂ ਆਪਣੇ ਸੁਆਮੀ ਦੀ ਸੇਵਾ ਵਿਚ ਸੰਲਗਨ ਹੁੰਦਾ ਹੈ ਤਾਂ ਸੇਵਾ ਦੀ ਇਸ ਸਮੁੱਚੀ ਪ੍ਰਕ੍ਰਿਆ ਵਿਚ ਉਸਦੀ ਸੁਰਤਿ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ - ਅਰਥਾਤ ਅਸੀਂ ਇਹ ਜਾਣਨ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ ਕਿ ਸੇਵਾ ਕਰਨ ਵਾਲੇ ਵਿਅਕਤੀ ਦੀ ਦ੍ਰਿਸ਼ਟੀ ਵਿਚ ਮਾਨਵ ਸਮਾਜ ਦਾ ਕੋਈ ਇਕ ਵਿਸ਼ੇਸ਼ ਭਾਗ ਹੈ ਜਾਂ ਸਮੁੱਚੀ ਮਾਨਵ ਜਾਤੀ ਜਾਂ ਉਸਤੋਂ ਵੀ ਅਗੇਰੇ ਪਾਰਬ੍ਰਹਮ ਦੁਆਰਾ ਸਾਜੀ ਗਈ ਸਮੁੱਚੀ ਸ੍ਰਿਸ਼ਟੀ। ਇਕ ਪ੍ਰਕਾਰ ਨਾਲ ਇਹੋ ਜਿਹਾ ਨਿਰਣਾ ਕਰਨ ਵੇਲੇ ਅਸੀਂ ਇਹ ਸਮਝਣ ਦਾ ਯਤਨ ਕਰ ਰਹੇ ਹੁੰਦੇ ਹਾਂ ਕਿ ਤਨ ਜਾਂ ਧਨ ਨਾਲ ਸੇਵਾ ਕਰਨ ਵਾਲਾ ਪ੍ਰਾਣੀ ਆਪਣੇ ਮਨ ਨੂੰ ਸੰਤੁਲਿਤ ਰਖਣ ਤੋਂ ਬਾਅਦ ਸਮੁੱਚੀ ਸ੍ਰਿਸ਼ਟੀ ਦੇ ਕਰਤਾ, ਹਰਤਾ, ਧਰਤਾ ਨਾਲ ਕਿਸ ਹੱਦ ਤਕ ਜੁੜਿਆ ਹੋਇਆ ਹੈ। ਇਹ ਨਿਰਣਾ ਕਰਨ ਵੇਲੇ ਸਾਡੇ ਅਚੇਤ ਵਿਚ ਇਹ ਗੱਲ ਬੈਠੀ ਹੁੰਦੀ ਹੈ ਕਿ ਸ਼ੁਧ ਅਤੇ ਸੰਪੂਰਨ ਸੇਵਾ ਕੇਵਲ ਉਹੀ ਹੋ ਸਕਦੀ ਹੈ ਜਿਸਨੂੰ ਕਰਨ ਵਾਲਾ ਸੇਵਕ ਆਪਣੇ ਸਰਵ-ਉਚ ਸੁਆਮੀ ਨਾਲ ਪੂਰਨ ਭਾਂਤ ਜੁੜਿਆ ਹੋਇਆ ਹੋਵੇ ਅਤੇ ਉਸਦੀ ਸੇਵਾ ਨੂੰ ਹੀ ਸਮੁੱਚੀ ਸ੍ਰਿਸ਼ਟੀ ਦੀ ਸੇਵਾ ਸਮਝ ਰਿਹਾ ਹੋਵੇ।

'ਸੁਰਤਿ' ਸਥੂਲ ਜਗਤ ਵਿਚ ਵਿਚਰਦੇ ਸਰੀਰਧਾਰੀ ਮਨੁੱਖ ਦੇ ਅੰਤਹਕਰਣ ਦਾ ਅਤਿਅੰਤ ਸੂਖਮ ਪੱਖ ਹੈ। ਅਨੇਕ ਵਿਦਵਾਨਾਂ ਨੇ ਆਪਣੇ ਆਪਣੇ ਅਨੁਭਵ ਅਤੇ ਸੂਝ ਅਨੁਸਾਰ ਇਸ ਸ਼ਬਦ ਦੀ ਪਰਿਭਾਸ਼ਾ ਲਿਖੀ ਹੈ। ਉਦਾਹਰਣਾਰਥ ਭਾਈ ਕਾਨ੍ਹ ਸਿੰਘ ਨਾਭਾ ਨੇ "ਸੁਰਤਿ" ਦੇ ਅਰਥ ਹੇਠ-ਲਿਖੇ ਅਨੁਸਾਰ ਕੀਤੇ ਹਨ:

1. ਚਿੱਤ, ਅੰਤਹਕਰਣ ਦਾ ਉਹ ਭੇਦ, ਜਿਸ ਦਾ ਕੰਮ ਚੇਤਾ ਹੈ।
2. ਧਿਆਨ, ਤਵੱਜੋ
3. ਉਤਮ ਪ੍ਰੀਤਿ
4. ਸ਼੍ਰੁਤਿ, ਵੇਦ
5. ਸੁਣਨਾ, ਸ੍ਰਵਣਸ਼ਕਤਿ
6. ਕੰਨ, ਸ਼੍ਰੋਤ੍ਰ

7. ਸੁਰ ਦਾ ਵਿਭਾਗ, ਸੁਤਿ[1]

ਉਪਰੋਕਤ ਅਰਥਾਂ ਦੀ ਪੁਣ ਛਾਣ ਕਰਕੇ ਡਾ. ਬਲਬੀਰ ਸਿੰਘ ਜੀ ਨੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਹਵਾਲੇ ਨਾਲ ਇਸ ਨੂੰ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਹੈ:

ਚਿੱਤ, ਧਿਆਨ, ਉੱਤਮ ਪ੍ਰੀਤਿ, ਵੇਦ, ਸੁਣਨਾ, ਕੰਨ,
ਸਵਰ ਦਾ ਵਿਭਾਗ[2]

ਭਾਈ ਕਾਨ੍ਹ ਸਿੰਘ ਜੀ ਵਲੋਂ ਦਿਤੇ ਗਏ ਅਰਥਾਂ ਤੋਂ ਪਹਿਲਾਂ ਡਾ. ਬਲਬੀਰ ਸਿੰਘ ਨੇ ਖਾਲਸਾ ਟ੍ਰੈਕਟ ਸੁਸਾਇਟੀ ਦੇ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚਲੇ ਅਰਥ ਇਸ ਪ੍ਰਕਾਰ ਦੁਹਰਾਏ ਹਨ:

ਗਯਾਤ, ਸੋਝੀ ਵਾਲੀ ਸ਼ਕਤੀ, ਖ਼ਬਰ, ਚਿਤ, ਬ੍ਰਿਤੀ,
ਹੋਸ਼, ਵੇਦ, ਭਲੀ ਪ੍ਰੀਤ[3]

ਉਪਰੋਕਤ ਵਿਦਵਾਨਾਂ ਵਲੋਂ ਦਿੱਤੇ ਗਏ ਇਨ੍ਹਾਂ ਅਰਥਾਂ ਵਿਚ ਹੀ ਥੋੜ੍ਹਾ ਬਹੁਤ ਪਰਿਵਰਤਨ ਕਰਕੇ ਆਧੁਨਿਕ ਵਿਦਵਾਨਾਂ ਦੀ ਬਹੁਗਿਣਤੀ ਨੇ ਇਨ੍ਹਾਂ ਨੂੰ ਅਪਣਾ ਲਿਆ ਹੈ। ਉਦਾਹਰਣਾਰਥ ਡਾ. ਕਾਲਾ ਸਿੰਘ ਬੇਦੀ ਨੇ ਉਪਰੋਕਤ ਵਿਦਵਾਨਾਂ ਤੋਂ ਗ੍ਰਹਿਣ ਕੀਤੇ "ਸੁਰਤਿ" ਦੇ ਅਰਥ ਆਪਣੇ ਵਲੋਂ ਇਸ ਪ੍ਰਕਾਰ ਪੇਸ਼ ਕੀਤੇ ਹਨ:

ਡਵੌਜੇ, ਹੋਸ਼, ਧਿਆਨ, ਗਿਆਤ, ਰੂਹ ਜਾਂ ਜੀਵਾਆਤਮਾ[4]

ਇਸ ਤਰ੍ਹਾਂ ਇਸ ਸ਼ਬਦ ਦੇ ਅਰਥ ਇਤਨੇ ਵਿਵਿਧ ਅਤੇ ਵਿਸ਼ਾਲ ਹੋ ਗਏ ਹਨ ਕਿ ਥੋੜ੍ਹੇ ਸ਼ਬਦਾਂ ਵਿਚ ਇਸ ਨੂੰ ਪਰਿਭਾਸ਼ਿਤ ਕਰ ਸਕਣਾ ਕਾਫ਼ੀ ਔਖਾ ਹੋ ਗਿਆ ਹੈ। ਪਰੰਤੂ

---

1. ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 219
2. ਬਲਬੀਰ ਸਿੰਘ (ਡਾ.), ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ, ਪੰਨਾ 12
3. ਉਹੀ, ਭੂਮਿਕਾ, ਪੰਨਾ 12
4. ਕਾਲਾ ਸਿੰਘ ਬੇਦੀ (ਡਾ.), ਗੁਰੂ ਨਾਨਕ ਸ਼ਬਦ ਰਤਨਾਕਰ, ਪੰਨਾ 85

ਜਿਤਨੇ ਵਿਦਵਾਨਾਂ ਨੇ ਹੁਣ ਤਕ ਇਸ ਸ਼ਬਦ ਸੰਬੰਧੀ ਆਪਣੇ ਮੱਤ ਪ੍ਰਗਟਾਏ ਹਨ ਉਨ੍ਹਾਂ ਉਤੇ ਇਕ ਝਾਤ ਮਾਰੀਏ ਤਾਂ ਘਟੋ ਘਟ ਇਕ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ ਕਿ ਇਸ ਸ਼ਬਦ ਦੇ ਅਰਥਾਂ ਦਾ ਸੰਬੰਧ ਮਨੁੱਖੀ ਸਰੀਰ ਵਿਚਲੇ ਅੰਤਹਕਰਣ ਦੇ ਆਤਮਿਕ ਮੰਡਲ ਨਾਲ ਹੈ। ਇਸੇ ਲਈ ਅਨੇਕ ਵਿਦਵਾਨ ਸੁਰਤਿ ਨੂੰ ਆਤਮਾ ਜਾਂ ਜੀਵਆਤਮਾ ਦਾ ਪਰਿਆਇਵਾਚੀ ਸ਼ਬਦ ਮੰਨਣ ਲਗ ਪਏ ਹਨ। ਇਸ ਕੇਂਦਰੀ ਨੁਕਤੇ ਦੇ ਵਿਭਿੰਨ ਪਹਿਲੂਆਂ ਉਤੇ ਰੋਸ਼ਨੀ ਪਾਉਣ ਲਈ ਡਾ. ਬਲਬੀਰ ਸਿੰਘ ਨੇ ਵਿਸਤਾਰ ਸਹਿਤ ਚਰਚਾ ਕੀਤੀ ਹੈ। ਉਨ੍ਹਾਂ ਨੇ ਸੁਰਤਿ ਨੂੰ ਪੰਜ ਗਿਆਨ ਇੰਦਰੀਆਂ ਤੋਂ ਨਿਖੇੜਕੇ "ਛੇਵੀਂ ਸੂਝ" ਕਿਹਾ ਹੈ। ਡਾ. ਸਾਹਿਬ ਦੇ ਕਥਨ ਅਨੁਸਾਰ:

> "ਸੁਰਤਿ ਪੰਜ ਗਿਆਨ ਇੰਦ੍ਰੀਆਂ ਦੀ ਸੂਝ ਤੋਂ ਉਪਰ ਛੇਵੀਂ ਸੂਝ (Sixth sense) ਹੈ। ਇਹ ਨਿਰਗੁਣ ਅਤੇ ਸਰਗੁਣ ਦੋਹਾਂ ਦਾ ਜਾਇਜ਼ਾ ਲੈਂਦੀ ਹੈ। ਇਹ ਦੋਹਾਂ ਨੂੰ ਮਾਪਣ ਦਾ ਗਜ਼ ਹੈ। ਇਹ ਉਸ ਕਲਾ ਨੂੰ ਸਮਝਦੀ ਹੈ ਜਿਸ ਦੁਆਰਾ ਨਿਰਗੁਣ ਵੇਸ ਧਾਰਨ ਕਰ ਲੈਂਦਾ ਹੈ ਸਰਗੁਣ ਦਾ।"[1]

ਪੰਜ ਗਿਆਨ ਇੰਦਰੀਆਂ ਦੀ ਪਕੜ ਤੋਂ ਬਾਹਰਲੀ ਇਸ ਛੇਵੀਂ ਸੂਝ "ਸੁਰਤਿ" ਦਾ ਡਾ. ਸਾਹਿਬ ਨੇ ਅੰਤਹਕਰਣ ਵਿਚ ਵਿਸ਼ੇਸ਼ ਸਥਾਨ ਨਿਸਚਿਤ ਕਰਨ ਦਾ ਯਤਨ ਕੀਤਾ ਹੈ। ਆਪ ਮਨ, ਬੁੱਧੀ ਅਤੇ ਸੁਰਤਿ ਨੂੰ ਨਿਖੇੜਕੇ ਦਸਣ ਦਾ ਯਤਨ ਕਰਦੇ ਹਨ:

> "ਸੁਰਤਿ ਇਕ ਸ਼ਕਤੀ ਹੈ, ਉਹ ਸਭ ਜੰਤੂਆਂ ਅੰਦਰ ਹੈ, ਉਹ ਪ੍ਰਾਰੰਭਕ ਅਵਸਥਾ ਵਿਚ ਅਚੇਤਨ ਹੈ, ਉਹ ਸਭ ਕੰਮ ਆਪਣੀ ਅਗਿਆਤ ਸੂਝ ਨਾਲ ਸੁਆਰਦੀ ਹੈ। ਉਸ ਵਿਚ ਸੋਚ ਸਮਝ ਨਹੀਂ, ਤਰਕ ਦਲੀਲ ਕੁਝ ਨਹੀਂ, ਉਸ ਦਾ 'ਕਰਤਬ' ਸੁਭਾਵਕ ਹੈ ..."[2]

ਫਿਰ ਸੁਰਤਿ ਦੇ ਸੰਕਲਪ ਵਿਚ ਹੋਰ ਵਧੇਰੇ ਸਪਸ਼ਟਤਾ ਲਿਆਉਣ ਦੇ ਮਨੋਰਥ ਨਾਲ ਡਾ. ਬਲਬੀਰ ਸਿੰਘ ਜੀ ਅਗੇ ਚਲਕੇ ਸੁਰਤਿ ਅਤੇ ਮਨ ਵਿਚਲੇ ਅੰਤਰ ਉਤੇ ਰੋਸ਼ਨੀ ਪਾਉਂਦੇ ਹੋਏ ਲਿਖਦੇ ਹਨ:

---

1. ਬਲਬੀਰ ਸਿੰਘ (ਡਾ.), ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ, ਪੰਨਾ 15
2. ਉਹੀ, ਭੂਮਿਕਾ, ਪੰਨਾ 16

> " ... ਮਨੁਖਾ ਸਰੀਰ ਵਿਚ ਇਕ ਹੋਰ ਚੀਜ਼ ਹੈ, ਉਹ ਹੈ ਮਨ, ਜਿਸ ਨਾਲ ਉਹ ਦਰਦ, ਦੁਖ ਅਤੇ ਖੁਸ਼ੀ ਮਹਿਸੂਸ ਕਰਦਾ ਹੈ। ਮਨ ਵਿਚ ਹੀ ਸੰਕਲਪ ਵਿਕਲਪ ਵਿਚਰਦੇ ਹਨ, ਇਸ ਵਿਚ ਹੀ ਇੱਛਾ, ਕਾਮਨਾ ਅਤੇ ਲਾਲਸਾ ਵਸਦੀਆਂ ਹਨ।"[1]

ਇਸੇ ਤਰ੍ਹਾਂ ਸਪਸ਼ਟਤਾ ਦੀ ਇਸ ਲੜੀ ਨੂੰ ਜਾਰੀ ਰਖਦੇ ਹੋਏ ਹੋਰ ਅਗੇ ਚਲਕੇ ਡਾ. ਬਲਬੀਰ ਸਿੰਘ ਜੀ ਮਨ ਅਤੇ ਬੁੱਧੀ ਵਿਚਲੇ ਅੰਤਰ ਨੂੰ ਚਾਨਣੇ ਵਿਚ ਲਿਆਉਂਦੇ ਹਨ ਤਾਂ ਜੋ ਸੁਰਤਿ ਦਾ ਸੰਕਲਪ ਮਨ ਅਤੇ ਬੁੱਧੀ ਦੋਹਾਂ ਨਾਲੋਂ ਵਖਰੇ ਨਿਖੜਵੇਂ ਰੂਪ ਵਿਚ ਸਪਸ਼ਟ ਹੋ ਸਕੇ। ਇਸ ਸੰਦਰਭ ਵਿਚ ਡਾ. ਸਾਹਿਬ ਲਿਖਦੇ ਹਨ:

> "ਇਸ ਤੋਂ ਇਲਾਵਾ ਮਨੁੱਖ ਦੇ ਅੰਤਹਕਰਣ ਵਿਚ ਇਕ ਹੋਰ ਤੱਤ ਵੀ ਹੈ, ਉਹ ਹੈ ਬੁੱਧੀ, ਇਹ ਮਨ ਤੋਂ ਉਪਰ ਦੀ ਚੀਜ ਹੈ। ਇਸ ਵਿਚ ਵੀਚਾਰ ਅਤੇ ਸਮਝ ਵਸਦੀ ਹੈ। ਇਹ ਬੁੱਧੀ ਹੀ ਹੈ ਜਿਸ ਵਿਚ ਨਿਸਚੇ ਕਰਨ ਦੀ ਸਮਰੱਥਾ ਹੈ; ਬੁੱਧੀ ਵਿਚ ਵਿਵੇਕ ਵੀ ਹੈ, ਇਹ ਬੁਰੇ ਭਲੇ ਦਾ ਵਿਤ੍ਰੇਕ ਵੀ ਕਰਦੀ ਹੈ, ਪਰ ਇਸ ਤੋਂ ਵਧ ਇਸ ਦੀ ਪਹੁੰਚ ਨਹੀਂ। ਇਹ ਪੰਜ ਗਿਆਨ ਇੰਦ੍ਰੀਆਂ ਦੇ ਆਧਾਰ ਉਤੇ ਚਲਦੀ ਹੈ। ਜੋ ਮਸਾਲਾ ਗਿਆਨ ਇੰਦ੍ਰੀਆਂ ਉਪਲਬਧ ਕਰਦੀਆਂ ਹਨ ਉਨ੍ਹਾਂ ਉਪਰ ਹੀ ਇਹ ਤਰਕ ਵਿਤਰਕ ਕਰਕੇ ਸਿੱਟੇ ਕਢ ਸਕਦੀ ਹੈ। ਬੁਧੀ ਪੰਜ ਤੱਤਾਂ ਦੀ ਉਪਜ ਹੈ।"[2]

ਇਸ ਤਰ੍ਹਾਂ ਪਹਿਲਾਂ ਸੁਰਤਿ ਤੇ ਮਨ ਅਤੇ ਫਿਰ ਮਨ ਤੇ ਬੁੱਧੀ ਵਿਚ ਨਿਖੇੜਾ ਕਰਕੇ ਸੁਰਤਿ ਦੇ ਬੁਨਿਆਦੀ ਸੰਕਲਪ ਨੂੰ ਹੋਰ ਵਧੇਰੇ ਵਿਸਥਾਰ ਵਿਚ ਜਾ ਕੇ ਡਾ. ਬਲਬੀਰ ਸਿੰਘ ਜੀ ਇਸ ਪ੍ਰਕਾਰ ਸਪਸ਼ਟ ਕਰਦੇ ਹਨ:

---

1. ਬਲਬੀਰ ਸਿੰਘ (ਡਾ.), ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ, ਪੰਨਾ 16
2. ਉਹੀ, ਭੂਮਿਕਾ, ਪੰਨਾ 16

"ਜੋ ਪਦਾਰਥ ਪੰਜ ਤੱਤਾਂ ਤੋਂ ਉਪਰ ਵਰਤਦੇ ਹਨ ਉਹ ਬੁਧੀ ਦੀ ਪਹੁੰਚ ਤੋਂ ਪਰੇ ਹੋ ਜਾਂਦੇ ਹਨ। ਇਸ ਕਰਕੇ ਆਤਮ ਦੇ ਪ੍ਰਤਖ ਦਰਸ਼ਨ ਵਿਚ ਇਸ ਦਾ ਦਖਲ ਨਹੀਂ, ਪਰਮਾਤਮਾ ਦੇ ਵਿਸ਼ਯ ਸੰਬੰਧ ਵਿਚ ਇਸ ਦਾ ਪ੍ਰਵੇਸ਼ ਨਹੀਂ, ਅਥੋਂ ਓਝਲ ਤ੍ਰਿਲੋਕੀ ਦੇ ਗਿਆਨ ਵਿਚ ਇਸ ਦਾ ਗੁਜ਼ਰ ਨਹੀਂ। ਕੋਈ ਵੀ ਸ਼ੈ ਜੋ ਪੰਜ ਗਿਆਨ ਇਦ੍ਰੀਆਂ ਦੀ ਚੇਤਨਾ ਤੋਂ ਉਪਰ ਹੈ ਉਹ ਇਸ ਦੀ ਪਕੜ ਤੋਂ ਬਾਹਰ ਹੋ ਜਾਂਦੀ ਹੈ। ਮਨੁੱਖ ਦੀ ਜ਼ਿੰਦਗੀ ਦਾ ਭੇਦ ਇਸਦੀ ਸੁਰਤਿ ਵਿਚ ਛੁਪਿਆ ਹੋਇਆ ਹੈ, ਇਹ ਆਦਿ ਅਵਸਥਾ ਵਿਚ ਇਕ ਸੁਭਾ ਭੂਤ ਅਚੇਤਨ ਸੱਤਾ ਹੈ। ਪਰ ਇਹ ਹਿਰਦੇ ਦੀ ਉਸ ਗੁਫ਼ਾ ਦੇ ਨਿਕਟ ਹੈ ਜਿਥੇ ਨਾਮ ਨਿਰੰਜਨ ਵਸਦਾ ਹੈ। ਇਹ ਸਮੀਪਤਾ ਬੜੀ ਅਰਥ ਪੂਰਣ ਹੈ, ਉਹ ਨਿਰੰਜਨ ਜੋ ਮਨ ਬੁਧੀ ਦੀ ਗ੍ਰਹਿਣ ਸ਼ਕਤੀ ਤੋਂ ਪਰੇ ਹੈ, ਉਹ ਕਾਇਆ ਅੰਦਰ ਹਿਰਦੇ ਦੀ ਗੁਫ਼ਾ ਵਿਚ ਬੈਠਾ ਹੋਇਆ ਸੁਰਤਿ ਦੇ ਨਜ਼ਦੀਕ ਹੈ।"[1]

ਆਪਣੀ ਇਸ ਧਾਰਨਾ ਦੀ ਪੁਸ਼ਟੀ ਵਜੋਂ ਡਾਕਟਰ ਸਾਹਿਬ ਨੇ ਗੁਰੂ ਰਾਮ ਦਾਸ ਜੀ ਦੀਆਂ ਹੇਠ-ਲਿਖੀਆਂ ਪੰਕਤੀਆਂ ਪੇਸ਼ ਕੀਤੀਆਂ ਹਨ:

ਨਾਮੁ ਨਿਰੰਜਨ ਨਾਲਿ ਹੈ
ਕਿਉ ਪਾਈਐ ਭਾਈ।
ਗੁਰ ਪੂਰੇ ਤੇ ਪਾਈਐ
ਹਿਰਦੈ ਦੇਇ ਦਿਖਾਈ। (ਮਹਲਾ 4, ਪੰਨਾ 1242)

ਡਾ. ਬਲਬੀਰ ਸਿੰਘ ਅਨੁਸਾਰ ਪੰਜ ਗਿਆਨ ਇੰਦਰੀਆਂ ਦੀ ਚੇਤਨਾ ਤੋਂ ਬਾਹਰਲੀ ਇਹ ਛੇਵੀਂ ਸੂਝ ਅਰਥਾਤ 'ਸੁਰਤਿ' ਅੰਤਹਕਰਣ ਦੇ ਲਗਭਗ ਉਸੇ ਖੇਤਰ ਵਿਚ ਹੀ ਨਿਵਾਸ ਰਖਦੀ ਹੈ, ਜਿਸਦੇ ਨੇੜੇ ਤੇੜੇ ਨਿਰੰਕਾਰ ਪਾਰਬ੍ਰਹਮ ਦਾ ਆਪਣਾ ਵਾਸਾ ਵੀ ਹੁੰਦਾ ਹੈ। ਡਾ. ਸਾਹਿਬ

---

1. ਬਲਬੀਰ ਸਿੰਘ (ਡਾ.), ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ, ਪੰਨਾ 16

ਲਿਖਦੇ ਹਨ:

> "ਸਰੀਰ ਦੇ ਅੰਦਰ ਅੰਤਰਯਾਮੀ ਪ੍ਰਭੂ ਬੈਠਾ ਹੈ। ਉਹ ਨਜ਼ਰ ਤੋਂ ਓਹਲੇ ਰਹਿੰਦਾ ਹੈ ਪਰ ਸੁਰਤਿ ਵਾਲੇ ਨੂੰ ਅੰਤਰ ਦ੍ਰਿਸ਼ਟੀ ਨਾਲ ਉਹ ਪ੍ਰਤੱਖ ਹੋ ਜਾਂਦਾ ਹੈ।"[1]

ਇਸ ਵਿਸ਼ੇ ਸੰਬੰਧੀ ਚਰਚਾ ਕਰਦਿਆਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਸ਼ਬਦ ਨੂੰ ਬ੍ਰਹਮ ਦਾ ਲਖਾਇਕ ਜਾਂ "ਸ਼ਬਦ ਸਰੂਪੀ ਨਿਰਗੁਣ ਬ੍ਰਹਮ"[2] ਕਹਿ ਕੇ ਸੁਰਤਿ ਅਤੇ ਸ਼ਬਦ ਦਾ ਜੋ ਸੰਬੰਧ ਨਿਰਧਾਰਿਤ ਕੀਤਾ ਹੈ, ਉਹ ਨਿਰਸੰਦੇਹ ਸਰੀਰਧਾਰੀ ਮਨੁੱਖ ਦੇ ਅੰਤਹਕਰਣ ਵਿਚ ਹੀ ਆਤਮਾ ਅਤੇ ਪਰਮਾਤਮਾ ਦਾ ਸੰਬੰਧ ਹੈ। ਇਸ ਸੰਬੰਧ ਨੂੰ ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ ਨੇ "ਸੁਰਤਿ-ਸ਼ਬਦ ਯੋਗ" ਕਿਹਾ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਲਗਭਗ ਹਰ ਪ੍ਰਕਾਰ ਦੀ ਅਧਿਆਤਮਕ ਚਰਚਾ ਵਿਚ "ਸੁਰਤਿ" ਜੋ ਜੀਵਾਤਮਾ ਦਾ ਪਰਿਆਇਵਾਚੀ ਹੈ ਅਤੇ "ਸ਼ਬਦ" ਜੋ ਨਿਰਗੁਣ ਬ੍ਰਹਮ ਦਾ ਪਰਿਆਇਵਾਚੀ ਹੈ, ਦੋਹਾਂ ਦਾ ਪ੍ਰਯੋਗ ਆਮ ਤੌਰ ਤੇ ਇਕਠਿਆਂ ਕੀਤਾ ਜਾਂਦਾ ਹੈ। ਸੁਰਤਿ ਸੰਬੰਧੀ ਉਪਰ ਕਾਫ਼ੀ ਚਾਨਣਾ ਪੈ ਚੁਕਾ ਹੈ, ਪਰੰਤੂ ਸ਼ਬਦ ਸੰਬੰਧੀ ਵਧੇਰੇ ਸਪਸ਼ਟੀਕਰਣ ਲਈ ਕੁਝ ਹੋਰ ਚਰਚਾ ਦੀ ਲੋੜ ਹੈ।

ਭਾਈ ਕਾਨ੍ਹ ਸਿੰਘ ਜੀ ਨੇ 'ਗੁਰਸ਼ਬਦ ਰਤਨਾਕਰ' ਵਿਚ 'ਸ਼ਬਦ' ਦੇ ਅਰਥ ਇਸ ਪ੍ਰਕਾਰ ਕੀਤੇ ਹਨ:

1. ਧੁਨਿ, ਆਵਾਜ਼, ਸੁਰ
2. ਪਦ, ਲਫ਼ਜ਼
3. ਗੁਰਤਗੁ
4. ਗੁਰਉਪਦੇਸ਼
5. ਬ੍ਰਹਮ, ਕਰਤਾਰ
6. ਧਰਮ, ਮਜ਼ਹਬ[3]

---

1. ਬਲਬੀਰ ਸਿੰਘ (ਡਾ.), <u>ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ</u>, ਭੂਮਿਕਾ, ਪੰਨਾ 14
2. ਪ੍ਰੇਮ ਪ੍ਰਕਾਸ਼ ਸਿੰਘ (ਡਾ.), <u>ਗੁਰੂ ਨਾਨਕ ਤੇ ਨਿਰਗੁਣ ਧਾਰਾ</u>, ਪੰਨਾ 193
3. ਕਾਨ੍ਹ ਸਿੰਘ ਨਾਭਾ (ਭਾਈ), <u>ਗੁਰਸ਼ਬਦ ਰਤਨਾਕਰ ਮਹਾਨ ਕੋਸ਼</u>, ਪੰਨਾ 156

ਗੁਰਬਾਣੀ ਅਨੁਸਾਰ "ਸ਼ਬਦ" ਸਰਬ-ਵਿਆਪਕ ਬ੍ਰਹਮ ਹੈ। ਗੋਚਰ ਅਤੇ ਅਗੋਚਰ ਜਗਤ ਸ਼ਬਦ ਦੀ ਉਪਜ ਹਨ। ਸ੍ਰਿਸ਼ਟੀ ਦੀ ਉਤਪਤੀ, ਪਰਲੈ ਅਤੇ ਦੁਬਾਰਾ ਫਿਰ ਸ੍ਰਿਸ਼ਟੀ ਦੀ ਹੋਂਦ ਸਭ ਸ਼ਬਦ ਦੁਆਰਾ ਹੀ ਹੈ:

ਉਤਪਤਿ ਪਰਲਉ ਸਬਦੇ ਹੋਵੈ।
ਸਬਦੇ ਹੀ ਫਿਰਿ ਓਪਤਿ ਹੋਵੈ।[1]

ਇਹ ਸ਼ਬਦ ਸ੍ਰਿਸ਼ਟੀ ਦੀ ਸਿਰਜਨਾ ਕਰਕੇ ਕਿਤੇ ਲਾਂਭੇ ਨਹੀਂ ਚਲਿਆ ਗਿਆ। ਇਹ ਸਾਡੇ ਸਰੀਰ ਅੰਦਰ ਬੈਠਾ ਹੈ ਅਤੇ ਇਸ ਕਾਇਆ ਨਗਰੀ ਵਿਚੋਂ ਹੀ ਅੰਤਰਮੁਖ ਹੋ ਕੇ ਇਸਦੀ ਖੋਜ ਕੀਤੀ ਜਾ ਸਕਦੀ ਹੈ:

ਕਾਇਆ ਨਗਰੀ ਸਬਦੇ ਖੋਜੇ
ਨਾਮੁ ਨਵੰਨਿਧਿ ਪਾਈ।[2]

ਇਹ ਸ਼ਬਦ ਕਿਸ ਰੂਪ ਵਿਚ ਵਿਆਪਕ ਹੈ? ਇਹ ਸੂਖਮ ਸ਼ਕਤੀ ਸੰਗੀਤਕ ਧੁਨੀ ਦੇ ਰੂਪ ਵਿਚ ਸਾਰੀ ਸ੍ਰਿਸ਼ਟੀ ਅਤੇ ਹਰ ਜੀਵ ਦੇ ਅੰਦਰ ਰਮੀ ਹੋਈ ਹੈ। ਸ਼ਬਦ ਦੀਆਂ ਅਨੇਕ ਧੁਨੀਆਂ ਵਿਚੋਂ ਗੁਰਬਾਣੀ ਵਿਚ ਪੰਜ ਪ੍ਰਮੁਖ ਧੁਨੀਆਂ ਦਾ ਜ਼ਿਆਦਾ ਵਰਨਣ ਕੀਤਾ ਗਿਆ ਹੈ ਅਤੇ ਇਨ੍ਹਾਂ ਨੂੰ ਪੰਜ ਸ਼ਬਦ ਦਾ ਨਾਂ ਦਿੱਤਾ ਗਿਆ ਹੈ। ਗੁਰਬਾਣੀ ਅਨੁਸਾਰ ਇਹ "ਅਨਹਦ" ਸ਼ਬਦ ਜੀਵ ਦੇ ਦਸਵੇਂ ਦੁਆਰ ਵਿਚ ਵਜ ਰਿਹਾ ਹੈ ਪਰੰਤੂ ਇਸਨੂੰ ਅੰਤਰਮੁਖ ਹੋ ਕੇ ਗੁਰੂ ਦੀ ਮੱਤ ਉਤੇ ਚਲਕੇ ਹੀ ਸੁਣਿਆ ਜਾ ਸਕਦਾ ਹੈ:

ਨਉ ਦਰਿ ਠਾਕੇ ਧਾਵਤੁ ਰਹਾਏ।
ਦਸਵੈ ਨਿਜ ਘਰਿ ਵਾਸਾ ਪਾਏ।
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦੁ ਸੁਣਾਵਣਿਆ।[3]

---

1. ਆਦਿ ਗ੍ਰੰਥ, ਮ. 3, ਪੰਨਾ 117
2. ਉਹੀ, ਮ. 3, ਪੰਨਾ 910
3. ਉਹੀ, ਮ. 3, ਪੰਨਾ 124

ਗੁਰਬਾਣੀ ਵਿਚ ਨਾਮ, ਹੁਕਮ, ਕਵਾਉ ਆਦਿ ਸ਼ਬਦ ਦੇ ਹੀ ਪਰਿਆਇਵਾਚੀ ਹਨ ਅਤੇ ਇਕੋ ਭਾਵ ਨੂੰ ਪ੍ਰਗਟਾਉਂਦੇ ਹਨ। ਅੰਗਰੇਜ਼ ਵਿਦਵਾਨ ਮੈਕਲੋਡ 'ਸ਼ਬਦ', 'ਨਾਮ', 'ਗੁਰੂ', 'ਹੁਕਮ', 'ਸੱਚ' ਅਤੇ 'ਨਦਰ' ਨੂੰ ਗੁਰੂ ਨਾਨਕ ਸਾਹਿਬ ਦੇ ਫਲਸਫੇ ਦੇ ਛੇ ਬੁਨਿਆਦੀ ਅੰਗ ਮੰਨਦਾ ਹੈ ਅਤੇ ਇਨ੍ਹਾਂ ਛੇਆਂ ਵਿਚ ਡੂੰਘੀ ਸਮਾਨਤਾ ਸਵੀਕਾਰ ਕਰਦਾ ਹੈ। ਉਹ ਕਹਿੰਦਾ ਹੈ ਕਿ ਇਹ ਲਫ਼ਜ਼ ਭਿੰਨ ਭਿੰਨ ਜ਼ਰੂਰ ਹਨ, ਪਰੰਤੂ ਇਹ ਇਕੋ ਸਤਿ ਦੇ ਵਖ ਵਖ ਪਹਿਲੂਆਂ ਨੂੰ ਪ੍ਰਗਟ ਕਰਦੇ ਹਨ।[1]

ਸਮੁੱਚੇ ਰੂਪ ਵਿਚ ਅਸੀਂ ਆਖ ਸਕਦੇ ਹਾਂ ਕਿ "ਸ਼ਬਦ" ਬ੍ਰਹਮ ਦਾ ਲਖਾਇਕ ਹੈ, ਸ਼ਬਦ ਸ੍ਰਿਸ਼ਟੀ ਦਾ ਕਰਤਾ ਹੈ। ਇਸ ਵਿਚੋਂ ਸੁਰੀਲੀ ਆਵਾਜ਼ ਵੀ ਆ ਰਹੀ ਹੈ, ਪ੍ਰਕਾਸ਼ ਵੀ ਆ ਰਿਹਾ ਹੈ। ਇਸਦੀ ਪ੍ਰਾਪਤੀ ਇਸ ਸਰੀਰ ਅੰਦਰੋਂ ਹੀ ਹੋ ਸਕਦੀ ਹੈ, ਪਰੰਤੂ ਇਨ੍ਹਾਂ ਇੰਦਰੀਆਂ ਦੁਆਰਾ ਨਹੀਂ। ਇਸਦੀ ਆਵਾਜ਼ ਨੂੰ ਸੁਣਨ ਅਤੇ ਪ੍ਰਕਾਸ਼ ਨੂੰ ਦੇਖਣ ਲਈ ਅੰਦਰਲੀਆਂ ਅੱਖਾਂ ਅਤੇ ਕੰਨਾਂ ਦੀ ਲੋੜ ਹੈ:

> ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ।
> ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ।
> ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ।
> ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ।[2]

## ਸੁਰਤਿ ਸ਼ਬਦ ਦੇ ਸੰਜੋਗ ਦੀ ਮਹੱਤਤਾ:

'ਸੁਰਤਿ' ਦੇ 'ਸ਼ਬਦ' ਨਾਲ ਜੁੜਨ ਨੂੰ ਸੁਰਤਿ-ਸ਼ਬਦ-ਯੋਗ ਕਿਹਾ ਗਿਆ ਹੈ। ਯੋਗ ਦਾ ਅਰਥ ਹੈ ਜੁੜਨਾ। ਸੁਰਤਿ-ਸ਼ਬਦ ਦੀ ਸੇਵਾ ਜਾਂ ਕਮਾਈ ਉਤੇ ਗੁਰਬਾਣੀ ਵਿਚ ਬਹੁਤ ਜ਼ੋਰ ਦਿਤਾ ਗਿਆ ਹੈ। ਭਾਈ ਗੁਰਦਾਸ ਜੀ ਨੇ ਤਾਂ ਗੁਰਸਿਖੀ ਦਾ ਆਧਾਰ ਹੀ ਸੁਰਤਿ-ਸ਼ਬਦ ਦੇ

---

1. Our analyses at this point must concern six key words: Word (Sabad), Name (Nam), Divine Preceptor (Guru), Divine Order (Hukam), Truth (Sach), and Grace (Nadar)... Frequently these words are used in ways which render them synonymous.

   W.H. MacLeod, Guru Nanak and the Sikh Religion, p. 190

2. ਆਦਿ ਗ੍ਰੰਥ, ਮ. 2, ਪੰਨਾ 139

ਆਪਸੀ ਸਤਿਸੰਗ ਨੂੰ ਨਿਰਧਾਰਤ ਕੀਤਾ ਹੈ:

> ਗੁਰਸਿਖੀ ਦਾ ਸਿਖਣਾ
> ਸਬਦਿ ਸੁਰਤਿ ਸਤਿ ਸੰਗਤਿ ਸਿਖੈ।[1]

ਜਿਸ ਤਰ੍ਹਾਂ ਮਹੱਲ ਉਤੇ ਚੜ੍ਹਨ ਲਈ ਪਉੜੀਆਂ ਜ਼ਰੂਰੀ ਹਨ, ਦਰਿਆ ਪਾਰ ਕਰਨ ਲਈ ਬੇੜੀ ਦੀ ਜ਼ਰੂਰਤ ਹੈ, ਇਸੇ ਤਰ੍ਹਾਂ ਇਥੇ ਵਸਦੀ ਆਤਮਾ ਲਈ ਸਚਖੰਡ ਵਿਚ ਵਸਦੇ ਪ੍ਰਭੂ ਨਾਲ ਮਿਲਾਪ ਕਰਨ ਲਈ ਸੁਰਤਿ ਨੂੰ ਸ਼ਬਦ ਨਾਲ ਜੋੜਕੇ ਹੀ ਭਵਸਾਗਰ ਤੋਂ ਪਾਰ ਹੋ ਸਕਣਾ ਹੈ:

> ਏ ਮਨ ਮੇਰਿਆ
> ਬਿਨੁ ਪਉੜੀਆ ਮੰਦਿਰ ਕਿਉ ਚੜੈ ਰਾਮ।
> ਏ ਮਨ ਮੇਰਿਆ
> ਬਿਨੁ ਬੇੜੀ ਪਾਰਿ ਨ ਅੰਬੜੈ ਰਾਮ।
> ਪਾਰਿ ਸਾਜਨੁ ਅਪਾਰੁ ਪ੍ਰੀਤਮੁ
> ਗੁਰ ਸਬਦ ਸੁਰਤਿ ਲੰਘਾਵਏ।
> ਮਿਲਿ ਸਾਧ ਸੰਗਤਿ ਕਰਹਿ ਰਲੀਆ
> ਫਿਰਿ ਨ ਪਛੋਤਾਵਏ। [2]

ਗੁਰੂ ਸਾਹਿਬ ਨੇ ਤਾਂ ਸੁਰਤਿ ਸ਼ਬਦ ਦੀ ਸੇਵਾ ਨਾ ਕਰਨ ਵਾਲਿਆਂ ਬਾਰੇ ਕਿਹਾ ਹੈ ਕਿ ਉਹ ਇਸ ਆਵਾਗਵਨ ਦੇ ਚੱਕਰ ਵਿਚ ਹੀ ਰਹਿੰਦੇ ਹਨ:

> ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ।
> ਸਬਦ ਸੁਰਤਿ ਬਿਨੁ ਆਈਐ ਜਾਈਐ।[3]

---

1. ਵਾਰਾਂ ਭਾਈ ਗੁਰਦਾਸ (28:5)
2. ਆਦਿ ਗ੍ਰੰਥ, ਮ. 1, ਪੰਨਾ 1113
3. ਉਹੀ, ਮ. 1, ਪੰਨਾ 1042

ਸੁਰਤਿ ਦੀ ਸੇਵਾ ਹੈ ਹੀ ਸ੍ਰਬਦ ਦੀ ਕਮਾਈ। ਜਦੋਂ ਸੇਵਕ ਦੀ ਸੁਰਤਿ ਸ੍ਰਬਦ ਦੀ ਕਮਾਈ ਕਰਦੀ ਹੈ ਤਾਂ ਉਸਦੇ ਸਾਰੇ ਜਪ ਤਪ ਸੰਜਮ ਹੋ ਜਾਂਦੇ ਹਨ, ਹਉਮੈ ਮਰ ਜਾਂਦੀ ਹੈ, ਪ੍ਰਭੂ ਦਾ ਭਾਣਾ ਮਿੱਠਾ ਲਗਣ ਲਗ ਜਾਂਦਾ ਹੈ:

1. ਸੇਵਾ ਸੁਰਤਿ ਸਬਦਿ ਵੀਚਾਰਿ।
ਜਪੁ ਤਪੁ ਸੰਜਮੁ ਹਉਮੈ ਮਾਰਿ।[1]

2. ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ
ਕਰਮੀ ਪਲੈ ਪਾਇ।
ਨਾਨਕ ਸੇਵਾ ਸੁਰਤਿ ਕਮਾਵਣੀ
ਜੋ ਹਰਿ ਭਾਵੈ ਸੋ ਥਾਇ ਪਾਇ।[2]

<u>ਸੁਰਤਿ ਸੇਵਾ ਦੀ ਵਿਧੀ:</u>

ਪਿਛੇ ਅਸੀਂ ਸੁਰਤਿ ਦੇ ਸਥਾਨ ਦੀ ਗੱਲ ਕੀਤੀ ਸੀ ਕਿ ਸੁਰਤਿ ਦਾ ਨਿਵਾਸ ਅੰਤਹਕਰਣ ਵਿਚ ਉਸ ਗੁਫ਼ਾ ਖੇਤਰ ਵਿਚ ਹੈ, ਜਿਥੇ ਨਿਰੰਕਾਰ ਬ੍ਰਹਮ ਦਾ ਵਾਸਾ ਹੈ। ਪਰ ਕਿਉਂਕਿ ਕਰਮਾਂ ਦੀ ਮੈਲ ਚੜ੍ਹਨ ਕਰਕੇ ਸਾਡੀ ਆਤਮਾ ਦਾ ਸ੍ਰਬਦ ਨਾਲ ਮਿਲਾਪ ਨਹੀਂ ਹੋ ਰਿਹਾ ਅਤੇ ਸੁਰਤਿ ਨੌਂ ਦੁਆਰਿਆਂ ਵਿਚ ਖਿੰਡੀ ਹੋਈ ਹੈ, ਇਸੇ ਲਈ ਮਨੁੱਖ ਆਵਾਗਉਣ ਦੇ ਚੱਕਰ ਵਿਚ ਫਸਿਆ ਹੋਇਆ ਹੈ। ਮਨੁੱਖ ਦੇ ਅੰਦਰ ਦੋ ਪ੍ਰਵਿਰਤੀਆਂ ਕੰਮ ਕਰਦੀਆਂ ਹਨ, ਇਕ ਸਿਮਰਣ ਦੀ ਅਤੇ ਦੂਜੀ ਧਿਆਨ ਦੀ। ਅਸੀਂ ਸਾਰਾ ਦਿਨ ਜਗਤ ਦੇ ਪਦਾਰਥਕ ਪਾਸਾਰ ਬਾਰੇ ਸੋਚਦੇ ਰਹਿੰਦੇ ਹਾਂ ਅਤੇ ਉਨ੍ਹਾਂ ਦਾ ਹੀ ਸਿਮਰਨ ਕਰਦੇ ਹਾਂ। ਜਿਨ੍ਹਾਂ ਦਾ ਸਿਮਰਨ ਕਰਦੇ ਹਾਂ ਉਨ੍ਹਾਂ ਦੀਆਂ ਹੀ ਸ੍ਰਕਲਾਂ ਸਾਡੇ ਸਾਹਮਣੇ ਆ ਖੜ੍ਹੀਆਂ ਹੋ ਜਾਂਦੀਆਂ ਹਨ। ਗੁਰਬਾਣੀ ਸਾਨੂੰ ਦੁਨੀਆਂ ਦੀਆਂ ਨਾਸ੍ਰਵਾਨ ਚੀਜ਼ਾਂ ਦਾ ਸਿਮਰਨ ਕਰਨ ਦੀ ਥਾਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦੀ ਹਦਾਇਤ ਦਿੰਦੀ ਹੈ ਜਿਸ ਅਨੁਸਾਰ ਸਿਮਰਨ ਕਰਨ ਸਮੇਂ ਆਪਣੇ ਧਿਆਨ ਜਾਂ ਸੁਰਤਿ ਨੂੰ ਅੱਖਾਂ ਪਿਛੇ ਟਿਕਾਉਣਾ ਹੈ ਜਿਸਨੂੰ ਤੀਸਰਾ ਤਿਲ ਵੀ ਕਿਹਾ ਜਾਂਦਾ ਹੈ। ਇਸ ਨੂੰ ਸੁਰਤਿ-ਸ੍ਰਬਦ ਦਾ ਅਭਿਆਸ ਆਖਦੇ ਹਨ। ਪ੍ਰੋ: ਰਾਮ ਸਿੰਘ ਆਖਦੇ ਹਨ:

"... ਜਦ ਤਕ ਬਿਰਤੀ ਇਕਾਗਰ ਹੋਣੀ ਸ਼ੁਰੂ ਨਾ ਹੋਵੇ ਤਦ ਤਕ ਇਸ

---

1. <u>ਆਦਿ ਗ੍ਰੰਥ</u>, ਮ. 1, ਪੰਨਾ 1343
2. ਉਹੀ, ਮ. 3, ਪੰਨਾ 88

ਵਿਚ ਰਸ ਨਹੀਂ ਪੈਂਦਾ। ਰਸ ਪੈਣ ਬਾਅਦ ਜੀਵਨ ਦੀਆਂ ਸਭ ਭੁੱਖਾਂ ਮਿਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਬਾਹਰਲਾ ਜੀਵਨ ਇਕ ਨਿਸਫਲ ਤ੍ਰਿਸ਼ਨਾ ਦਾ ਚੱਕਰ ਜਾਪਦਾ ਹੈ ਤੇ ਅੰਦਰਲਾ ਆਪਾ ਜੀਵਨ ਦੀ ਅਨੰਤਤਾ ਤੇ ਅਟੱਲਤਾ ਦੇ ਭਾਵਾਂ ਨਾਲ ਭਰਪੂਰ ਹੋ ਕੇ, ਸ਼ਾਂਤ, ਸੰਤੁਸ਼ਟ ਤੇ ਸੁਖੀ ਪ੍ਰਤੀਤ ਕਰਦਾ ਹੈ।"[1]

ਪਿਛੇ ਜ਼ਿਕਰ ਹੋ ਚੁੱਕਾ ਹੈ ਕਿ 'ਧਿਆਨ', 'ਸੁਰਤਿ' ਦਾ ਪਰਿਆਇਵਾਚੀ ਸ਼ਬਦ ਹੈ। ਇਸ ਲਈ ਸੇਵਕ ਆਪਣੀ ਸੁਰਤਿ ਅਥਵਾ ਧਿਆਨ ਨੂੰ ਸ਼ਬਦ ਨਾਲ ਜੋੜਨ ਲਈ ਸਿਮਰਨ ਦੀ ਵਿਧੀ ਦੀ ਵਰਤੋਂ ਕਰਦਾ ਹੈ। ਪ੍ਰਭੂ ਦੇ ਸਿਮਰਨ ਵੇਲੇ ਉਹ ਆਪਣਾ ਧਿਆਨ ਆਪਣੇ ਨੇਤਰਾਂ ਦੇ ਪਿਛੇ ਉਸ ਥਾਂ ਟਿਕਾਉਂਦਾ ਹੈ ਜਿਸ ਨੂੰ ਗੁਰਬਾਣੀ ਵਿਚ 'ਤਿਲ' ਜਾਂ 'ਤੀਸਰਾ ਤਿਲ' ਕਿਹਾ ਗਿਆ ਹੈ। ਖਿੰਡੇ ਹੋਏ ਤੇ ਭਟਕਦੇ ਮਨ ਦਾ ਇਸ ਤਿਲ ਵਿਚ ਵਾਸਾ ਨਹੀਂ ਹੁੰਦਾ, ਜਿਵੇਂ ਕਿ ਹੇਠ ਲਿਖੀਆਂ ਪੰਗਤੀਆਂ ਤੋਂ ਸਪਸ਼ਟ ਹੈ:

ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ।
ਤਿਲੁ ਘਰਿ ਨਹੀ ਵਾਸਾ ਪਾਈਐ।[2]

ਇਸੇ ਲਈ ਸਿਮਰਨ ਰਾਹੀਂ ਮਨ ਨੂੰ ਖਿੰਡਣ ਤੋਂ ਬਚਾ ਕੇ ਸੇਵਕ ਆਪਣਾ ਧਿਆਨ ਇਸ ਤਿਲ ਉਤੇ ਟਿਕਾਉਂਦਾ ਹੈ ਤਾਂ ਜੋ ਉਸਦੀ ਸੁਰਤਿ ਸ਼ਬਦ ਨਾਲ ਜੁੜ ਜਾਏ। ਇਹ ਤਿਲ ਹੀ ਉਹ ਸਥਾਨ ਹੈ ਜਿਸ ਵਿਚ ਸੇਵਕ ਗੁਰੂ ਦੀ ਮੂਰਤ ਦੇ ਦਰਸ਼ਨ ਕਰਦਾ ਹੈ ਅਤੇ ਇਸ ਮੂਰਤ ਉਤੇ ਧਿਆਨ ਟਿਕਾ ਕੇ ਗੁਰੂ ਦੇ ਸ਼ਬਦ ਨੂੰ ਸਰਵਣ ਕਰਦਾ ਹੈ:

1. ਗੁਰ ਮੂਰਤਿ ਸਿਉ ਲਾਇ ਧਿਆਨ।[3]

2. ਗੁਰ ਕੀ ਮੂਰਤਿ ਮਨ ਮਹਿ ਧਿਆਨੁ।
   ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ।[4]

---

1. ਰਾਮ ਸਿੰਘ (ਪ੍ਰੋ:), ਜਪੁਜੀ ਦਾ ਵਿਸ਼ਾ ਤੇ ਰੂਪ, ਪੰਨਾ 102
2. ਆਦਿ ਗ੍ਰੰਥ, ਮ. 4, ਪੰਨਾ 1179
3. ਉਹੀ, ਮ. 5, ਪੰਨਾ 192
4. ਉਹੀ, ਮ. 5 ਪੰਨਾ 864

ਇਸ ਪ੍ਰਕਾਰ ਸੇਵਕ ਮੋਹ ਮਾਇਆ ਦੇ ਜਾਲ ਤੋਂ ਇਤਨਾ ਉਚੇਰੇ ਉਠ ਜਾਂਦਾ ਹੈ ਕਿ ਉਸਨੂੰ ਸੁਰਤਿ ਤੇ ਸ਼ਬਦ ਦੇ ਸੰਜੋਗ ਦੇ ਫਲਸਰੂਪ ਹਰ ਵੇਲੇ ਆਪਣੇ ਸਤਿਗੁਰੂ ਦੀ ਮੂਰਤ ਆਪਣੇ ਮੱਥੇ ਵਿਚ ਸਾਖਿਆਤ ਦਿਸਣ ਲਗ ਪੈਂਦੀ ਹੈ ਅਤੇ ਜਿਥੇ ਕਿਤੇ ਵੀ ਉਹ ਵਿਚਰ ਰਿਹਾ ਹੋਵੇ, ਆਪਣਾ ਗੁਰੂ ਉਸਨੂੰ ਆਪਣੇ ਅੰਗ ਸੰਗ ਹੀ ਪ੍ਰਤੀਤ ਹੁੰਦਾ ਹੈ:

ਸਫਲ ਮੂਰਤਿ ਗੁਰੁ ਮੇਰੈ ਮਾਥੈ।
ਜਤ ਕਤ ਪੇਖਉ ਤਤ ਤਤ ਸਾਥੈ।[1]

ਸੁਰਤਿ ਸ਼ਬਦ ਦੇ ਸੰਜੋਗ ਦੀ ਇਸ ਅਵਸਥਾ ਵਿਚ ਸੇਵਕ ਦਾ ਹਰ ਅੰਗ ਪ੍ਰਭੂ ਨਾਲ ਜੁੜ ਜਾਂਦਾ ਹੈ, ਉਸਦੇ ਅੰਦਰ ਸਹਿਜ ਸੁਭਾ ਗੁਰੂ ਦੀ ਆਰਾਧਨਾ ਹੋ ਰਹੀ ਹੁੰਦੀ ਹੈ, ਉਹਦੀ ਜੀਭ ਸਹਿਜ ਸੁਭਾ ਗੁਰੂ ਦੇ ਨਾਮ ਦਾ ਜਾਪ ਕਰ ਰਹੀ ਹੁੰਦੀ ਹੈ, ਉਸਦੇ ਨੇਤਰ ਸਹਿਜ ਸੁਭਾ ਗੁਰੂ ਦੇ ਦੀਦਾਰ ਕਰ ਰਹੇ ਹੁੰਦੇ ਹਨ ਅਤੇ ਉਸਦੇ ਕੰਨਾਂ ਵਿਚ ਸਹਿਜ ਸੁਭਾ ਹੀ ਗੁਰੂ ਦੇ ਸ਼ਬਦ ਦੀ ਧੁਨੀ ਸੁਣਾਈ ਦੇ ਰਹੀ ਹੁੰਦੀ ਹੈ:

ਅੰਤਰਿ ਗੁਰੁ ਆਰਾਧਣਾ
ਜਿਹਵਾ ਜਪਿ ਗੁਰ ਨਾਉ।
ਨੇਤ੍ਰੀ ਸਤਿਗੁਰੁ ਪੇਖਣਾ
ਸ੍ਰਵਣੀ ਸੁਨਣਾ ਗੁਰ ਨਾਉ।[2]

ਇਸ ਸੰਦਰਭ ਵਿਚ ਗੁਰਬਾਣੀ ਅਨੁਸਾਰ ਗੁਰੂ ਜਾਂ ਸਤਿਗੁਰੂ ਨੂੰ ਸ਼ਬਦ ਸਰੂਪ ਮੰਨਿਆ ਗਿਆ ਹੈ। ਇਸ ਲਈ ਮੱਥੇ ਵਿਚ ਟਿਕੀ ਹੋਈ ਗੁਰੂ ਦੀ ਮੂਰਤ ਦੇ ਦਰਸ਼ਨ ਅਤੇ ਸੁਰਤਿ-ਸ਼ਬਦ ਦੇ ਸੰਜੋਗ ਵਿਚ ਕੋਈ ਫ਼ਰਕ ਨਹੀਂ ਜਿਹਾ ਕਿ ਹੇਠ ਲਿਖੀ ਪੰਗਤੀ ਤੋਂ ਸਪਸ਼ਟ ਹੈ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ।[3]

---

1. <u>ਆਦਿ ਗ੍ਰੰਥ</u>, ਮ. 5, ਪੰਨਾ 535
2. ਉਹੀ, ਮ. 5, ਪੰਨਾ 517
3. ਉਹੀ, ਮ. 1, ਪੰਨਾ 943

ਅਜਿਹੀ ਅਵਸਥਾ ਵਿਚ ਸੇਵਕ ਦੀ ਸੁਰਤਿ, ਸ਼ਬਦ ਵਿਚੋਂ ਆ ਰਹੀ ਅਨਹਦ ਆਵਾਜ਼ ਨੂੰ ਪਕੜ ਕੇ ਮਹਾਨ ਹੋ ਜਾਂਦੀ ਹੈ ਅਤੇ ਅਜਿਹੀ ਅਵਸਥਾ ਨੂੰ ਗੁਰਬਾਣੀ ਵਿਚ ਇਕਾਗਰਤਾ ਜਾਂ ਸਮਾਧੀ ਦੀ ਅਵਸਥਾ ਵੀ ਕਿਹਾ ਗਿਆ ਹੈ। ਇਸੇ ਲਈ 'ਸੁਰਤਿ' ਦੀ ਸੇਵਾ ਬੜੀ ਔਖੀ ਹੈ, ਕਿਉਂਕਿ ਇਸ ਵਿਚ ਆਪਾ ਮਾਰਨਾ, ਜਿਸਨੂੰ ਜੀਂਦੇ-ਜੀਅ ਮਰਨਾ ਆਖਦੇ ਹਨ, ਦਾ ਅਭਿਆਸ ਕਰਨਾ ਪੈਂਦਾ ਹੈ। ਇਸ ਸੰਦਰਭ ਵਿਚ ਡਾ. ਬਲਬੀਰ ਸਿੰਘ ਜੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ:

> "ਸ਼ਬਦ ਸੁਰਤਿ ਦਾ ਤਰੀਕਾ ਹੁਨਰ (Art) ਦਾ ਤਰੀਕਾ ਹੈ। ਫ਼ਰਕ ਇਕ ਗੱਲ ਦਾ ਰਹਿ ਜਾਂਦਾ ਹੈ। ਹੁਨਰਮੰਦ ਆਦਮੀ (Artist) ਆਪਣੇ ਹੁਨਰ ਵਿਚ ਆਪਣੇ ਆਪੇ ਦਾ ਪ੍ਰਗਟਾਉ ਕਰਦਾ ਹੈ। ਸ਼ਬਦ ਦੀ ਕਮਾਈ ਵਿਚ ਇਹ ਗੱਲ ਨਹੀਂ। ਸ਼ਬਦ ਦੀ ਕਮਾਈ ਵਿਚ ਆਪਣੇ 'ਆਪੇ' ਦਾ ਇਨਕਾਰ ਹੈ, ਆਪਣੇ 'ਆਪੇ' ਨੂੰ ਮਨਫ਼ੀ (negate) ਕਰਨਾ ਹੈ। ਸ਼ਬਦ ਦੇ ਵਿਚ ਹੀ ਆਪਣੇ ਆਪ ਨੂੰ ਡੋਬ ਦੇਣਾ ਹੈ। ਉਸ ਵਿਚ ਜਜ਼ਬ ਹੋ ਜਾਣਾ ਹੈ, ਉਸ ਵਿਚ ਮਰ ਜਾਣਾ ਹੈ। ਪ੍ਰਾਪਤੀ ਸਾਰੀ ਇਸ ਮਰ ਜਾਣ ਤੋਂ ਹੈ।"[1]

ਆਪਣੇ ਵਿਚਾਰ ਦੀ ਪੁਸ਼ਟੀ ਕਰਦੇ ਹੋਏ ਡਾਕਟਰ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਪੰਗਤੀ ਉਦਾਹਰਣਾਰਥ ਦਿੰਦੇ ਹਨ:

> ਸਬਦਿ ਮਰੈ ਸੋ ਮਰਿ ਰਹੈ
> ਫਿਰਿ ਮਰੈ ਨ ਦੂਜੀ ਵਾਰ।[2]

<u>ਸੁਰਤਿ ਸੇਵਾ ਤੋਂ ਬਾਅਦ ਸਾਧਕ ਦਾ ਰੁਪਾਂਤਰੀਕਰਣ:</u>

ਜਦੋਂ ਸਾਧਕ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜਦਾ ਹੈ ਤਾਂ ਇਸਦਾ ਸੰਬੰਧ ਉਸਦੀ ਆਪਣੀ ਨਿਜੀ ਹੋਂਦ ਨਾਲ ਹੀ ਹੁੰਦਾ ਹੈ, ਜਿਵੇਂ ਡਾ. ਬਲਬੀਰ ਸਿੰਘ ਜੀ ਆਖਦੇ ਹਨ:

---

1. ਬਲਬੀਰ ਸਿੰਘ (ਡਾ.), <u>ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ</u>, ਭੂਮਿਕਾ, ਪੰਨਾ 22
2. <u>ਆਦਿ ਗ੍ਰੰਥ</u>, ਮ. 1, ਪੰਨਾ 58

"ਸ਼ਬਦ ਅਤੇ ਸੁਰਤਿ ਵਿਚ ਜੋ ਸੰਬੰਧ ਹੈ, ਉਹ ਸ਼ਖਸੀ (personal) ਰਿਸ਼ਤਾ ਹੈ। ਉਹ ਐਸਾ ਹੈ ਜੈਸਾ ਕਿ ਦੋ ਹਸਤੀਆਂ ਵਿਚ ਨੇਹੁ ਹੁੰਦਾ ਹੈ। ਸ਼ਬਦ ਵਿਚ ਸ਼ਖਸੀਅਤ ਹੈ, ਆਪਣਾ ਨਿਜੀਪਨ ਹੈ, ਆਪਣੀ ਖ਼ੁਦੀ ਹੈ। ਉਹ ਗੁਰੂ ਰੂਪ ਹੈ, ਉਹ ਗੁਰੂ ਹੈ। ਸੁਰਤਿ ਜੀਵ ਰੂਪ ਹੈ, ਉਹ ਜੀਵ ਹੈ। ਦੋਹਾਂ ਦਾ ਸਨੇਹ ਸੰਬੰਧ ਹੈ। ਇਸ ਸ਼ਖਸੀ ਪੱਧਰ ਉਪਰ ਇਹ ਨਿਜੀ ਰਿਸ਼ਤੇਦਾਰੀ ਹੈ। ਇਹੋ ਜਾਤੀ ਪ੍ਰੇਮ 'ਸ਼ਬਦ ਸੁਰਤਿ' ਸੰਜੋਗ ਹੈ।"[1]

ਆਪਣੀ ਇਸ ਧਾਰਣਾ ਦੀ ਪੁਸ਼ਟੀ ਵਜੋਂ ਡਾਕਟਰ ਬਲਬੀਰ ਸਿੰਘ ਜੀ ਗੁਰੂ ਅਰਜਨ ਦੇਵ ਜੀ ਦੀਆਂ ਹੇਠ-ਲਿਖੀਆਂ ਪੰਕਤੀਆਂ ਦਾ ਹਵਾਲਾ ਦਿੰਦੇ ਹਨ:

ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ
ਬੀਚੁ ਨ ਰਾਈ ਹੋਤ।
ਚਰਨ ਕਮਲ ਮਨੁ ਬੇਧਿਓ
ਬੂਝਨੁ ਸੁਰਤਿ ਸੰਜੋਗ।[2]

ਪਰੰਤੂ ਸੇਵਕ ਸੁਰਤਿ ਦੇ ਸ਼ਬਦ ਨਾਲ ਸੰਜੋਗ ਤੋਂ ਬਾਅਦ ਸ਼ਬਦ ਰੂਪੀ ਪਾਰਬ੍ਰਹਮ ਭਾਵ ਪਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ, ਉਸ ਨਾਲ ਮਿਲਾਪ ਕਰ ਲੈਂਦਾ ਹੈ। ਫਿਰ ਉਸਨੂੰ ਸਾਰੀ ਖ਼ਲਕਤ ਵਿਚੋਂ ਪ੍ਰੀਤਮ ਦੇ ਦਰਸ਼ਨ ਹੁੰਦੇ ਹਨ। ਜਦੋਂ ਉਸਦੀ ਅਵਸਥਾ ਇਹ ਹੋ ਜਾਂਦੀ ਹੈ ਤਾਂ ਉਸਨੂੰ ਇਕੋ ਹੀ ਨੂਰ ਸਭ ਪਾਸੇ ਨਜ਼ਰ ਆਉਣ ਲਗਦਾ ਹੈ। ਸੁਰਤਿ ਦੀ ਇਸ ਅਵਸਥਾ ਤੋਂ ਬਾਅਦ ਉਸਨੂੰ ਸਭ ਆਪਣੇ ਹੀ ਲਗਦੇ ਹਨ ਅਤੇ ਸਾਰੀ ਕਾਇਨਾਤ ਉਸੇ ਨੂੰਰ ਦੀ ਹੀ ਉਪਜ ਲਗਦੀ ਹੈ। ਕਬੀਰ ਜੀ ਦੇ ਸ਼ਬਦਾਂ ਵਿਚ:

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ

---

1. ਬਲਬੀਰ ਸਿੰਘ (ਡਾ.), ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ, ਪੰਨਾ 21

2. ਆਦਿ ਗ੍ਰੰਥ, ਮ. 5, ਪੰਨਾ 1363-64

ਕਉਨ ਭਲੇ ਕੋ ਮੰਦੇ।[1]

ਸੇਵਾ ਦੇ ਕਾਰਜ ਵਿਚ ਜੁੜੇ ਹੋਏ, ਸੁਰਤਿ ਦੀ ਇਸ ਅਵਸਥਾ ਵਾਲੇ ਸੇਵਕ ਅੰਦਰ ਘਿਰਣਾ ਲਈ ਕੋਈ ਥਾਂ ਨਹੀਂ ਰਹਿੰਦੀ, ਕਿਸੇ ਤੰਗੀ ਜਾਂ ਥੁੜ ਕਾਰਨ ਢਹਿੰਦੀ ਕਲਾ ਦੇ ਪਰਛਾਵੇਂ ਦੀ ਸਲ੍ਹਾਬ ਦਾ ਉਹ ਮੁਥਾਜ ਨਹੀਂ ਹੁੰਦਾ। ਡਾ. ਬਲਬੀਰ ਸਿੰਘ ਲਿਖਦੇ ਹਨ:

> "ਸੁਰਤਿ ਵਾਲਾ ਬੰਦਾ ਪਰਉਪਕਾਰ ਦੇ ਉਤਸ਼ਾਹ ਵਿਚ ਰਹਿੰਦਾ ਹੈ, ਉਹ ਬਲੀਦਾਨ ਦੀ ਉਮੰਗਿ ਵਿਚ ਵਿਚਰਦਾ ਹੈ, ਉਹ ਗੁਰਮੁਖ ਹੈ, ਉਹ ਜੀਵਨ ਮੁਕਤ ਹੈ।"[2]

ਡਾ. ਬਲਬੀਰ ਸਿੰਘ ਜੀ ਦੀ ਉਪਰੋਕਤ ਟੂਕ ਵਿਚ ਸੁਰਤਿ ਦੀ ਸੇਵਾ ਦਾ ਸਾਰੰਸ਼ ਅੰਕਿਤ ਹੈ। ਇਸ ਟੂਕ ਵਿਚ ਵਰਤਿਆ ਗਿਆ ਸ਼ਬਦ 'ਪਰਉਪਕਾਰ' ਸੇਵਾ ਦਾ ਹੀ ਪਰਿਆਇਵਾਚੀ ਸ਼ਬਦ ਹੈ। 'ਪਰਉਪਕਾਰ ਦਾ ਉਤਸ਼ਾਹ' ਅਤੇ 'ਬਲੀਦਾਨ ਦੀ ਉਮੰਗਿ' ਆਚਰਣ ਦੀਆਂ ਦੋ ਅਜਿਹੀਆਂ ਉਚਾਈਆਂ ਹਨ ਜਿਨ੍ਹਾਂ ਤਕ ਪਹੁੰਚਣਾ ਸੁਰਤਿ ਦੀ ਸੇਵਾ ਵਿਚ ਆਵਸ਼ਕ ਹੈ। ਜਿਸ ਵਿਅਕਤੀ ਵਿਚ ਪਰਉਪਕਾਰ ਲਈ ਉਤਸ਼ਾਹ ਹੁੰਦਾ ਹੈ ਉਸਦਾ ਸੁਆਰਥ-ਰਹਿਤ ਹੋਣਾ ਕੁਦਰਤੀ ਹੈ, ਪਰੰਤੂ ਇਸ ਉਕਤੀ ਵਿਚ ਲੁਕੇ ਹੋਏ ਭਾਵ ਨੂੰ ਹੋਰ ਵਧੇਰੇ ਦ੍ਰਿੜ੍ਹ ਕਰਵਾਉਣ ਲਈ ਡਾ. ਬਲਬੀਰ ਸਿੰਘ ਜੀ ਨੇ 'ਬਲੀਦਾਨ ਦੀ ਉਮੰਗਿ' ਨੂੰ ਇਸ ਉਕਤੀ ਦੇ ਨਾਲ ਜੋੜ ਦਿੱਤਾ ਹੈ ਅਰਥਾਤ ਡਾਕਟਰ ਸਾਹਿਬ ਨੇ ਇਹ ਸਪਸ਼ਟ ਸੰਕੇਤ ਕਰ ਦਿਤਾ ਹੈ ਕਿ ਸੁਰਤਿ ਵਾਲਾ ਬੰਦਾ ਇਹੋ ਜਿਹਾ ਉਤਸਾਹੀ ਸੇਵਕ ਹੁੰਦਾ ਹੈ ਜਿਸ ਵਿਚ ਦੂਜਿਆਂ ਲਈ ਆਪਣਾ ਆਪਾ ਨਿਛਾਵਰ ਕਰਨ ਦੀ ਉਮੰਗ ਹਮੇਸ਼ਾ ਉਦੀਪਤ ਰਹਿੰਦੀ ਹੈ।

ਉਪਰੋਕਤ ਚਰਚਾ ਨੂੰ ਸਾਰੰਸ਼ ਰੂਪ ਵਿਚ ਅਸੀਂ ਇਸ ਤਰ੍ਹਾਂ ਲੈ ਸਕਦੇ ਹਾਂ ਕਿ ਸਰੀਰਧਾਰੀ ਮਨੁੱਖ ਦੀ ਅੰਤਹਕਰਣ ਦੀ ਜਿਸ ਦੈਵੀ ਸੂਝ ਨੂੰ ਸੁਰਤਿ ਕਿਹਾ ਜਾਂਦਾ ਹੈ ਉਹ ਗਿਆਨ ਇੰਦਰੀਆਂ ਦੀ ਪਕੜ ਤੋਂ ਆਜ਼ਾਦ ਹੁੰਦੀ ਹੈ ਅਤੇ ਨਿਰਗੁਣ ਬ੍ਰਹਮ ਨਾਲ ਪੂਰੀ ਤਰ੍ਹਾਂ ਇਕਸੁਰ ਹੋਈ ਹੁੰਦੀ ਹੈ। ਇਸ ਲਈ ਸ਼ਬਦ ਰੂਪੀ ਨਿਰਗੁਣ ਬ੍ਰਹਮ ਨਾਲ ਇਕਰੂਪ ਹੋ ਕੇ ਸੁਰਤਿ ਵੀ

---

1. ਆਦਿ ਗ੍ਰੰਥ, ਬਾਣੀ ਕਬੀਰ ਜੀ, ਪੰਨਾ 1349

2. ਬਲਬੀਰ ਸਿੰਘ (ਡਾ.), ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਭੂਮਿਕਾ, ਪੰਨਾ 28

ਬ੍ਰਹਮ ਜਿੰਨੀ ਹੀ ਵਿਸ਼ਾਲ ਹੋ ਜਾਂਦੀ ਹੈ। ਜਿਹੜਾ ਸੇਵਕ ਸੁਰਤਿ ਤੇ ਸ਼ਬਦ ਦੇ ਸੰਜੋਗ ਤੋਂ ਪ੍ਰਾਪਤ ਹੋਈ ਇਕਸੁਰਤਾ ਤੋਂ ਬਾਅਦ ਸੇਵਾ ਵਿਚ ਵਿਅਸਤ ਹੁੰਦਾ ਹੈ ਉਹ ਪੂਰਣ ਭਾਂਤ ਸਮਦ੍ਰਿਸ਼ਟੀ ਵਾਲਾ ਬ੍ਰਹਮ ਗਿਆਨੀ ਹੋ ਜਾਂਦਾ ਹੈ, ਜਿਸਦੀ ਸ਼ਖਸੀਅਤ ਸਭ ਪ੍ਰਕਾਰ ਦੇ ਵਿਤਕਰਿਆਂ ਤੋਂ ਉਚੇਰੀ ਹੋ ਜਾਂਦੀ ਹੈ। ਇਹੋ ਜਿਹਾ ਵਿਅਕਤੀ ਜਦੋਂ ਆਪਣੇ ਪਰਿਵਾਰ, ਆਪਣੀ ਸੰਪ੍ਰਦਾਇ, ਆਪਣੇ ਇਲਾਕੇ ਜਾਂ ਆਪਣੇ ਦੇਸ਼ ਤੋਂ ਬਾਹਰਲੇ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੀ ਸੇਵਾ ਕਰ ਰਿਹਾ ਹੋਵੇ ਤਾਂ ਉਸਦੇ ਅੰਦਰ ਇਹ ਖਿਆਲ ਹੀ ਪੈਦਾ ਨਹੀਂ ਹੁੰਦਾ ਕਿ ਉਹ ਕੋਈ ਵਿਸ਼ੇਸ਼ ਪ੍ਰਕਾਰ ਦਾ ਪਰਉਪਕਾਰ ਕਰ ਰਿਹਾ ਹੈ। ਇਸੇ ਲਈ ਸੁਰਤਿ-ਸ਼ਬਦ ਦੇ ਯੋਗ ਦੀ ਅਵਸਥਾ ਵਿਚ ਕੀਤੀ ਗਈ ਸੇਵਾ ਨੂੰ ਸਰਵ-ਉਤਮ ਸੇਵਾ ਮੰਨਿਆ ਗਿਆ ਹੈ। ਸੁਰਤਿ ਦੀ ਇਸ ਉਪਰੋਕਤ ਅਵਸਥਾ ਵਿਚ ਸਰਬਤ ਦੇ ਭਲੇ ਲਈ ਕੀਤੀ ਗਈ ਸਹੀ ਸੇਵਾ ਹੁੰਦੀ ਹੈ। ਇਸ ਸਰਬਤ ਵਿਚ ਮਿੱਤਰ ਅਤੇ ਵੈਰੀ, ਆਪਣਾ ਤੇ ਪਰਾਇਆ, ਵੱਡਾ ਤੇ ਛੋਟਾ ਅਤੇ ਚੰਗਾ ਤੇ ਭੈੜਾ ਸਭ ਬਰਾਬਰ ਹਨ। ਇਹ ਅਵਸਥਾ ਭਾਈ ਘਨਈਏ ਦੀ ਅਵਸਥਾ ਹੈ ਜਦੋਂ ਕਿ ਲੜਾਈ ਦੇ ਮੈਦਾਨ ਵਿਚ ਉਹ ਆਪਣੇ ਅਤੇ ਦੁਸ਼ਮਣਾਂ ਦੀ ਫੌਜ ਦੇ ਸਿਪਾਹੀਆਂ ਨੂੰ ਪਾਣੀ ਪਿਲਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪੁਛਣ ਤੇ ਉਸਦਾ ਜਵਾਬ ਸੀ: "ਮੈਨੂੰ ਤਾਂ ਸਭ ਤੁਹਾਡਾ ਹੀ ਰੂਪ ਨਜ਼ਰ ਆ ਰਿਹਾ ਹੈ।" ਇਹੋ ਅਵਸਥਾ ਹੈ, ਜਿਸ ਵਲ ਗੁਰੂ ਅਰਜਨ ਦੇਵ ਜੀ ਦੀਆਂ ਹੇਠ-ਲਿਖੀਆਂ ਪੰਗਤੀਆਂ ਸੰਕੇਤ ਕਰਦੀਆਂ ਹਨ:

> ਨਾ ਕੋ ਬੈਰੀ ਨਹੀ ਬਿਗਾਨਾ
> ਸਗਲ ਸੰਗਿ ਹਮ ਕਉ ਬਨਿਆਈ।[1]

---

1. ਆਦਿ ਗ੍ਰੰਥ, ਮ. 5, ਪੰਨਾ 1299

# ਚੌਥਾ ਅਧਿਆਇ

## ਸੇਵਾ ਦਾ ਅਮਲੀ ਸਰੂਪ

(ੳ) ਸੇਵਕ ਦਾ ਪ੍ਰੇਰਣਾ-ਸਰੋਤ

(ਅ) ਸੇਵਕ ਦਾ ਵਿਕਾਸ

## (ੳ) ਸੇਵਕ ਦੇ ਪ੍ਰੇਰਣਾ ਸਰੋਤ

ਸੇਵਾ ਦੇ ਕਾਰਜ ਵਿਚ ਪੂਰੀ ਲਗਨ ਨਾਲ ਵਿਅਸਤ ਹੋਣ ਤੋਂ ਪਹਿਲਾਂ ਸੇਵਕ ਇਕ ਸਾਧਾਰਣ ਵਿਅਕਤੀ ਹੁੰਦਾ ਹੈ ਜੋ ਆਪਣੇ ਵਰਗੇ ਹੋਰ ਅਨੇਕ ਪ੍ਰਾਣੀਆਂ ਵਾਂਗ ਜਗਤ ਦੇ ਮਾਇਆ-ਜਾਲ ਤੋਂ ਸੁਤੰਤਰ ਨਹੀਂ ਹੁੰਦਾ। ਅਚਣਚੇਤ ਕੋਈ ਇਹੋ ਜਿਹੀ ਪਰਿਸਥਿਤੀ ਪੈਦਾ ਹੋ ਜਾਂਦੀ ਹੈ, ਜਿਸਨੂੰ ਸੇਵਾ ਦੇ ਸੰਦਰਭ ਵਿਚ ਉਸਦਾ ਪਹਿਲਾ ਪ੍ਰੇਰਣਾ-ਸਰੋਤ ਕਿਹਾ ਜਾ ਸਕਦਾ ਹੈ। ਇਹ ਪ੍ਰੇਰਣਾ ਉਸ ਨੂੰ ਆਪਣੇ ਤੋਂ ਪਹਿਲਾਂ ਸੇਵਾ ਦੇ ਕਾਰਜ ਵਿਚ ਜੁਟੇ ਹੋਏ ਕਿਸੇ ਗੁਰਮੁਖ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਪ੍ਰਾਪਤ ਹੋ ਸਕਦੀ ਹੈ ਜਾਂ ਕਿਸੇ ਵਿਸ਼ੇਸ਼ ਥਾਂ ਤੇ ਆਯੋਜਿਤ ਸਭਾ ਵਿਚ ਹੋ ਰਹੇ ਭਾਸ਼ਣ ਤੋਂ ਜਾਂ ਕਿਸੇ ਪ੍ਰੇਰਣਾਤਮਕ ਲਿਖ਼ਤ ਤੋਂ ਵੀ ਪ੍ਰਾਪਤ ਹੋ ਸਕਦੀ ਹੈ। ਅਨੇਕ ਵਾਰ ਵਿਅਕਤੀ ਦੇ ਆਪਣੇ ਪਰਿਵਾਰ ਵਿਚ ਜਾਂ ਆਲੇ ਦੁਆਲੇ ਲਗਾਤਾਰ ਵਾਪਰਨ ਵਾਲੀਆਂ ਸ਼ੋਕਮਈ ਘਟਨਾਵਾਂ ਉਸਦੇ ਮਨ ਵਿਚ ਇਤਨੀ ਹਮਦਰਦੀ ਉਪਜਾ ਦਿੰਦੀਆਂ ਹਨ ਕਿ ਇਸ ਹਮਦਰਦੀ ਦੀ ਭਾਵਨਾ ਹੀ ਉਸਦੀ ਪ੍ਰੇਰਣਾ ਦਾ ਸਰੋਤ ਬਣ ਜਾਂਦੀ ਹੈ।

### ਸਾਧ ਸੰਗਤ:

ਇਸ ਪ੍ਰਕਾਰ ਸੇਵਾ ਦੇ ਸੰਦਰਭ ਵਿਚ ਸੇਵਕ ਦੇ ਪ੍ਰੇਰਣਾ-ਸਰੋਤ ਅਨੇਕ ਹੋ ਸਕਦੇ ਹਨ। ਪਰੰਤੂ ਗੁਰਮਤਿ ਅਨੁਸਾਰ ਸਭ ਤੋਂ ਵਧ ਪ੍ਰਭਾਵਸ਼ਾਲੀ ਪ੍ਰੇਰਣਾ-ਸਰੋਤ ਸਾਧ ਸੰਗਤ ਹੈ ਜਿਸ ਵਿਚ ਸੱਚੇ ਮਨ ਨਾਲ ਕੇਵਲ ਹਾਜ਼ਰ ਹੋ ਜਾਣਾ ਹੀ ਸੇਵਕ ਦੇ ਅੰਤਹਕਰਣ ਵਿਚ ਉਹ ਸਥਿਤੀ ਪੈਦਾ ਕਰ ਦਿੰਦਾ ਹੈ ਜਿਹੜੀ ਅੱਗੇ ਚਲਕੇ ਉਸਦੀ ਪ੍ਰੇਰਣਾ ਦਾ ਮੁਖ ਸਰੋਤ ਬਣ ਜਾਂਦੀ ਹੈ। ਆਦਰਸ਼ ਰੂਪ ਵਿਚ ਜਿਸ ਸਾਧ ਸੰਗਤ ਦੀ ਕਲਪਨਾ ਗੁਰਮਤਿ ਵਿਚ ਕੀਤੀ ਗਈ ਹੈ ਉਸਦਾ ਵਿਸਥਾਰ-ਪੂਰਵਕ ਬਿਆਨ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਸੁਖਮਨੀ' ਦੀ ਸਤਵੀਂ ਅਸ਼ਟਪਦੀ ਵਿਚ ਮਿਲਦਾ ਹੈ। ਸੰਖੇਪ ਰੂਪ ਵਿਚ ਗੁਰੂ ਸਾਹਿਬ ਅਨੁਸਾਰ ਸਾਧ ਸੰਗਤ ਵਿਚ ਜੀਵ ਮੰਦੇ ਪਾਸੇ ਨਹੀਂ ਲਗਦਾ, ਉਸਦਾ ਅਹੰਕਾਰ ਦੂਰ ਹੁੰਦਾ ਹੈ, ਵਿਕਾਰਾਂ ਦੀ ਮੈਲ ਮਿਟ ਜਾਂਦੀ ਹੈ, ਕਿਸੇ ਨਾਲ ਵੈਰ ਵਿਰੋਧ ਨਹੀਂ ਰਹਿੰਦਾ, ਮਨੁਖ ਦਾ ਹਿਰਦਾ ਸਾਫ਼ ਹੋ ਜਾਂਦਾ ਹੈ। ਗੁਰਮੁਖਾਂ ਦੀ ਸੰਗਤ ਵਿਚ ਨਾਮ ਰੂਪੀ ਰਤਨ ਮਿਲ ਜਾਂਦਾ ਹੈ ਅਤੇ ਪ੍ਰਭੂ ਮਿਲ ਪੈਂਦਾ ਹੈ ਜੋ ਸਰੀਰਕ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ।

ਗੁਰਮਤਿ ਅਨੁਸਾਰ ਸਾਧ ਸੰਗਤ ਪ੍ਰਭੂ ਦੀ ਸਿਫ਼ਤ ਸਲਾਹ ਵਿਚ ਜੁੜੇ ਹੋਏ ਗੁਰਮੁਖਾਂ ਦਾ ਇਹੋ ਜਿਹਾ ਸਮੂਹ ਹੁੰਦਾ ਹੈ ਜਿਸ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ, ਨਿੰਦਿਆ-ਚੁਗਲੀ, ਵੈਰ ਵਿਰੋਧ ਦੀ ਸਰਵਥਾ ਅਣਹੋਂਦ ਹੁੰਦੀ ਹੈ ਅਤੇ ਸਭ ਹਿਰਦੇ ਸੁਧ ਰੂਪ ਵਿਚ ਆਪਣੇ ਜਨਮ-ਦਾਤਾ, ਪਾਲਣਹਾਰ, ਪਾਰਬ੍ਰਹਮ ਨਾਲ ਇਕਸੁਰ ਹੋਏ ਹੁੰਦੇ ਹਨ। ਇਸ ਪ੍ਰਕਾਰ ਦੀ ਸਾਧ ਸੰਗਤ ਨੂੰ ਹੀ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੇ ਅਨੁਸਾਰ ਪਰਿਭਾਸ਼ਿਤ ਕੀਤਾ ਹੈ:

ਸਤਸੰਗਤਿ ਕੈਸੀ ਜਾਣੀਐ।
ਜਿਥੈ ਏਕੋ ਨਾਮੁ ਵਖਾਣੀਐ।[1]

ਉਪਰੋਕਤ ਪੰਗਤੀਆਂ ਵਿਚੋਂ ਪ੍ਰਾਪਤ ਹੋਣ ਵਾਲਾ ਕੇਂਦਰੀ ਨੁਕਤਾ ਇਹ ਹੈ ਕਿ ਭਾਵੇਂ ਰਾਗੀ ਦੇ ਰੂਪ ਵਿਚ ਕੀਰਤਨ ਦੁਆਰਾ ਕੋਈ ਪ੍ਰਭੂ ਦਾ ਜਸ-ਗਾਇਨ ਕਰ ਰਿਹਾ ਹੈ, ਭਾਵੇਂ ਪਾਠੀ ਦੇ ਰੂਪ ਵਿਚ ਕੋਈ ਗ੍ਰੰਥੀ ਮਨੋਹਰ ਬਾਣੀ ਦਾ ਪਾਠ ਕਰ ਰਿਹਾ ਹੋਵੇ, ਭਾਵੇਂ ਸਾਧਕ ਦੇ ਰੂਪ ਵਿਚ ਕੋਈ ਗੁਰਮੁਖ ਮਾਲਾ ਦੇ ਮਣਕਿਆਂ ਰਾਹੀਂ ਪਾਰਬ੍ਰਹਮ ਦਾ ਸਿਮਰਨ ਕਰ ਰਿਹਾ ਹੋਵੇ ਅਤੇ ਭਾਵੇਂ ਸੰਗਤ ਦੇ ਰੂਪ ਵਿਚ ਜੁੜ ਬੈਠੇ ਸਮੂਹ ਨੂੰ ਕੋਈ ਸੇਵਕ ਸੁਖ ਅਤੇ ਆਰਾਮ ਪਹੁੰਚਾਣ ਦਾ ਯਤਨ ਕਰ ਰਿਹਾ ਹੋਵੇ, ਇਥੇ ਸਮੁੱਚੇ ਰੂਪ ਵਿਚ ਇਹ ਹੁੰਦਾ ਹੈ ਕਿ ਸਾਰੀ ਸੰਗਤ ਪ੍ਰਭੂ ਦੇ ਨਾਮ ਨਾਲ ਇਕਸੁਰ ਹੋਈ ਹੁੰਦੀ ਹੈ, ਜਿਸ ਨੂੰ ਗੁਰੂ ਸਾਹਿਬ ਨੇ "ਏਕੋ ਨਾਮੁ ਵਖਾਣੀਐ" ਕਿਹਾ ਹੈ।

ਹਿਰਦੇ ਵਿਚ ਆਏ ਇਸ ਪਰਿਵਰਤਨ ਨੂੰ ਹੀ ਗੁਰੂ ਰਾਮ ਦਾਸ ਜੀ ਨੇ 'ਸੰਗਤ' ਵਿਚ ਸ਼ਾਮਿਲ ਹੋ ਕੇ 'ਲਾਹਾ' ਲੈਣਾ ਅਤੇ 'ਅੰਮ੍ਰਿਤ ਰਸ' ਪੀਣਾ ਕਿਹਾ ਹੈ:

ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ।
ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ।[2]

ਭਾਈ ਗੁਰਦਾਸ ਜੀ ਤਾਂ ਇਸ ਤੋਂ ਵੀ ਅਗਾਂਹ ਚਲੇ ਜਾਂਦੇ ਹਨ। ਆਪ ਸਾਧ ਸੰਗਤ ਨਾਲ 'ਸਚ ਖੰਡ' ਦੀ ਤੁਲਨਾ ਕਰਦੇ ਹਨ, ਜਿਥੇ ਗੁਰਮੁਖ ਜਾਂਦੇ ਹਨ ਅਤੇ ਵਾਹਿਗੁਰੂ ਦਾ

1. ਆਦਿ ਗ੍ਰੰਥ, ਮ. 1, ਪੰਨਾ 72

2. ਉਹੀ, ਮ. 4, ਪੰਨਾ 173

ਸੱਚਾ ਨਾਮ ਜਪਦੇ ਹਨ। ਅਜਿਹੇ ਸਤਿਸੰਗ ਰੂਪੀ ਸੱਚ ਖੰਡ ਵਿਚ ਨਿਰੰਕਾਰ ਅਤੇ ਸਤਿਗੁਰ ਪੁਰਖ ਵਸਦੇ ਹਨ:

1. ਸਾਧ ਸੰਗਤਿ ਸਚ ਖੰਡੁ ਗੁਰਮੁਖਿ ਜਾਈਐ।
ਸਚੁ ਨਾਉ ਬਲਵੰਡੁ ਗੁਰਮੁਖਿ ਧਿਆਈਐ।[1]

2. ਸਾਧ ਸੰਗਤਿ ਸਚੁਖੰਡੁ ਵਿਚਿ
ਸਤਿਗੁਰ ਪੁਰਖੁ ਵਸੈ ਨਿਰੰਕਾਰਾ।[2]

ਜਿਤਨੀ ਜਲਦੀ ਮਨੁਖ ਦਾ ਮਨ ਸੰਗਤ ਦਾ ਅਸਰ ਕਬੂਲਦਾ ਹੈ, ਉਤਨੀ ਜਲਦੀ ਹੋਰ ਕਿਸੇ ਵੀ ਤਰੀਕੇ ਨਾਲ ਉਸਦਾ ਮਨ ਅਸਰ ਨਹੀਂ ਕਬੂਲਦਾ। ਜਿਹੋ ਜਿਹੀ ਸੰਗਤ ਉਹ ਕਰਦਾ ਹੈ, ਉਹੋ ਜਿਹਾ ਹੀ ਆਪ ਹੋ ਜਾਂਦਾ ਹੈ। ਕਬੀਰ ਸਾਹਿਬ ਚੰਦਨ ਦੇ ਦਰਖ੍ਤ ਦੀ ਮਿਸਾਲ ਦੇ ਕੇ ਆਖਦੇ ਹਨ ਕਿ ਚੰਦਨ ਦਾ ਸੰਗ ਕਰਨ ਵਾਲੇ ਪੌਦੇ ਵੀ ਚੰਦਨ ਕੋਲ ਰਹਿਣ ਕਰਕੇ ਚੰਦਨ ਹੀ ਬਣ ਜਾਂਦੇ ਹਨ:

ਕਬੀਰ ਚੰਦਨ ਕਾ ਬਿਰਵਾ ਭਲਾ
ਬੇੜ੍ਹਿਓ ਢਾਕ ਪਲਾਸ।
ਓਇ ਭੀ ਚੰਦਨੁ ਹੋਇ ਰਹੇ
ਬਸੇ ਜੁ ਚੰਦਨ ਪਾਸਿ।[3]

ਮੁਕਦੀ ਗੱਲ ਇਹ ਹੈ ਕਿ ਗੁਰਮੁਖਾਂ ਦੀ ਸੰਗਤਿ ਔਗੁਣਾਂ ਨੂੰ ਦੂਰ ਕਰਦੀ ਹੈ ਅਤੇ ਉਥੇ ਗੁਣ ਪ੍ਰਵੇਸ਼ ਕਰਨੇ ਸ਼ੁਰੂ ਹੋ ਜਾਂਦੇ ਹਨ:

ਉਤਮ ਸੰਗਤਿ ਉਤਮੁ ਹੋਵੈ।
ਗੁਣ ਕਉ ਧਾਵੈ ਅਵਗਣ ਧੋਵੈ।[4]

---

1. ਵਾਰਾਂ ਭਾਈ ਗੁਰਦਾਸ (22:18)
2. ਉਹੀ (6:4)
3. ਆਦਿ ਗ੍ਰੰਥ, ਬਾਣੀ ਕਬੀਰ ਜੀ, ਪੰਨਾ 1365
4. ਉਹੀ, ਮ.1 , ਪੰਨਾ 414

ਇਸੇ ਤਰ੍ਹਾਂ ਜਦੋਂ ਕੋਈ ਮਨੁਖ ਚੰਗੇ ਇਨਸਾਨਾਂ ਦੀ, ਗੁਰਮੁਖਾਂ ਦੀ ਸੰਗਤ ਕਰਦਾ ਹੈ ਤਾਂ ਉਥੇ ਸਾਧ ਸੰਗਤ ਨੂੰ ਸੇਵਾ ਵਿਚ ਜੁੜੀ ਹੋਈ ਦੇਖਦਾ ਹੈ – ਕੋਈ ਭਾਂਡੇ ਮਾਜ ਰਿਹਾ ਹੈ, ਕੋਈ ਲੰਗਰ ਵਰਤਾ ਰਿਹਾ ਹੈ, ਕੋਈ ਲਕੜਾਂ ਲਿਆ ਰਿਹਾ ਹੈ, ਤਾਂ ਅਜਿਹੀ ਨਿਸ਼ਕਾਮ ਸੇਵਾ ਨੂੰ ਦੇਖ ਕੇ ਉਸ ਦੇ ਮਨ ਵਿਚ ਵੀ ਸੇਵਾ ਕਰਨ ਦਾ ਚਾਉ ਪੈਦਾ ਹੋ ਜਾਂਦਾ ਹੈ ਅਤੇ ਉਹ ਵੀ ਇਸ ਰਸਤੇ ਉਤੇ ਤੁਰਨ ਦੀ ਕੋਸ਼ਿਸ਼ ਕਰਦਾ ਹੈ। ਇਹੀ ਉਸਦਾ ਪ੍ਰੇਰਨਾ-ਸਰੋਤ ਹੈ।

<u>ਪ੍ਰਭੂ ਦੀ ਕਿਰਪਾ:</u>

ਪਰੰਤੂ, ਗੁਰਮਤਿ ਅਨੁਸਾਰ, ਇਸ ਪ੍ਰੇਰਨਾ-ਸਰੋਤ ਵਲ ਸੇਵਕ ਦੀ ਪਹੁੰਚ ਵੀ ਪਾਰਬ੍ਰਹਮ ਦੀ ਕਿਰਪਾ ਸਦਕਾ ਹੀ ਹੁੰਦੀ ਹੈ। ਪ੍ਰਭੂ ਦੀ ਕਿਰਪਾ ਦੇ ਹੀ ਪਰਿਆਇਵਾਚੀ ਸ਼ਬਦ ਹਨ 'ਪ੍ਰਸਾਦ', 'ਕਰਮ', 'ਮਿਹਰ', 'ਨਦਰ' ਆਦਿ। ਭਾਰਤ ਦੇ ਲਗਭਗ ਸਾਰੇ ਮਤਾਂ ਅਤੇ ਸੰਪ੍ਰਦਾਵਾਂ ਵਿਚ ਭਗਵਾਨ ਦੀ ਕਿਰਪਾ ਨੂੰ ਵਿਸ਼ੇਸ਼ ਸਥਾਨ ਅਤੇ ਮਹੱਤਵ ਪ੍ਰਾਪਤ ਹੈ। ਗੁਰਬਾਣੀ ਅਨੁਸਾਰ ਤਾਂ ਮੋਖ ਦੀ ਪ੍ਰਾਪਤੀ ਪ੍ਰਭੂ ਦੀ ਕਿਰਪਾ ਤੋਂ ਬਿਨਾਂ ਹੋ ਹੀ ਨਹੀਂ ਸਕਦੀ:

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।[1]

ਇਸੇ ਤਰ੍ਹਾਂ ਗੁਰਮਤਿ ਵਿਚ ਸੇਵਾ ਵੀ ਪ੍ਰਭੂ ਦੀ ਕਿਰਪਾ ਬਿਨਾਂ ਨਸੀਬ ਨਹੀਂ ਹੁੰਦੀ। ਪ੍ਰਭੂ ਆਪਣੀ ਨਦਰ ਨਾਲ ਹੀ ਸੇਵਕ ਨੂੰ ਸੇਵਾ ਵਾਲੇ ਪਾਸੇ ਲਗਾਉਂਦਾ ਹੈ:

1. ਤੇਰੀ ਸੇਵਾ ਸੋ ਕਰੇ
   ਜਿਸਨੋ ਲੈਹਿ ਤੂ ਲਾਈ।
   ਬਿਨੁ ਸੇਵਾ ਕਿਨੈ ਨ ਪਾਇਆ
   ਦੂਜੈ ਭਰਮਿ ਖੁਆਈ।[2]

2. ਸਤਿਗੁਰ ਕੀ ਸੇਵਾ ਸੋ ਕਰੇ
   ਜਿਸਨੋ ਆਪਿ ਕਰਾਏ ਸੋਇ।

---

1. <u>ਆਦਿ ਗ੍ਰੰਥ</u>, ਮ. 1, ਪੰਨਾ 2
2. ਉਹੀ, ਮ. 1, ਪੰਨਾ 1011

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ
ਕਰਮਿ ਪਰਾਪਤਿ ਹੋਇ।[1]

ਕਿਰਪਾ ਅਤੇ ਪਿਛਲੇ ਕਰਮਾਂ ਦਾ ਵੀ ਆਪਸ ਵਿਚ ਸੰਬੰਧ ਹੈ। ਭਗਵਾਨ ਦੀ ਕਿਰਪਾ ਵੀ ਉਨ੍ਹਾਂ ਉਤੇ ਹੁੰਦੀ ਹੈ, ਜਿਨ੍ਹਾਂ ਦੇ ਭਾਗ ਚੰਗੇ ਹੋਣ ਅਤੇ ਭਾਗ ਉਨ੍ਹਾਂ ਦੇ ਚੰਗੇ ਹੁੰਦੇ ਹਨ, ਜਿਨ੍ਹਾਂ ਦੇ ਪਿਛਲੇ ਕਰਮ ਚੰਗੇ ਹੋਣ :

1. ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ।
ਤਾਕੀ ਪੂਰਨ ਆਸ ਜਿਨ ਸਾਧ ਸੰਗੁ ਪਾਇਆ।[2]

2. ਜਿਸਕੈ ਮਸਤਕਿ ਕਰਮੁ ਹੋਇ
ਸੋ ਸੇਵਾ ਲਾਗਾ।
ਜਿਸ ਗੁਰ ਮਿਲਿ ਕਮਲੁ ਪ੍ਰਗਾਸਿਆ
ਸੋ ਅਨਦਿਨੁ ਜਾਗਾ।[3]

---

1. ਆਦਿ ਗ੍ਰੰਥ, ਮ. 3, ਪੰਨਾ 88
2. ਉਹੀ, ਮ. 5, ਪੰਨਾ 457
3. ਉਹੀ, ਮ. 5, ਪੰਨਾ 964

## (ਅ) ਸੇਵਕ ਦਾ ਵਿਕਾਸ

ਜਦੋਂ ਕਿਸੇ ਮਨੁਖ ਨੂੰ ਗੁਰਮੁਖਾਂ ਦੀ ਸੰਗਤ ਮਿਲ ਜਾਏ ਅਤੇ ਪਰਮਾਤਮਾ ਦੀ ਕਿਰਪਾ-ਦ੍ਰਿਸ਼ਟੀ ਉਸ ਉਤੇ ਹੋ ਜਾਏ ਤਾਂ ਉਹ ਸੇਵਾ ਦੇ ਰਾਹ ਉਤੇ ਤੁਰਨਾ ਸ਼ੁਰੂ ਕਰ ਦਿੰਦਾ ਹੈ। ਸੰਗਤ ਦੇ ਉਤਸ਼ਾਹ ਨਾਲ ਉਹ ਦੇਖਾ ਦੇਖੀ ਸੇਵਾ/ਕਰਦਾ ਹੈ ਅਤੇ ਇਸ ਤਰ੍ਹਾਂ ਸੇਵਕ ਹੌਲੀ ਹੌਲੀ ਵਿਕਾਸ ਕਰਦਾ ਹੋਇਆ ਆਪਣੀ ਮੰਜ਼ਿਲ ਉਤੇ ਪਹੁੰਚ ਜਾਂਦਾ ਹੈ। ਸੇਵਕ ਦਾ ਇਹ ਪੜਾਵਾਰ ਵਿਕਾਸ ਵੀ ਹੂ-ਬ-ਹੂ ਉਸੇ ਪ੍ਰਕ੍ਰਿਆ ਅਨੁਸਾਰ ਹੁੰਦਾ ਹੈ, ਜਿਸ ਅਨੁਸਾਰ ਇਕ ਸਾਧਕ ਦੇ ਰੂਪ ਵਿਚ ਉਸ ਦਾ ਅਧਿਆਤਮਕ ਵਿਕਾਸ ਹੁੰਦਾ ਹੈ। ਜਪੁਜੀ ਦੀ ਪਉੜੀ 34 ਤੋਂ 37 ਤਕ ਗੁਰੂ ਨਾਨਕ ਦੇਵ ਜੀ ਨੇ ਜਿਨ੍ਹਾਂ ਪੰਜ ਖੰਡਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਨੂੰ ਹੀ ਸੇਵਕ ਦੇ ਵਿਕਾਸ ਦੇ ਪੰਜ ਪੜਾ ਮਿਥਕੇ ਇਨ੍ਹਾਂ ਖੰਡਾਂ ਦੇ ਸੰਦਰਭ ਵਿਚ ਹੀ ਸੇਵਕ ਦੇ ਪੜਾਵਾਰ ਵਿਕਾਸ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ:

### ਧਰਮ ਖੰਡ:

ਭਾਈ ਕਾਨ੍ਹ ਸਿੰਘ ਜੀ ਅਨੁਸਾਰ ਧਰਮ ਖੰਡ ਦੇ ਅਰਥ ਇਸ ਤਰ੍ਹਾਂ ਹਨ:

1. ਗੁਰਦ੍ਵਾਰਾ
2. ਸਾਧੁਸੰਗ
3. ਫ਼ਰਜ ਦਾ ਦਰਜਾ, ਜਿਸ ਵਿੱਚ ਧਰਮ ਜੀਵਨ ਉੱਚਾ ਹੁੰਦਾ ਹੈ ਅਤੇ ਸੁਕਰਮਾਂ ਦੇ ਅਭਯਾਸ ਦ੍ਵਾਰਾ ਕੁਕਰਮਾਂ ਦਾ ਪੂਰਾ ਤਯਾਗ ਕੀਤਾ ਜਾਂਦਾ ਹੈ।[1]

ਉਪਰਲੇ ਤਿੰਨਾਂ ਵਿਚੋਂ ਤੀਜੀ ਥਾਂ ਦਿਤੇ ਗਏ ਅਰਥਾਂ ਨੂੰ ਅਸੀਂ ਇਸ ਸੰਦਰਭ ਵਿਚ ਆਪਣੀ ਵਿਚਾਰ-ਲੜੀ ਦਾ ਆਧਾਰ ਬਣਾਇਆ ਹੈ।

ਪ੍ਰਿੰ: ਤੇਜਾ ਸਿੰਘ ਦੇ ਵਿਚਾਰ ਵੀ ਉਪਰ ਦਿਤੇ ਗਏ ਭਾਈ ਕਾਨ੍ਹ ਸਿੰਘ ਦੇ ਵਿਚਾਰਾਂ ਨਾਲ ਮੇਲ ਖਾਂਦੇ ਹਨ। ਉਨ੍ਹਾਂ ਨੇ ਧਰਮ ਖੰਡ ਦੇ ਅਰਥ ਇਸ ਤਰ੍ਹਾਂ ਕੀਤੇ ਹਨ:

---

1. ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 663

"ਇਸ ਨੂੰ ਫਰਜ਼ ਜਾਂ ਕਾਨੂੰਨ ਦਾ ਦਰਜਾ ਕਿਹਾ ਹੈ ਕਿਉਂਕਿ ਏਥੇ ਫਰਜ਼ਾਂ ਨੂੰ ਕਮਾਣਾ ਅਤੇ ਨੇਮਾਂ ਦਾ ਪਾਲਣ ਕਰਨਾ ਹੈ।"[1]

ਇਸ ਮੰਜ਼ਿਲ ਤਕ ਜਿਸ ਤਰ੍ਹਾਂ ਅਧਿਆਤਮਕ ਸੰਦਰਭ ਵਿਚ ਵਿਕਾਸ ਕਰ ਰਿਹਾ ਸਾਧਕ ਆਪਣੀ ਹਰੇਕ ਕਿਰਿਆ ਨੂੰ ਆਪਣਾ ਕਰਤੱਵ ਜਾਂ ਫ਼ਰਜ਼ ਸਮਝਕੇ ਕਰ ਰਿਹਾ ਹੁੰਦਾ ਹੈ ਅਰਥਾਤ ਅਗੇਂ ਆਉਣ ਵਾਲੇ ਪੜਾਵਾਂ ਬਾਰੇ ਪੂਰੀ ਸੋਝੀ ਨਾ ਹੋਣ ਦੇ ਬਾਵਜੂਦ ਸੁਧ ਹਿਰਦੇ ਨਾਲ ਉਹ ਆਪਣੇ ਕਰਤੱਵ ਵਿਚ ਜੁਟਿਆ ਹੋਇਆ ਹੁੰਦਾ ਹੈ, ਉਸੇ ਤਰ੍ਹਾਂ ਸੇਵਕ ਵੀ ਅਗੇਂ ਆਉਣ ਵਾਲੀਆਂ ਮੰਜ਼ਿਲਾਂ ਤੋਂ ਭਾਵੇਂ ਪੂਰੀ ਤਰ੍ਹਾਂ ਗਿਆਤ ਨਹੀਂ ਹੁੰਦਾ, ਪਰ ਇਸ ਪਹਿਲੀ ਮੰਜ਼ਿਲ ਉਤੇ ਸੇਵਾ ਦੀ ਪ੍ਰਕ੍ਰਿਆ ਵਿਚ ਫ਼ਰਜ਼-ਸ਼ਨਾਸੀ ਅਤੇ ਕਰਤੱਵ-ਪਾਲਣਾ ਦੇ ਰੂਪ ਵਿਚ ਜੁਟ ਜਾਂਦਾ ਹੈ। ਇਕ ਪ੍ਰਕਾਰ ਨਾਲ ਬਿਨਾਂ ਕਿਸੇ ਲਾਲਸਾ ਜਾਂ ਕਿਸੇ ਵਿਸ਼ੇਸ਼ ਪ੍ਰਕਾਰ ਦੇ ਫਲ ਦੀ ਅਭਿਲਾਸ਼ਾ ਦੇ, ਪੰਜ ਖੰਡਾਂ ਦੇ ਰੂਪ ਵਿਚ ਪੰਜ ਡੰਡਿਆਂ ਵਾਲੀ ਪੌੜੀ ਉਤੇ ਉਹ ਚੜ੍ਹ ਰਿਹਾ ਹੁੰਦਾ ਹੈ ਅਤੇ ਪਹਿਲੇ ਡੰਡੇ ਉਤੇ ਉਹ ਜੋ ਕੁਝ ਵੀ ਕਰ ਰਿਹਾ ਹੁੰਦਾ ਹੈ ਉਸਨੂੰ ਵਡਮੁੱਲੀ ਸਾਧ ਸੰਗਤ ਦਾ ਇਕ ਵਡਭਾਗੀ ਹਿੱਸਾ ਸਮਝਕੇ, ਆਪਣੇ ਕਰਤੱਵ ਦੀ ਪਾਲਣਾ ਵਜੋਂ, ਸੁਧ ਮਨ ਨਾਲ, ਉਹ ਸੇਵਾ ਦੀ ਪ੍ਰਕ੍ਰਿਆ ਵਿਚ ਜੁਟ ਜਾਂਦਾ ਹੈ।

ਪਉੜੀ ਦੇ ਇਸ ਡੰਡੇ ਉਤੇ ਚੜ੍ਹਕੇ ਉਹ ਨਿਸ਼ਕਾਮ ਸੇਵਾ ਕਰਨੀ ਸ਼ੁਰੂ ਕਰ ਦਿੰਦਾ ਹੈ। ਉਹ ਸੰਗਤ ਵਿਚ ਜਾਂਦਾ ਹੈ। ਉਥੇ ਇਕ ਅਨੁਸ਼ਾਸ਼ਨ ਵਿਚ ਰਹਿਕੇ ਸੇਵਾ ਕਰਦਾ ਹੈ ਅਤੇ ਸੰਗਤ ਦਾ ਰੰਗ ਉਸ ਉਤੇ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਪਹਿਲਾਂ ਉਹ ਦੇਖਾ ਦੇਖੀ, ਪਰ ਬੜੇ ਵਿਸ਼ਵਾਸ਼, ਅਤੇ ਸ਼ਰਧਾ ਨਾਲ ਆਪਣਾ ਫਰਜ਼ ਸਮਝਕੇ ਸੇਵਾ ਕਰਦਾ ਹੈ। ਸਮੂਹਕ ਰੂਪ ਵਿਚ ਸੰਗਤ ਅਤੇ ਗੁਰੂ ਉਸਦੇ ਸਿਖਿਅਕ ਹੁੰਦੇ ਹਨ, ਗੁਰਮੁਖ ਉਸਨੂੰ ਸੇਵਾ ਕਰਨ ਲਈ ਪ੍ਰੇਰਦੇ ਹਨ ਅਤੇ ਇਸ ਤਰ੍ਹਾਂ ਤਨ ਨਾਲ ਸੇਵਾ ਕਰਨ ਦੀ ਉਸਦੀ ਰੁਚੀ ਵਧਦੀ ਹੈ ਅਤੇ ਸੇਵਾ ਕਰਨ ਦਾ ਚਾਉ ਉਸ ਵਿਚ ਵਧਣਾ ਸ਼ੁਰੂ ਹੁੰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:

ਗੁਰ ਸਿਖਾ ਗੁਰ ਸਿਖ ਸੇਵਾ ਲਾਇਆ।
ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ।

---

1. ਤੇਜਾ ਸਿੰਘ (ਪ੍ਰਿੰ:), ਜਪੁਜੀ ਸਟੀਕ, ਪੰਨਾ 155-56

ਤਪੜੁ ਝਾੜਿ ਵਿਛਾਇ ਧੂੜੀ ਨਾਇਆਂ।
ਕੋਰੇ ਮਟ ਅਣਾਇ ਨੀਰੁ ਭਰਾਇਆ।
ਆਣਿ ਮਹਾ ਪਰਸਾਦੁ ਵੰਡਿ ਖਵਾਇਆ।[1]

ਉਪਰੋਕਤ ਪੰਕਤੀਆਂ ਵਿਚ ਭਾਈ ਸਾਹਿਬ ਇਹ ਧਾਰਣਾ ਪ੍ਰਗਟ ਕਰ ਰਹੇ ਪ੍ਰਤੀਤ ਹੁੰਦੇ ਹਨ ਕਿ ਸਾਧ ਸੰਗਤਿ ਦਾ ਭਾਗ ਬਣ ਚੁਕੇ ਗੁਰਸਿਖਾਂ ਦੀ ਸੁਖਸੀਅਤ ਦਾ ਰੰਗ ਸੰਗਤ ਵਿਚ ਸ਼ਾਮਿਲ ਹੋਏ ਨਵੇਂ ਗੁਰਸਿਖ ਉਤੇ ਸਹਿਜ ਸੁਭਾ ਚੜ੍ਹ ਜਾਂਦਾ ਹੈ ਅਤੇ ਉਨ੍ਹਾਂ ਵਾਂਗ ਹੀ ਨਵਾਂ ਸਿਖ ਵੀ ਸੇਵਾ ਦੀ ਪ੍ਰਕ੍ਰਿਆ ਵਿਚ ਰੁੜ ਜਾਂਦਾ ਹੈ। ਇਸ ਪ੍ਰਕਾਰ ਸੁਖ ਰੂਪੀ ਫਲ ਜੋ ਪਹਿਲੇ ਗੁਰਸਿਖਾਂ ਨੂੰ ਪ੍ਰਾਪਤ ਹੈ, ਸਮਾਂ ਪਾ ਕੇ ਇਸ ਨਵੇਂ ਸਿਖ ਨੂੰ ਵੀ ਪ੍ਰਾਪਤ ਹੋ ਜਾਂਦਾ ਹੈ। ਇਸ ਤਰ੍ਹਾਂ ਵਿਕਾਸ ਦੇ ਇਸ ਪਹਿਲੇ ਪੜਾ ਉਤੇ ਸੇਵਕ ਰੀਝ ਨਾਲ ਤਪੜਾਂ ਨੂੰ ਝਾੜਦਾ ਹੈ ਜਿਹੜੇ ਗੁਰਮੁਖਾਂ ਦੇ ਹੇਠ ਵਿਛਾਏ ਜਾਂਦੇ ਹਨ, ਉਹ ਮਟ ਹਰ ਵੇਲੇ ਰੀਝ ਨਾਲ ਪਾਣੀ ਨਾਲ ਭਰਕੇ ਰਖਦਾ ਹੈ ਜਿਸਦੀ ਗੁਰਸਿਖਾਂ ਨੇ ਵੇਲੇ ਕੁਵੇਲੇ ਵਰਤੋਂ ਕਰਨੀ ਹੁੰਦੀ ਹੈ, ਉਸ ਲੰਗਰ ਦੀ ਤਿਆਰੀ ਵਿਚ ਵਧ ਤੋਂ ਵਧ ਯੋਗਦਾਨ ਪਾਉਂਦਾ ਹੈ ਜਿਸਨੂੰ ਸਾਧ ਸੰਗਤਿ ਵਿਚ ਵਰਤਿਆ ਜਾਂਦਾ ਹੈ। ਸੇਵਾ ਦੀ ਇਸ ਪ੍ਰਕ੍ਰਿਆ ਵਿਚ ਜੁੜੇ ਰਹਿਣ ਨਾਲ ਸੇਵਕ ਵਿਚ ਜ਼ਿੰਮੇਦਾਰੀ ਦਾ ਅਹਿਸਾਸ ਵਧਦਾ ਜਾਂਦਾ ਹੈ ਅਤੇ ਸੇਵਾ ਵਿਚ ਉਸਦਾ ਵਿਸ਼ਵਾਸ਼ ਵਧਣ ਲਗਦਾ ਹੈ। ਉਹ ਆਪਣੇ ਸੇਵਾ ਕਰਨ ਦੇ ਧਰਮ ਨੂੰ ਕਮਾਉਂਦਾ ਹੈ ਅਤੇ ਇਸ ਤਰ੍ਹਾਂ ਵਿਕਾਸ ਕਰਦਾ ਹੋਇਆ ਸੇਵਕ ਆਪਣੇ ਦੂਸਰੇ ਪੜਾ ਗਿਆਨ ਖੰਡ ਵਿਚ ਪ੍ਰਵੇਸ਼ ਕਰਦਾ ਹੈ।

ਗਿਆਨ ਖੰਡ:

ਓਵਨ ਕੋਲ ਦਾ ਕਥਨ ਹੈ:

"Ignorance is the root of man's problems."2

ਧਰਮ ਖੰਡ ਵਿਚ ਸੇਵਕ ਨੂੰ ਅਜੇ ਸਭ ਸਮਸਿਆਵਾਂ ਦੀ ਜੜ੍ਹ ਅਰਥਾਤ 'ਅਗਿਆਨਤਾ' ਤੋਂ ਪੂਰੀ ਤਰ੍ਹਾਂ ਛੁਟਕਾਰਾ ਨਹੀਂ ਮਿਲਿਆ ਹੁੰਦਾ ਅਤੇ ਉਸਦੀ ਸਮੁੱਚੀ ਪ੍ਰਕ੍ਰਿਆ ਅੰਧਵਿਸ਼ਵਾਸ਼ ਨਾਲ

---

1. ਵਾਰਾਂ ਭਾਈ ਗੁਰਦਾਸ (20:10)

2. W.Owen Cole, Sikh Religions Thought, p. 76

ਆਪਣੇ ਕਰਤਵ ਦੀ ਪਾਲਣਾ ਕਰਨ ਤਕ ਸੀਮਤ ਹੁੰਦੀ ਹੈ। ਪਰੰਤੂ ਲਗਾਤਾਰ ਇਕੋ ਮਾਰਗ ਉਤੇ ਤੁਰੇ ਰਹਿਣ ਨਾਲ ਉਸਨੂੰ ਆਪਣੇ ਮਾਰਗ ਦੀ ਸੋਝੀ ਹੋ ਜਾਂਦੀ ਹੈ ਅਤੇ ਹੌਲੀ ਹੌਲੀ ਉਸਦੀ ਦ੍ਰਿਸ਼ਟੀ ਸਾਫ਼ ਅਤੇ ਵਿਸ਼ਾਲ ਹੋਣ ਲਗ ਪੈਂਦੀ ਹੈ। ਅਧਿਆਤਮਕ ਸੰਦਰਭ ਵਿਚ ਇਸ ਪੜਾਅ ਨੂੰ ਜਪੁਜੀ ਵਿਚ ਗਿਆਨ ਖੰਡ ਕਿਹਾ ਗਿਆ ਹੈ। ਸੇਵਾ ਦੇ ਸੰਦਰਭ ਵਿਚ ਵੀ ਇਸ ਪੜਾਅ ਤੇ ਪਹੁੰਚ ਕੇ ਸੇਵਕ ਨੂੰ ਸੋਝੀ ਹੋਣ ਲਗ ਪੈਂਦੀ ਹੈ ਕਿ ਜਿਸ ਪ੍ਰਕ੍ਰਿਆ ਵਿਚ ਉਹ ਰੁਝਿਆ ਹੋਇਆ ਹੈ ਉਸਦਾ ਕਿਤਨਾ ਵੱਡਾ ਮੁੱਲ ਹੈ। ਸੁਧ ਹਿਰਦੇ ਨਾਲ ਅਤੇ ਇਕੋ ਪ੍ਰਕਾਰ ਦੇ ਅਮਲ ਨੂੰ ਦਹੁਰਾਏ ਜਾਣ ਦੇ ਫਲਸਰੂਪ ਜਿਸ ਪ੍ਰਕਾਰ ਸੇਵਕ ਧਰਮ ਖੰਡ ਤੋਂ ਗਿਆਨ ਖੰਡ ਵਿਚ ਪ੍ਰਵੇਸ਼ ਕਰਦਾ ਹੈ ਉਸ ਬਾਰੇ ਚਰਚਾ ਕਰਦਿਆਂ ਪ੍ਰੋ: ਰਾਮ ਸਿੰਘ ਲਿਖਦੇ ਹਨ:

> "ਜਿਸ ਦਾ ਕਰਮ ਸੁਧ ਹੋ ਜਾਵੇ ਉਸ ਦੀ ਮੌਤ ਵੀ
> ਉਜਲੀ ਹੁੰਦੀ ਹੈ।"[1]

ਅਰਥਾਤ ਜਿਵੇਂ ਉਜਲੀ ਮੌਤ ਕਈਆਂ ਖੇਤਰਾਂ ਵਿਚ ਸੁਧ ਕਰਮ ਦੀ ਪ੍ਰੇਰਣਾ ਦਾ ਸਰੋਤ ਬਣਦੀ ਹੈ ਉਸੇ ਤਰ੍ਹਾਂ ਅਧਿਆਤਮਕ ਮਾਰਗ ਉਤੇ ਜਿਹੜੇ ਸਾਧਕ ਬੁਧੀਵਾਨ ਤੇ ਸੋਝੀਵਾਨ ਨਾ ਹੋਣ ਕਰਕੇ ਪੂਰੇ ਯਕੀਨ ਨਾਲ ਸੁਧ ਕਰਮਾਂ ਵਿਚ ਰੁਝ ਜਾਂਦੇ ਹਨ, ਉਨ੍ਹਾਂ ਨੂੰ ਲਗਾਤਾਰ ਇਸ ਪੜਾਅ ਤੇ ਤੁਰਦਿਆਂ ਕਿਸੇ ਨਾ ਕਿਸੇ ਵੇਲੇ ਸੋਝੀ ਜ਼ਰੂਰ ਹੋ ਜਾਂਦੀ ਹੈ ਜਿਸਦੇ ਫਲਸਰੂਪ ਉਨ੍ਹਾਂ ਦੀ ਮੌਤ ਉਜਲੀ ਹੋ ਜਾਂਦੀ ਹੈ।

ਗਿਆਨ ਖੰਡ ਵਿਚ ਸੇਵਕ ਨੂੰ ਸੇਵਾ ਦੀ ਮਹੱਤਤਾ ਦਾ ਪਤਾ ਲਗ ਜਾਂਦਾ ਹੈ। ਉਸਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਸੇਵਾ ਕਰਦਾ ਹੋਇਆ ਸਾਧਕ ਜਦੋਂ ਨਿਸ਼ਕਾਮ ਅਥਵਾ ਨਿਰ-ਇੱਛੁਕ ਹੋ ਜਾਂਦਾ ਹੈ ਤਾਂ ਉਹ ਆਪਣੇ 'ਸੁਆਮੀ' ਨੂੰ ਪ੍ਰਾਪਤ ਕਰ ਲੈਂਦਾ ਹੈ:

> ਸੇਵਾ ਕਰਤ ਹੋਇ ਨਿਹਕਾਮੀ।
> ਤਿਸ ਕਉ ਹੋਤ ਪਰਾਪਤਿ ਸੁਆਮੀ।[2]

ਸੇਵਕ ਨੂੰ ਇਸ ਗੱਲ ਦੀ ਵੀ ਸੋਝੀ ਹੋ ਜਾਂਦੀ ਹੈ ਕਿ ਸੇਵਾ ਕਿਸੇ ਮਨੋ-ਕਾਮਨਾ ਜਾਂ ਇੱਛਾ ਦੀ ਪੂਰਤੀ ਲਈ ਨਹੀਂ ਕੀਤੀ ਜਾਂਦੀ। ਇਸੇ ਲਈ ਇਸ ਸੇਵਾ ਨੂੰ ਗਾਖੜੀ ਕਿਹਾ ਗਿਆ ਹੈ ਕਿਉਂਕਿ

---

1. ਰਾਮ ਸਿੰਘ (ਪ੍ਰੋ:), ਜਪੁਜੀ ਦਾ ਵਿਸ਼ਾ ਤੇ ਰੂਪ, ਪੰਨਾ 144
2. ਆਦਿ ਗ੍ਰੰਥ, ਮ. 5, ਪੰਨਾ 286-87

ਇਸ ਵਿਚ ਤਨ ਦੇ ਨਾਲ ਨਾਲ ਮਨ ਨੂੰ ਅਰਪਣ ਕਰਨਾ ਪੈਂਦਾ ਹੈ:

ਹਸਤੀ ਸਿਰਿ ਜਿਉ ਅੰਕਸੁ ਹੈ
ਅਹਰਣਿ ਜਿਉ ਸਿਰੁ ਦੇਇ।
ਮਨੁ ਤਨੁ ਆਗੈ ਰਾਖਿ ਕੈ
ਊਭੀ ਸੇਵ ਕਰੇਇ।[1]

ਹੁਣ ਸੇਵਕ ਨੂੰ ਆਪਣੇ ਔਗੁਣਾਂ ਦੀ ਸੋਝੀ ਵੀ ਹੋ ਜਾਂਦੀ ਹੈ, ਜਿਹੜੇ ਸੇਵਾ ਦੇ ਰਸਤੇ ਵਿਚ ਰੁਕਾਵਟ ਬਣਦੇ ਹਨ। ਪਹਿਲਾਂ ਜਿਹੜੇ ਕਰਮ ਕਰਨ ਵਿਚ ਉਹ ਮਾਣ ਸਮਝਦਾ ਸੀ, ਉਸਨੂੰ ਗਿਆਨ ਹੋ ਜਾਂਦਾ ਹੈ ਕਿ ਇਹ ਤਾਂ ਮੂਲੋਂ ਹੀ ਗਲਤ ਹਨ। ਜਦੋਂ ਕਿਤੇ ਸੇਵਕ ਕੋਲੋਂ ਅਜਿਹੇ ਕਰਮ ਹੋ ਜਾਂਦੇ ਹਨ, ਜਿਨ੍ਹਾਂ ਕਰਮਾਂ ਨੂੰ ਗੁਰਬਾਣੀ 'ਨਾ ਕਰਨ ਵਾਲੇ ਕਰਮ' ਆਖਦੀ ਹੈ, ਤਾਂ ਉਸਨੂੰ ਮਹਿਸੂਸ ਹੋਣ ਲਗ ਜਾਂਦਾ ਹੈ ਕਿ ਇਹ ਤਾਂ ਉਸ ਨੂੰ ਗਿਰਾਵਟ ਵਲ ਲਿਜਾ ਰਹੇ ਹਨ। ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਬਿਰਤੀਆਂ ਨੂੰ, ਜਿਹੜੀਆਂ ਅਸੁਰੀ ਸੁਭਾਅ ਵਾਲੀਆਂ ਹਨ, ਤਿਆਗਣ ਦਾ ਆਦੇਸ਼ ਦਿਤਾ ਹੈ ਕਿਉਂਕਿ ਅਸੁਰੀ ਸੁਭਾਅ ਬਿਖਿਆ ਵਿਚ ਭਟਕਣ ਤੋਂ ਸਿਵਾ ਕੁਝ ਨਹੀਂ:

ਬਿਖਿਆ ਕਦੇ ਹੀ ਰਜੈ ਨਾਹੀ
ਮੂਰਖ ਭੁਖ ਨ ਜਾਈ।[2]

ਇਹ ਲਗਾਮਾਂ ਪਾਉਣ ਵਾਲੇ ਕੰਮ ਹਨ – ਕਾਮ, ਕਰੋਧ, ਲੋਭ, ਮੋਹ, ਹੰਕਾਰ, ਨਿੰਦਾ-ਚੁਗਲੀ, ਝੂਠ, ਹਿੰਸਾ। ਸੇਵਾ ਕਰਦਾ ਹੋਇਆ ਸੇਵਕ ਆਪਣੇ ਵਿਕਾਸ ਵਲ ਵਧਦਾ ਹੋਇਆ ਮਹਿਸੂਸ ਕਰਦਾ ਹੈ ਕਿ ਆਚਾਰ ਜਾਂ Character ਨੂੰ ਤਾਂ ਗੁਰੂ ਸਾਹਿਬ ਨੇ ਸੱਚ ਤੋਂ ਵੀ ਉਪਰ ਕਹਿ ਦਿਤਾ:

ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰੁ।[3]

---

1. ਆਦਿ ਗ੍ਰੰਥ, ਮ. 3, ਪੰਨਾ 647-48
2. ਉਹੀ, ਮ. 1, ਪੰਨਾ 1287
3. ਉਹੀ, ਮ. 1, ਪੰਨਾ 62

ਸੇਵਕ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਬੁਰੇ ਕਰਮਾਂ ਦਾ ਫਲ ਵੀ ਬੁਰਾ ਹੀ ਹੈ ਜਿਸ ਦੇ ਕਰਨ ਵਾਲਿਆਂ ਨੂੰ ਮੁਜ਼ਰਮ ਕਰਾਰ ਦਿਤਾ ਜਾਂਦਾ ਹੈ, ਉਹ ਇਥੇ ਵੀ ਦੁਖੀ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਅਗਲੇ ਜਨਮ ਵਿਚ ਵੀ ਭਿਆਨਕ ਸਜ਼ਾ ਮਿਲਦੀ ਹੈ:

ਪਾਪੀ ਕਰਮ ਕਮਾਵਦੇ
ਕਰਦੇ ਹਾਏ ਹਾਇ।
ਨਾਨਕ ਜਿਉ ਮਥਨਿ ਮਾਧਾਣੀਆ
ਤਿਉ ਮਥੇ ਧ੍ਰਮਰਾਇ।[1]

ਇਸ ਲਈ ਗਿਆਨ ਖੰਡ ਵਿਚ ਜਾ ਕੇ ਸੇਵਕ ਨੂੰ ਗਿਆਨ ਹੋ ਜਾਂਦਾ ਹੈ ਕਿ ਉਚੇਰਾ ਅਤੇ ਸਦਾਚਾਰਕ ਜੀਵਨ ਜਿਊਣਾ ਹੀ ਠੀਕ ਹੈ। ਉਚੇਰਾ ਅਤੇ ਸਦਾਚਾਰਕ ਜੀਵਨ ਜੀਊਣ ਨਾਲ ਹੀ ਸੇਵਕ ਅਜਿਹੇ ਕਰਮ ਕਰੇਗਾ ਜਿਹੜੇ ਸਮਾਜ ਕਲਿਆਣ ਲਈ ਪਰਮ ਸਾਧਨ ਹੋਣਗੇ।

ਸੇਵਕ ਤਨ ਜਾਂ ਧਨ ਨਾਲ ਸੇਵਾ ਤਾਂ ਹੀ ਕਰੇਗਾ ਜੇ ਉਸਦੇ ਮਨ ਦੀ ਅਵਸਥਾ ਸੇਵਾ ਵਲ ਰੁਚਿਤ ਹੋਵੇਗੀ। ਇਸ ਅਵਸਥਾ ਲਈ ਸਿਰਫ਼ ਸਦਾਚਾਰਕ ਅਤੇ ਚੰਗੇ ਕਰਮਾਂ ਦੀ ਹੀ ਲੋੜ ਹੈ, ਜਿਨ੍ਹਾਂ ਨੂੰ ਗੁਰਬਾਣੀ ਵਿਚ ਸੁਭ ਕਰਮ ਆਖਿਆ ਗਿਆ ਹੈ। ਇਸ ਪ੍ਰਸੰਗ ਵਿਚ ਅਰਬਿੰਦੂ ਜੀ ਦਾ ਵਿਚਾਰ ਹੈ:

"ਚੰਗਿਆਈਆਂ ਹੀ ਹਨ ਜਿਹੜੀਆਂ ਵਿਅਕਤੀ ਨੂੰ ਅਤੇ
ਸੰਸਾਰ ਨੂੰ ਸੰਪੂਰਣਤਾ ਵਲ ਲੈ ਜਾਂਦੀਆਂ ਹਨ।"[2]

ਇਸ ਅਵਸਥਾ ਵਿਚ ਸੇਵਕ ਨੂੰ ਇਸ ਗੱਲ ਦਾ ਵੀ ਗਿਆਨ ਹੋ ਜਾਂਦਾ ਹੈ ਕਿ ਇਹ ਚੰਗੇ ਜਾਂ ਸੁਭ ਕਰਮ ਕਿਹੜੇ ਹਨ ਜਿਨ੍ਹਾਂ ਨੂੰ ਕਰਨ ਨਾਲ, ਸੁਰਤਿ ਦੇ ਸ਼ਬਦ ਨਾਲ ਜੁੜਨ ਵਿਚ ਸਹਾਇਤਾ ਮਿਲਦੀ ਹੈ ਅਤੇ ਆਤਮਾ ਉਚੇਰੇ ਮੰਡਲਾਂ ਵਲ ਜਾ ਸਕਦੀ ਹੈ। ਇਹਨਾਂ ਕਰਮਾਂ ਲਈ ਸੇਵਕ ਨੂੰ ਪ੍ਰੇਰਤ ਕਰਨ ਵਾਲੇ ਗੁਣ ਹਨ – ਸੰਤੋਖ, ਨਿਰਮਾਨਤਾ, ਦਇਆ, ਨਿਸ਼ਕਾਮ ਭਾਵਨਾ ਆਦਿ। ਕਰਨ-ਯੋਗ (Positive) ਕਰਮਾਂ ਨੂੰ ਅਪਨਾਉਣ ਅਤੇ 'ਨਾ ਕਰਨ-ਯੋਗ (Negative) ਕਰਮਾਂ ਨੂੰ ਛੱਡਣ ਦੀ ਸੋਝੀ ਇਸ ਪੜਾਅ ਤੇ ਸੇਵਕ ਨੂੰ ਆ ਜਾਂਦੀ ਹੈ।

---

1. ਆਦਿ ਗ੍ਰੰਥ, ਮ. 5, ਪੰਨਾ 1425

2. ਹਵਾਲਾ: ਦਲੀਪ ਸਿੰਘ ਦੀਪ (ਡਾ.), ਜਪੁਜੀ ਇਕ ਤੁਲਨਾਤਮਕ ਅਧਿਐਨ, ਪੰਨਾ 166

ਸੇਵਕ ਦਾ ਬੌਧਿਕ ਗਿਆਨ ਅਨੁਭਵ ਵਿਚ ਦਾਖਲ ਹੋ ਜਾਂਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੀ ਇਸ ਪੰਕਤੀ ਦਾ ਅਨੁਭਵ ਉਸਨੂੰ ਹੋ ਜਾਂਦਾ ਹੈ:

ਸੇਵ ਕੀਤੀ ਸੰਤੋਖੀਈ
ਜਿਨ੍ਹੀ ਸਚੋ ਸਚੁ ਧਿਆਇਆ।
ਓਨ੍ਹੀ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ।[1]

ਇਸ ਤਰ੍ਹਾਂ ਸਬਰ, ਸੰਤੋਖ ਅਤੇ ਯਕੀਨ ਨਾਲ ਜਿਥੇ ਪਾਰਬ੍ਰਹਮ ਦੀ ਸਾਜੀ ਹੋਈ ਸ੍ਰਿਸ਼ਟੀ ਦੇ ਨਵੇਂ ਤੋਂ ਨਵੇਂ ਪੱਖ ਉਸਦੀ ਦ੍ਰਿਸ਼ਟੀ ਵਿਚ ਉਜਾਗਰ ਹੋਣੇ ਸ਼ੁਰੂ ਹੋ ਜਾਂਦੇ ਹਨ, ਉਸੇ ਤਰ੍ਹਾਂ ਉਸਦੀ ਬੁੱਧੀ ਸਾਹਮਣਿਉਂ ਹਨੇਰੇ ਦੀਆਂ ਪਰਤਾਂ ਸਹਿਜੇ ਸਹਿਜੇ ਅਲੋਪ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਦਿਨ ਪ੍ਰਤੀ ਦਿਨ, ਛਿਣ ਪ੍ਰਤੀ ਛਿਣ ਉਸਦੇ ਅੰਦਰ ਗਿਆਨ ਦਾ ਚਾਨਣ ਮਘਦਾ ਚਲਾ ਜਾਂਦਾ ਹੈ। ਹੌਲੀ ਹੌਲੀ ਉਘੜਦੀ ਗਿਆਨ ਦੀ ਪ੍ਰਕ੍ਰਿਆ ਬਾਰੇ ਡਾ. ਰਾਧਾ ਕ੍ਰਿਸ਼ਨਨ ਜੀ ਨੇ ਠੀਕ ਹੀ ਕਿਹਾ ਹੈ:

"ਅਸੀਂ ਉਚਿ ਗਿਆਨ ਇਕੋ ਸਾਹੇ ਹਾਸਲ ਨਹੀਂ ਕਰ ਸਕਦੇ।
ਇਹ ਤਰਤੀਬੇ ਯਤਨ ਅਤੇ ਮਨ ਦੀ ਡੂੰਘਾਈ ਦਾ ਪ੍ਰਤੀਫਲ ਹੈ।"[2]

ਸਰਮ ਖੰਡ:

ਇਸ ਤਰ੍ਹਾਂ ਗਿਆਨ ਖੰਡ ਵਾਲੀ ਅਵਸਥਾ ਵਿਚ ਸੇਵਾ ਦੀ ਪ੍ਰਕ੍ਰਿਆ ਸੰਬੰਧੀ ਸਰਵਪੱਖੀ ਸੋਝੀ ਪ੍ਰਾਪਤ ਕਰਨ ਤੋਂ ਉਪਰੰਤ ਤੀਜੇ ਪੜਾਅ ਵਿਚ ਜਿਸਨੂੰ ਜਪੁਜੀ ਸਾਹਿਬ ਵਿਚ ਸਰਮ ਖੰਡ ਕਿਹਾ ਗਿਆ ਹੈ, ਸੇਵਕ ਪੂਰੀ ਦ੍ਰਿੜ੍ਹਤਾ ਨਾਲ ਸੇਵਾ ਦੇ ਕਾਰਜ ਵਿਚ ਜੁਟ ਜਾਂਦਾ ਹੈ। ਸਰਮ ਦੇ ਅਰਥ ਭਾਈ ਕਾਨ੍ਹ ਸਿੰਘ ਨਾਭਾ ਜੀ ਅਨੁਸਾਰ ਇਸ ਪ੍ਰਕਾਰ ਹਨ:

---

1. ਆਦਿ ਗ੍ਰੰਥ, ਮ. 1, ਪੰਨਾ 466-67

2. The highest knowledge is not to be snatched at one leap. It is acquired as the result of methodical endeavour, steady deepening of the mind.
S. Radhakrishnan, The Principal Upanisads, p. 510

1. ਸ਼ਰਮ, ਲੱਜਾ
2. ਸ੍ਰਮ, ਪੁਰਸ਼ਾਰਥ, ਮਿਹਨਤ, ਉੱਦਮ, ਘਾਲਨਾ
3. ਆਨੰਦ, ਖੁਸ਼ੀ, ਸੁਖ[1]

ਉਪਰਲੇ ਤਿੰਨਾਂ ਵਿਚੋਂ ਦੂਜੀ ਥਾਂ ਦਿਤੇ ਗਏ ਅਰਥਾਂ ਨੂੰ ਅਸੀਂ ਇਸ ਸੰਦਰਭ ਵਿਚ ਆਪਣੀ ਵਿਚਾਰ ਲੜੀ ਦਾ ਆਧਾਰ ਬਣਾਇਆ ਹੈ।[2]

ਡਾ. ਸੁਰਿੰਦਰ ਸਿੰਘ ਕੋਹਲੀ ਜੀ ਨੇ ਵੀ ਹੇਠ ਲਿਖੇ ਅਨੁਸਾਰ 'ਸਰਮ ਖੰਡ' ਦੇ ਇਨ੍ਹਾਂ ਅਰਥਾਂ ਨੂੰ ਹੀ ਸਵੀਕਾਰ ਕੀਤਾ ਹੈ:

> "In the region of effort (Saram Khand) in Japji, the mind and intellect are purified from the dirt of ego and a Jiva becomes a Siddha."[3]

ਸੇਵਾ ਲਈ ਇਹ ਬਹੁਤ ਕਠਿਨ ਘਾਲਣਾ ਘਾਲਣ ਵਾਲਾ ਪੜਾਅ ਹੈ। ਸਰਮ ਖੰਡ ਵਿਚ ਅਧਿਆਤਮਕ ਸਾਧਕ ਦੀ ਸਥਿਤੀ ਅਤੇ ਭੂਮਿਕਾ ਦੀ ਚਰਚਾ ਕਰਦਿਆਂ ਪ੍ਰੋ: ਰਾਮ ਸਿੰਘ ਲਿਖਦੇ ਹਨ:

> "ਸੂਖਮ ਹਉਮੈ ਨੂੰ ਲਭ ਕੇ, ਉਸ ਨੂੰ ਪਛਾਣ ਕੇ, ਉਸ ਨਾਲ ਮੋਰਚਾ ਲਾਉਣਾ ਸਾਧਕ ਦਾ ਕਰਤੱਵ ਸਮਝਿਆ ਜਾਂਦਾ ਹੈ। ਇਸੇ ਲਈ ਇਸ ਖੰਡ ਨੂੰ ਕਠਨ ਘਾਲ ਜਾਂ ਸ੍ਰਮ ਦਾ ਖੰਡ ਕਿਹਾ ਹੈ।"[4]

---

1. ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 168
2. ਫਾਰਸੀ ਵਿਚ ਸਰਮ ਦੇ ਅਰਥ ਹਨ ਸ਼ਰਮ, ਲਜਾ ਅਤੇ ਸੰਸਕ੍ਰਿਤ ਵਿਚ ਮਿਹਨਤ, ਪਰੀਸ਼੍ਰਮ। ਅਨੇਕ ਵਿਦਵਾਨਾਂ ਨੇ ਫਾਰਸੀ ਦੇ ਕੋਸ਼ ਅਰਥਾਂ ਨੂੰ ਆਧਾਰ ਬਣਾਕੇ ਇਹ ਸਿੱਧ ਕਰਨ ਦਾ ਵੀ ਯਤਨ ਕੀਤਾ ਹੈ ਕਿ ਇਸ ਖੰਡ ਵਿਚ ਪਹੁੰਚ ਕੇ ਸਾਧਕ ਮੰਦੇ ਕੰਮਾਂ ਤੋਂ ਸ਼ਰਮ ਮਹਿਸੂਸ ਕਰਕੇ ਉਨ੍ਹਾਂ ਤੋਂ ਸੰਕੋਚ ਕਰਨ ਲਗ ਜਾਂਦਾ ਹੈ। ਪਰੰਤੂ ਵਿਦਵਾਨਾਂ ਦੀ ਬਹੁਗਿਣਤੀ ਨੇ ਸੰਸਕ੍ਰਿਤ ਦੇ ਸ਼ਬਦ ਸਰਮ ਅਰਥਾਤ ਪਰੀਸਰਮ ਦੇ ਸੰਦਰਭ ਵਿਚ ਹੀ ਇਸ ਖੰਡ ਦੀ ਚਰਚਾ ਕੀਤੀ ਹੈ।
3. Surinder Singh Kohli (Dr.), Outlines of Sikh Thought, p. 71
4. ਰਾਮ ਸਿੰਘ (ਪ੍ਰੋ:), ਜਪੁਜੀ ਦਾ ਵਿਸ਼ਾ ਤੇ ਰੂਪ, ਪੰਨਾ 146

ਸਰਮ ਖੰਡ ਸੰਬੰਧੀ ਪ੍ਰੋ: ਰਾਮ ਸਿੰਘ ਦਾ ਉਪਰੋਕਤ ਨਿਸ਼ਕਰਸ਼ ਜਿੰਨਾ ਅਧਿਆਤਮਕ ਸਾਧਨਾ ਦੇ ਸੰਦਰਭ ਵਿਚ ਸਾਰਥਕ ਹੈ ਉੱਨਾ ਹੀ ਸਾਰਥਕ ਸੇਵਾ ਦੀ ਪ੍ਰਕ੍ਰਿਆ ਦੇ ਸੰਦਰਭ ਵਿਚ ਵੀ ਹੈ।

ਗਿਆਨ ਖੰਡ ਤੋਂ ਵਿਕਾਸ ਕਰਦਾ ਹੋਇਆ ਸੇਵਕ ਸਰਮ ਖੰਡ ਵਿਚ ਦਾਖ਼ਲ ਹੁੰਦਾ ਹੈ, ਜਿਥੇ ਜਾ ਕੇ ਉਸਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਵੈਸੇ ਉੱਦਮ ਤਾਂ ਸਾਰਿਆਂ ਪੜਾਵਾਂ ਵਿਚ ਹੀ ਅਵੱਸ਼ਕ ਹੈ, ਪਰ ਇਸ ਪੜਾਅ ਉਤੇ ਉਸਨੂੰ ਕੁਝ ਵਧੇਰੇ ਕਠਿਨ ਪਰਿਸ਼ਰਮ ਕਰਨਾ ਪੈਂਦਾ ਹੈ। ਉਹ ਆਪਣੀਆਂ ਕਮਜ਼ੋਰੀਆਂ ਤੋਂ ਬਚਣ ਅਤੇ ਚੰਗਿਆਈਆਂ ਨੂੰ ਅਪਨਾਉਣ ਦੀ ਕੋਸ਼ਿਸ਼ ਵਿਚ ਲਗ ਜਾਂਦਾ ਹੈ। ਉਹ ਹਰ ਵੇਲੇ ਆਪਣੇ ਆਪ ਨੂੰ ਚੇਤੰਨ ਰਖਦਾ ਹੈ ਕਿ ਉਹ ਕਿਸੇ ਅਜਿਹੀ ਕਮਜ਼ੋਰੀ ਦਾ ਸ਼ਿਕਾਰ ਨਾ ਹੋ ਜਾਏ, ਜਿਸ ਨਾਲ ਅਵੇਸਲਾ ਹੋ ਕੇ ਕਿਸੇ ਵੇਲੇ ਆਪਣੇ ਮਾਰਗ ਤੋਂ ਥਿੜਕ ਨਾ ਜਾਏ। ਹਰ ਪ੍ਰਕਾਰ ਦੀ ਕਮਜ਼ੋਰੀ ਤੋਂ ਬਚਕੇ ਮਨ ਅਤੇ ਸੁਰਤਿ ਦੀਆਂ ਅਵਸਥਾਵਾਂ ਨੂੰ ਸੇਵਾ ਵਲ ਲਾਉਣ ਲਈ ਉਹ ਪਰਿਸ਼ਰਮ ਕਰਦਾ ਹੈ।

ਜਿਵੇਂ ਕਿ ਉਪਰ ਕਿਹਾ ਜਾ ਚੁਕਿਆ ਹੈ ਸੇਵਕ ਸੇਵਾ ਦੀ ਪ੍ਰਕ੍ਰਿਆ ਵਿਚ ਤਾਂ ਪਹਿਲੇ ਪੜਾਅ ਅਰਥਾਤ ਧਰਮ ਖੰਡ ਦੀ ਅਵਸਥਾ ਵਿਚ ਹੀ ਜੁੜ ਜਾਂਦਾ ਹੈ, ਪਰੰਤੂ ਉਸਨੂੰ ਉਦੋਂ ਇਸ ਗੱਲ ਦੀ ਸੋਝੀ ਨਹੀਂ ਹੁੰਦੀ। ਇਸ ਲਈ ਇਹ ਗੁੰਜਾਇਸ਼ ਬਣੀ ਰਹਿੰਦੀ ਹੈ ਕਿ ਆਪਣੇ ਕਿਸੇ ਚੰਗੇ ਕੰਮ ਦਾ ਉਸਨੂੰ ਅਭਿਮਾਨ ਹੋ ਜਾਏ ਜਾਂ ਆਪਣੀ ਸੇਵਾ ਦੇ ਕਿਸੇ ਪਾਤਰ ਦੀ ਸਰੀਰਕ ਗੰਦਗੀ ਜਾਂ ਉਸਦੀ ਕੋਈ ਕੋਹਜੀ ਹਰਕਤ ਉਸਦੇ ਮਨ ਵਿਚ ਨਫ਼ਰਤ ਪੈਦਾ ਕਰ ਦੇਵੇ। ਇਸੇ ਤਰ੍ਹਾਂ ਇਹ ਸੰਭਾਵਨਾ ਵੀ ਮੌਜੂਦ ਰਹਿੰਦੀ ਹੈ ਕਿ ਆਪਣੇ ਨੇੜੇ ਦੇ ਰਿਸ਼ਤੇਦਾਰਾਂ ਮਿਤਰਾਂ ਵਲ ਉਸਦਾ ਝੁਕਾਉ ਸੇਵਾ ਕਰਨ ਲਗਿਆਂ/ਕੁਝ ਵਧੇਰੇ ਹੋ ਜਾਏ। ਇਹ ਵੀ ਹੋ ਸਕਦਾ ਹੈ ਕਿ ਉਸਦੇ ਮਨ ਵਿਚ ਸੇਵਾ ਕਰਨ 'ਦੇ ਸਮੇਂ ਦੇ ਦੌਰਾਨ ਹੀ ਇਸਦੇ ਫਲ ਦੀ ਕਾਮਨਾ ਪ੍ਰਬਲ ਹੋਣੀ ਸ਼ੁਰੂ ਹੋ ਜਾਏ ਅਤੇ ਇਹੋ ਜਿਹੀਆਂ ਹੋਰ ਅਨੇਕ ਕਮਜ਼ੋਰੀਆਂ ਹਨ ਜੋ ਪਹਿਲੇ ਪੜਾਅ ਉਤੇ ਸੇਵਕ ਨੂੰ ਆਪਣੇ ਕਾਰਜ ਤੋਂ ਸਮੇਂ ਸਮੇਂ ਲਾਂਭੇ ਲਿਜਾਂਦੀਆਂ ਰਹਿੰਦੀਆਂ ਹਨ। ਇਹ ਸੇਵਕ ਦੀ ਗਿਆਨ ਖੰਡ ਤੋਂ ਪਹਿਲਾਂ ਵਾਲੀ ਅਵਸਥਾ ਹੈ। ਹੁਣ ਗਿਆਨ ਖੰਡ ਤੋਂ ਬਾਅਦ ਵਾਲੀ ਅਵਸਥਾ ਅਰਥਾਤ ਸਰਮ ਖੰਡ ਵਿਚ ਸੇਵਾ ਦੇ ਜਿਸ ਕਾਰਜ ਵਿਚ ਉਹ ਰੁਝਿਆ ਹੋਇਆ ਹੁੰਦਾ ਹੈ, ਉਸਦੀ ਬਾਹਰਲੀ ਸ਼ਕਲ ਭਾਵੇਂ ਧਰਮ ਖੰਡ ਵਿਚਲੇ ਕਾਰਜ ਵਰਗੀ ਹੀ ਹੁੰਦੀ ਹੈ, ਪਰੰਤੂ ਗਿਆਨ ਖੰਡ ਵਿਚੋਂ ਪ੍ਰਾਪਤ ਹੋਈ ਸੋਝੀ ਅਤੇ ਜਾਣਕਾਰੀ ਦੀ ਰੋਸ਼ਨੀ ਵਿਚ ਹੁਣ ਉਹ ਆਪਣੀ ਕਮਜ਼ੋਰੀ ਨੂੰ ਅਤੇ ਇਸ ਕਮਜ਼ੋਰੀ ਦੇ ਕਾਰਣ ਨੂੰ ਪੂਰੀ ਤਰ੍ਹਾਂ ਪਛਾਣਨ ਦੇ ਯੋਗ ਹੋ ਜਾਂਦਾ ਹੈ। ਇਸ ਲਈ ਇਸ ਪੜਾਅ ਤੇ ਪਹੁੰਚਕੇ

ਉਸਦਾ ਸੰਘਰਸ਼ ਦੂਹਰਾ ਹੋ ਜਾਂਦਾ ਹੈ। ਇਕ ਪਾਸੇ ਉਹ ਕਠਨ ਘਾਲਣਾ ਕਰਕੇ ਆਪਣੇ ਆਪ ਨੂੰ ਸੰਜਮ ਅਤੇ ਅਨੁਸ਼ਾਸ਼ਨ ਵਿਚ ਰਖਦਾ ਹੈ ਤਾਂ ਜੋ ਉਸਦਾ ਮਨ ਕਮਜ਼ੋਰੀਆਂ ਤੋਂ ਬਚਿਆ ਰਹੇ ਅਤੇ ਦੂਜੇ ਪਾਸੇ ਉਹ ਹੋਰ ਵਧੇਰੇ ਅਣਥੱਕ ਅਤੇ ਬੇਆਰਾਮ ਹੋ ਕੇ ਵੀ ਸੇਵਾ ਦੇ ਕਾਰਜ ਨੂੰ ਵਧ ਤੋਂ ਵੱਧ ਸਮਾਂ ਸਮਰਪਿਤ ਕਰਨ ਵਿਚ ਜੁੱਟ ਜਾਂਦਾ ਹੈ।

ਗਿਆਨ ਖੰਡ ਵਿਚ ਅਸੀਂ ਇਹ ਜ਼ਿਕਰ ਕੀਤਾ ਸੀ ਕਿ ਇਸ ਖੰਡ ਵਿਚ ਸੇਵਕ ਨੂੰ ਸਦਾਚਾਰਕ ਵਿਧਾਨ ਦੀ ਸੋਝੀ ਹੋ ਜਾਂਦੀ ਹੈ ਜਿਸ ਅਨੁਸਾਰ ਕੁਝ ਕਰਮ ਅਜਿਹੇ ਹਨ ਜੋ ਇਸ ਵਿਧਾਨ ਅਨੁਸਾਰ ਕਰਨੇ ਚਾਹੀਦੇ ਹਨ ਅਤੇ ਕੁਝ ਅਜਿਹੇ ਹਨ ਜੋ ਇਸ ਵਿਧਾਨ ਅਨੁਸਾਰ ਨਾ ਕਰਨ ਦੀ ਤਾੜਨਾ ਹੈ। ਇਸ ਸਦਾਚਾਰਕ ਨੀਤੀ ਤੋਂ ਹੀ ਮਨੁੱਖ ਆਪਣੇ ਕਰਮਾਂ ਨੂੰ ਢਾਲਦਾ ਹੈ। ਇਸ ਸੰਦਰਭ ਵਿਚਲਾਲਾ ਹਰਦਿਆਲ ਜੀ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਲਿਖਦੇ ਹਨ:

> "ਸਦਾਚਾਰ ਨੀਤੀ ਮਨੁਖ ਦੇ ਸੰਪੂਰਣ ਫਰਜ਼ ਦਸਦੀ ਹੈ। ਚੰਗੇ ਅਤੇ ਮੰਦੇ ਸਾਰੇ ਕਰਮ ਸਦਾਚਾਰ ਨੀਤੀ ਦੇ ਅਨੁਸਾਰ ਢਾਲੇ ਅਤੇ ਜਾਣੇ ਜਾਂਦੇ ਹਨ।"[1]

ਸਰਮ ਖੰਡ ਵਿਚ ਸੇਵਕ ਇਨ੍ਹਾਂ ਨਾ ਕਰਨ-ਯੋਗ ਕਰਮਾਂ ਨੂੰ ਛਡਣ ਜਾਂ ਸੰਜਮ ਵਿਚ ਲਿਆਉਣ ਦੀ ਮਿਹਨਤ ਕਰਦਾ ਹੈ। ਉਹ ਕਾਮ ਦੇ ਉਲਾਰੂ ਪੱਖ ਤੋਂ ਛੁਟਕਾਰਾ ਪਾ ਕੇ ਇਸ ਨੂੰ ਸੰਜਮ ਵਿਚ ਲਿਆਉਂਦਾ ਹੈ, ਕਰੋਧ ਨੂੰ ਕਾਬੂ ਕਰਨ ਦਾ ਪਰਿਸ਼ਰਮ ਕਰਦਾ ਹੈ, ਕਿਉਂਕਿ ਕਾਮ ਅਤੇ ਕਰੋਧ ਇਸ ਸਰੀਰ ਦੇ ਦੁਸ਼ਮਣ ਹਨ:

> ਕਾਮੁ ਕ੍ਰੋਧੁ ਕਾਇਆ ਕਉ ਗਾਲੈ।
> ਜਿਉ ਕੰਚਨ ਸੋਹਾਗਾ ਢਾਲੈ।[2]

ਇਸ ਦੇ ਉਲਟ ਬਾਬਾ ਫਰੀਦ ਜੀ ਦੇ ਕਹਿਣ ਅਨੁਸਾਰ ਬੁਰੇ ਦਾ ਵੀ ਭਲਾ ਕਰਕੇ ਉਹ ਕ੍ਰੋਧ ਨੂੰ ਪੀ ਲੈਂਦਾ ਹੈ, ਜਿਸ ਅਨੁਸਾਰ ਉਸਦਾ ਸਰੀਰ ਅਰੋਗ ਰਹਿੰਦਾ ਹੈ:

---

1. Hardayal, <u>Hints for Self Culture</u>, p. 156

2. <u>ਆਦਿ ਗ੍ਰੰਥ</u>, ਮ. 1, ਪੰਨਾ 932

ਫਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ।
ਦੇਹੀ ਰੋਗੁ ਨ ਲਗਈ
ਪਲੈ ਸਭੁ ਕਿਛੁ ਪਾਇ।[1]

ਉਸਦੇ ਅੰਦਰ ਲੋਭ ਨੂੰ ਖਤਮ ਕਰਨ ਦਾ ਸੰਘਰਸ਼ ਵੀ ਚਲਦਾ ਹੈ, ਕਿਉਂਕਿ ਲੋਭ ਸੇਵਾ ਦੀ ਕਿਰਿਆ ਨੂੰ ਦੂਸ਼ਿਤ ਕਰਦਾ ਹੈ। ਸੇਵਕ ਨੇ ਤਾਂ ਆਪਣੇ ਆਪ ਨੂੰ ਲੁਟਾਉਣਾ ਹੈ ਪਰ ਲੋਭੀ ਸਦਾ ਭੁੱਖਾ ਹੀ ਰਹਿੰਦਾ ਹੈ, ਉਹ ਖੁਦਗਰਜ਼ ਅਤੇ ਮਤਲਬੀ ਬਣ ਜਾਂਦਾ ਹੈ। ਉਸਨੂੰ ਸ਼ਾਂਤੀ ਨਹੀਂ ਆਉਂਦੀ ਸਗੋਂ ਮਾਇਆ ਦੇ ਪਿਛੇ ਮਾਰਾ ਮਾਰਾ ਫਿਰਦਾ ਹੈ:

ਸਹਸ ਖਟੇ ਲਖ ਕਉ ਉਠਿ ਧਾਵੈ।
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ।[2]

ਹਉਮੈ ਇਕ ਰੋਗ ਹੈ ਜਿਸ ਤੋਂ ਬਚਣ ਦੀ ਸੇਵਕ ਨੇ ਸਰਮ ਖੰਡ ਵਿਚ ਮਿਹਨਤ ਕਰਨੀ ਹੈ। ਹੰਕਾਰ ਵਿਚ ਮਨੁਖ ਆਪਣੇ ਆਪ ਨੂੰ ਵੱਡਾ ਅਤੇ ਦੂਸਰਿਆਂ ਨੂੰ ਆਪਣੇ ਤੋਂ ਨੀਵਾਂ ਸਮਝਣ ਲਗ ਜਾਂਦਾ ਹੈ। ਉਸਨੇ ਤਾਂ ਸਾਧ ਸੰਗਤ ਦੇ ਬਰਤਨ ਸਾਫ਼ ਕਰਨੇ ਹਨ, ਜੋੜੇ ਝਾੜਨੇ ਹਨ ਪਰ ਹੰਕਾਰੀ ਮਨੁਖ ਇਹ ਕਿਥੋਂ ਕਰੇਗਾ:

ਵਿਚਿ ਹਉਮੈ ਸੇਵਾ ਥਾਇ ਨ ਪਾਏ।
ਜਨਮਿ ਮਰੈ ਫਿਰਿ ਆਵੈ ਜਾਏ।
ਸੋ ਤਪੁ ਪੂਰਾ ਸਾਈ ਸੇਵਾ
ਜੋ ਹਰਿ ਮੇਰੇ ਮਨਿ ਭਾਣੀ ਹੇ।[3]

ਪਰਾਈ ਨਿੰਦਾ ਵੀ ਹੰਕਾਰ ਦਾ ਹਿੱਸਾ ਹੈ। ਨਿੰਦਿਆ ਮਨੁੱਖ ਉਦੋਂ ਹੀ ਕਰਦਾ ਹੈ ਜਦੋਂ ਉਹ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਵਧੇਰੇ ਅਕਲਮੰਦ ਤੇ ਉੱਚਾ ਸਮਝਦਾ ਹੈ ਅਤੇ ਦੂਸਰਿਆਂ ਨੂੰ ਆਪਣੇ ਨਾਲੋਂ ਘਟੀਆ ਸਮਝਦਾ ਹੈ। ਅਜਿਹੀ ਹਾਲਤ ਵਿਚ ਉਹ ਹਉਮੈ ਦਾ ਰੋਗੀ ਬਣ ਜਾਂਦਾ ਹੈ।

---

1. ਆਦਿ ਗ੍ਰੰਥ, ਬਾਣੀ ਫਰੀਦ ਜੀ, ਪੰਨਾ 1382
2. ਉਹੀ, ਮ. 5, ਪੰਨਾ 278-79
3. ਉਹੀ, ਮ. 4, ਪੰਨਾ 1070

ਸਰਮ ਖੰਡ ਵਿਚ ਸੇਵਕ ਆਪਣੇ ਵਡੱਪਣ ਦੇ ਟਿਥਿਆਂ ਨੂੰ ਅਤੇ ਨੀਵੇਪਣ ਦੀ ਖਾਈ ਨੂੰ ਪਧਰਾ ਕਰਨ ਦਾ ਪਰਿਸ੍ਰਮ ਕਰਦਾ ਹੈ:

ਫਰੀਦਾ ਮਨੁ ਮੈਦਾਨੁ ਕਰਿ
ਟੋਏ ਟਿਬੇ ਲਾਹਿ।
ਅਗੈ ਮੂਲਿ ਨ ਆਵਸੀ
ਦੋਜਕ ਸੰਦੀ ਭਾਹਿ।[1]

ਭੈੜੇ ਪੁਰਸ਼ਾਂ ਦੀ ਸੰਗਤ ਤੋਂ ਸੇਵਕ ਹਮੇਸ਼ਾ ਦੂਰ ਰਹਿਣ ਦਾ ਉਪਰਾਲਾ ਕਰਦਾ ਰਹਿੰਦਾ ਹੈ, ਕਿਉਂਕਿ ਅਜਿਹੇ ਪੁਰਸ਼ ਬੇ-ਸੰਤੋਖੇ ਹੁੰਦੇ ਹਨ। ਅਜਿਹੀ ਕੁਸੰਗਤ ਤੋਂ ਗੁਰੂ ਰਾਮ ਦਾਸ ਜੀ ਲਖ ਕੋਹ ਦੂਰ ਰਹਿਣ ਦਾ ਉਪਦੇਸ਼ ਕਰਦੇ ਹਨ:

ਸਾਕਤ ਨਰ ਪ੍ਰਾਨੀ ਸਦ ਭੂਖੇ
ਨਿਤ ਭੂਖਨ ਭੂਖ ਕਰੀਜੈ।
ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ
ਲਖ ਕੋਸਨ ਕਉ ਬਿਥਿ ਦੀਜੈ।[2]

ਜਿਥੇ ਸੇਵਕ ਦਾ ਸੰਘਰਸ਼ ਇਨ੍ਹਾਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਅਤੇ ਆਪਣੇ ਅੰਦਰੋਂ ਕਢਣ ਦਾ ਚਲਦਾ ਹੈ, ਉਥੇ ਉਹ ਚੰਗਿਆਈਆਂ ਨੂੰ ਆਪਣੇ ਅੰਦਰ ਅਪਨਾਉਣ ਅਤੇ ਢਾਲਣ ਦੀ ਕੋਸ਼ਿਸ਼ ਵਿਚ ਵੀ ਲਗਾਤਾਰ ਜੁਟਿਆ ਰਹਿੰਦਾ ਹੈ, ਜਿਸ ਨਾਲ ਉਹ ਆਪਣੇ ਵਿਕਾਸ ਦੇ ਅਗਲੇ ਪੜਾਅ ਵਲ ਵਧਦਾ ਹੈ।

ਸੇਵਕ ਲਈ ਸੰਤੋਖ ਦਾ ਗੁਣ ਸਭ ਤੋਂ ਜ਼ਰੂਰੀ ਹੈ। ਸੇਵਾ ਸਬਰ ਵਾਲਾ ਅਤੇ ਸੰਤੋਖੀ ਮਨੁੱਖ ਹੀ ਕਰ ਸਕਦਾ ਹੈ। ਆਪਣੀਆਂ ਜ਼ਰੂਰਤਾਂ ਘਟਾ ਕੇ, ਸਬਰ ਸੰਤੋਖ ਵਾਲੀ ਜ਼ਿੰਦਗੀ ਜਿਉਂਕੇ ਦੂਸਰਿਆਂ ਲਈ ਕੁਰਬਾਨੀ ਕਰਨ ਦਾ ਗੁਣ ਗ੍ਰਹਿਣ ਕਰਨ ਲਈ ਸੇਵਕ ਨੇ ਸੰਘਰਸ਼ ਕਰਨਾ ਹੈ:

---

1. ਆਦਿ ਗ੍ਰੰਥ, ਬਾਣੀ ਫਰੀਦ ਜੀ, ਪੰਨਾ 1381
2. ਉਹੀ, ਮ. 4, ਪੰਨਾ 1323-24

ਅਹਿਨਿਸਿ ਨਾਮਿ ਸੰਤੋਖੀਆ
ਸੇਵਾ ਸਚੁ ਸਾਈ।
ਤਾਕਉ ਬਿਘਨੁ ਨ ਲਾਗਈ
ਚਾਲੈ ਹੁਕਮਿ ਰਜਾਈ।[1]

ਦਇਆ ਦਾ ਗੁਣ ਧਾਰਣ ਕਰਨਾ ਵੀ ਸੇਵਕ ਲਈ ਉਤਨਾ ਹੀ ਜ਼ਰੂਰੀ ਹੈ ਜਿਤਨਾ ਸੰਤੋਖ। ਜਦੋਂ ਸੇਵਕ ਦੇ ਮਨ ਵਿਚ ਦਇਆ ਹੋਵੇਗੀ, ਤਾਂ ਉਹ ਦੂਸਰਿਆਂ ਦੇ ਦੁਖਾਂ ਨੂੰ ਆਪਣੇ ਦੁਖਾਂ ਦੀ ਤਰ੍ਹਾਂ ਮਹਿਸੂਸ ਕਰੇਗਾ, ਉਸ ਅੰਦਰ ਸਹਾਨਭੂਤੀ ਦਾ ਜਜ਼ਬਾ ਪੈਦਾ ਹੋਵੇਗਾ। ਪਰਾਈ ਪੀੜ ਨੂੰ ਆਪਣੀ ਪੀੜ ਸਮਝਕੇ, ਉਸ ਨੂੰ ਦੂਰ ਕਰਨ ਦਾ ਉਹ ਉਪਰਾਲਾ ਕਰੇਗਾ।

ਇਸ ਤੋਂ ਬਿਨਾਂ ਹੱਕ ਹਲਾਲ ਦੀ ਕਮਾਈ ਸੇਵਕ ਲਈ ਬਹੁਤ ਜ਼ਰੂਰੀ ਹੈ। ਪੂਜਾ ਦਾ ਧਨ ਖਾਣ ਵਾਲੇ ਜਾਂ ਬੇਈਮਾਨੀ, ਚੋਰੀ, ਵੱਢੀ ਆਦਿ ਦੁਆਰਾ ਦੌਲਤ ਕਮਾਉਣ ਵਾਲੇ ਵਿਅਕਤੀ ਸੇਵਕ ਦੇ ਰੂਪ ਵਿਚ ਕਦੇ ਵਿਕਾਸ ਨਹੀਂ ਕਰਦੇ। ਇਸ ਲਈ ਸੇਵਕ ਲਈ ਜ਼ਰੂਰੀ ਹੈ ਕਿ ਉਹ ਹਮੇਸ਼ਾ ਦਸਾਂ ਨੌਹਾਂ ਦੀ ਕਿਰਤ ਕਰੇ ਅਤੇ ਇਸ ਵਿਚੋਂ ਦਸਵੰਧ ਕਢਣ ਲਗਿਆਂ ਵੀ ਆਪਣੇ ਮਨ ਵਿਚ ਹੰਕਾਰ ਨਾ ਆਉਣ ਦੇਵੇ। ਇਸੇ ਲਈ ਤਾਂ ਗੁਰੂ ਨਾਨਕ ਦੇਵ ਜੀ ਨੇ ਸੇਵਕ ਲਈ ਸੰਤੋਖ, ਸਦਾਚਾਰਕ ਜੀਵਨ, ਮੰਦੇ ਕਰਮਾਂ ਤੋਂ ਪਰਹੇਜ਼ ਦੇ ਨਾਲ ਨਾਲ ਸੁਕ੍ਰਿਤੁ ਧਰਮੁ ਅਰਥਾਤ ਹੱਕ ਦੀ ਕਮਾਈ ਜ਼ਰੂਰੀ ਕਰਾਰ ਦਿਤਾ ਹੈ:

ਸੇਵ ਕੀਤੀ ਸੰਤੋਖੀਈ
ਜਿਨ੍ਹੀ ਸਚੋ ਸਚੁ ਧਿਆਇਆ।
ਓਨ੍ਹੀ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ।[2]

ਇਸ ਸਭ ਕੁਝ ਤੋਂ ਬਾਅਦ ਸੇਵਕ ਨੇ ਸੁਰਤਿ ਦੀ ਸੇਵਾ ਲਈ ਸੰਘਰਸ਼ ਕਰਨਾ ਹੈ। ਸੁਰਤਿ ਨੂੰ ਸ਼ਬਦ ਨਾਲ ਜੋੜਨ ਲਈ ਉਸਨੂੰ ਬਹੁਤ ਘਾਲਣਾ ਕਰਨੀ ਪੈਂਦੀ ਹੈ ਤਾਂ ਹੀ ਉਹ ਸਹਿਜ ਦੀ ਅਵਸਥਾ ਤਕ ਪਹੁੰਚਦਾ ਹੈ:

---

1. ਆਦਿ ਗ੍ਰੰਥ, ਮ. 1, ਪੰਨਾ 421
2. ਉਹੀ, ਮ. 1, ਪੰਨਾ 466-67

ਗੁਰਮੁਖਿ ਦੀਸੈ ਸਹਜਿ ਸੁਭਾਇ।
ਸੇਵਾ ਸੁਰਤਿ ਏਕ ਲਿਵ ਲਾਇ।[1]

ਇਸ ਤਰ੍ਹਾਂ ਸੇਵਕ ਦੇ ਵਿਕਾਸ ਦੀ ਇਹ ਤੀਜੀ ਮੰਜ਼ਿਲ ਹੈ ਅਤੇ ਫਿਰ ਉਹ ਅਗਲੇ ਪੜਾਅ ਵਿਚ ਪਰਵੇਸ਼ ਕਰਦਾ ਹੈ।

ਕਰਮ ਖੰਡ:

ਤੀਜੇ ਪੜਾਅ ਅਰਥਾਤ ਸਰਮ ਖੰਡ ਵਿਚ ਕੀਤੀ ਗਈ ਸੇਵਕ ਦੀ ਘਾਲਣਾ ਹੁਣ ਉਸਨੂੰ ਉਸ ਪੜਾਅ ਉਤੇ ਲੈ ਆਉਂਦੀ ਹੈ, ਜਿਥੇ ਉਹ ਪ੍ਰਭੂ ਦੀ ਅਪਾਰ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਬਣਕੇ ਸਹਿਜ ਭਾਵ ਨਾਲ ਹੀ ਸੇਵਾ ਦੇ ਕਾਰਜ ਵਿਚ ਵਿਅਸਤ ਹੋ ਜਾਂਦਾ ਹੈ। ਕਰਮ ਖੰਡ ਦੇ ਅਰਥ ਭਾਈ ਕਾਨ੍ਹ ਸਿੰਘ ਜੀ ਨੇ ਇਸ ਪ੍ਰਕਾਰ ਕੀਤੇ ਹਨ:

1. ਕ੍ਰਿਪਾ ਦਾ ਦੇਸ਼, ਉਹ ਅਵਸਥਾ (ਅਥਵਾ ਭੂਮਿਕਾ) ਜਿਸ ਵਿਚ ਵਾਹਿਗੁਰੂ ਦੀ ਕ੍ਰਿਪਾ ਅਤੇ ਬਖਸ਼ਿਸ਼ ਪ੍ਰਾਪਤ ਹੁੰਦੀ ਹੈ।
2. ਕਰਮ ਯੋਗ ਦੀ ਭੂਮਿਕਾ, ਅਮਲ ਕਰਨ ਦਾ ਦਰਜਾ।[2]

ਉਪਰਲੇ ਦੋਹਾਂ ਵਿਚੋਂ ਪਹਿਲੀ ਥਾਂ ਦਿਤੇ ਗਏ ਅਰਥਾਂ ਨੂੰ ਅਸੀਂ ਇਸ ਸੰਦਰਭ ਵਿਚ ਆਪਣੀ ਵਿਚਾਰ ਲੜੀ ਦਾ ਆਧਾਰ ਬਣਾਇਆ ਹੈ।[3]

---

1. ਆਦਿ ਗ੍ਰੰਥ, ਮ. 1, ਪੰਨਾ 422
2. ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 304
3. ਫ਼ਾਰਸੀ ਵਿਚ ਕਰਮ ਦਾ ਅਰਥ ਹੈ ਮਿਹਰ, ਬਖਸ਼ਿਸ਼ ਅਤੇ ਸੰਸਕ੍ਰਿਤ ਵਿਚ Action ਪਰੰਤੂ ਜਿਸ ਤਰ੍ਹਾਂ 'ਸਰਮ' ਦੇ ਫ਼ਾਰਸੀ ਅਤੇ ਸੰਸਕ੍ਰਿਤ ਵਿਚਲੇ ਅੰਤਰ ਦੇ ਆਧਾਰ ਤੇ ਸਰਮ ਖੰਡ ਦੀ ਵਿਆਖਿਆ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਹੈ, ਉਸੇ ਤਰ੍ਹਾਂ ਇਨ੍ਹਾਂ ਦੋਹਾਂ ਭਾਸ਼ਾਵਾਂ ਵਿਚ 'ਕਰਮ' ਸ਼ਬਦ ਦੇ ਅਰਥ ਵੀ ਭਿੰਨ ਭਿੰਨ ਹੋਣ ਕਰਕੇ ਕਰਮ ਖੰਡ ਦੀ ਵਿਆਖਿਆ ਭਿੰਨ ਭਿੰਨ ਦ੍ਰਿਸ਼ਟੀਕੋਣ ਤੋਂ ਕੀਤੀ ਗਈ ਹੈ। ਇਸ ਸੰਦਰਭ ਵਿਚ ਅਸੀਂ ਉਨ੍ਹਾਂ ਵਿਦਵਾਨਾਂ ਨਾਲ ਸਹਿਮਤ ਹਾਂ ਜਿਨ੍ਹਾਂ ਨੇ 'ਸਰਮ' ਦਾ ਅਰਥ ਕਰਨ ਲਗਿਆਂ ਫ਼ਾਰਸੀ ਨਾਲੋਂ ਸੰਸਕ੍ਰਿਤ ਨੂੰ ਤਰਜੀਹ ਦਿਤੀ ਹੈ ਅਤੇ ਕਰਮ ਦਾ ਅਰਥ ਕਰਨ ਲਗਿਆਂ ਸੰਸਕ੍ਰਿਤ ਦੀ ਥਾਂ ਫ਼ਾਰਸੀ ਦੇ ਅਰਥਾਂ ਨੂੰ ਅਪਣਾਇਆ ਹੈ। ਫ਼ਾਰਸੀ ਵਿਚ ਕਰਮ ਦੇ ਅਰਥ ਮਿਹਰ ਬਖਸ਼ਿਸ਼ ਆਦਿ ਹਨ, ਸੰਸਕ੍ਰਿਤ ਵਿਚ Action ਆਦਿ ਹਨ, ਜਿਹਾ ਕਿ ਕਾਨ੍ਹ ਸਿੰਘ ਜੀ ਦੁਆਰਾ ਦਿਤੇ ਗਏ ਕਰਮਵਾਰ ਪਹਿਲੇ ਅਤੇ ਦੂਜੇ ਨੰਬਰ ਤੇ ਦਿਤੇ ਗਏ ਅਰਥ ਸਪਸ਼ਟ ਹਨ।

ਪਹਿਲੇ ਤਿੰਨ ਖੰਡਾਂ ਸੰਬੰਧੀ ਕੀਤੀ ਗਈ ਚਰਚਾ ਦੇ ਅਨੁਰੂਪ ਹੀ ਇਸ ਖੰਡ ਦੇ ਕੇਂਦਰੀ ਬਿੰਦੂ ਨੂੰ ਸਪਸ਼ਟ ਕਰਦਿਆਂ ਪ੍ਰੋ: ਰਾਮ ਸਿੰਘ ਲਿਖਦੇ ਹਨ:

> "ਹੁਣ ਸੰਗ੍ਰਾਮ ਦਾ ਅੰਤ ਹੈ। ਹਉਮੈ ਦੇ ਖਾਤਮੇ ਬਾਦ ਸਾਧਕ ਇਹ ਸੋਚ ਹੀ ਨਹੀਂ ਸਕਦਾ ਕਿ ਇਹ ਮੇਰੀ ਘਾਲ ਦਾ ਫਲ ਹੈ। ਕਿਉਂਕਿ ਮੈਂ - ਭਾਵ ਹੀ ਮਿਟ ਚੁਕਾ ਹੁੰਦਾ ਹੈ। ਇਸ ਲਈ ਅਗਲੇ ਕਰਮ ਖੰਡ ਦੇ ਵਿਕਾਸ ਨੂੰ ਮਿਹਰ ਦਾ ਫਲ ਹੀ ਪ੍ਰਤੀਤ ਕੀਤਾ ਜਾ ਸਕਦਾ ਹੈ।"[1]

ਇਸ ਪ੍ਰਕਾਰ ਗਿਆਨ ਖੰਡ ਵਿਚੋਂ ਪ੍ਰਾਪਤ ਜਾਣਕਾਰੀ ਦੀ ਰੋਸ਼ਨੀ ਵਿਚ ਸਰਮ ਖੰਡ ਵਿਚ ਪਹੁੰਚ ਕੇ ਸੇਵਕ ਦੀ ਸ਼ਖ਼ਸੀਅਤ ਵਿਚ ਇਸ ਹੱਦ ਤਕ ਵਿਕਾਸ ਹੋ ਜਾਂਦਾ ਹੈ ਕਿ ਉਸਦੀ ਹਉਮੈਂ ਉਸਦੀ ਦ੍ਰਿੜ੍ਹਤਾ ਦੇ ਸਾਹਮਣੇ ਸਿਰ ਸੁਟ ਦਿੰਦੀ ਹੈ। ਕਠਿਨ ਮਿਹਨਤ, ਸੰਜਮ, ਸਿਦਕ ਅਤੇ ਸੰਤੋਖ ਨਾਲ ਹਉਮੈ ਉਤੇ ਪ੍ਰਾਪਤ ਕੀਤੀ ਹੋਈ ਉਸਦੀ ਜਿੱਤ ਉਤੇ ਪ੍ਰਭੂ ਤਰੁਠ ਪੈਂਦਾ ਹੈ, ਸੇਵਕ ਉਤੇ ਉਸਦੀ ਮਿਹਰ ਹੋ ਜਾਂਦੀ ਹੈ। ਅਜਿਹੇ ਸੇਵਕ ਫਿਰ ਉਸਨੂੰ ਪਿਆਰੇ ਲਗਣ ਲਗ ਜਾਂਦੇ ਹਨ:

> ਸੇ ਭਗਤ ਤੁਧੁ ਭਾਵਦੇ
> ਸਚੈ ਨਾਇ ਪਿਆਰਿਆ।
> ਸਤਿਗੁਰੁ ਸੇਵਹਿ ਆਪਣਾ
> ਤਿਨ੍ਹਾ ਵਿਟਉ ਹਉ ਵਾਰਿਆ।[2]

ਉਪਰ ਕਿਹਾ ਜਾ ਚੁਕਿਆ ਹੈ ਕਿ ਸਾਧ ਸੰਗਤ ਵਿਚ ਹਾਜ਼ਰ ਹੋ ਜਾਣਾ ਵੀ ਪ੍ਰਭੂ ਦੀ ਮਿਹਰ ਦਾ ਫਲ ਹੈ। ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਪਹਿਲੇ ਪੜਾਅ ਦੀ ਉਹ ਮਿਹਰ ਕੇਵਲ ਸੇਵਕ ਦੇ ਮਨ ਵਿਚ ਦਿਲਚਸਪੀ, ਉਤਸ਼ਾਹ ਤੇ ਪ੍ਰੇਰਣਾ ਪੈਦਾ ਕਰਨ ਤਕ ਹੀ ਸੀਮਤ ਹੈ ਜਦੋਂ ਕਿ ਗਿਆਨ ਖੰਡ ਦੀ ਸੋਝੀ ਅਤੇ ਸਰਮ ਖੰਡ ਦੀ ਤਪਸਿਆ ਤੋਂ ਬਾਅਦ ਉਸ ਉਤੇ ਹੋਈ ਪ੍ਰਭੂ ਦੀ ਮਿਹਰ ਉਸਦੀ ਆਪਣੀ ਕਮਾਈ ਦਾ ਫਲ ਹੈ। ਕਰਮ ਖੰਡ ਵਾਲੀ ਮਿਹਰ ਸਾਧਕ ਨੂੰ

---

1. ਰਾਮ ਸਿੰਘ (ਪ੍ਰੋ:), ਜਪੁਜੀ ਦਾ ਵਿਸ਼ਾ ਤੇ ਰੂਪ, ਪੰਨਾ 146-47
2. ਆਦਿ ਗ੍ਰੰਥ, ਮ. 3, ਪੰਨਾ 1280

ਉਸ ਸਥਿਤੀ ਵਿਚ ਪ੍ਰਾਪਤ ਹੋਈ ਹੈ ਜਦੋਂ ਉਸਦੀ ਸ਼ਖ਼ਸੀਅਤ ਵਿਚ ਦ੍ਰਿੜ੍ਹਤਾ, ਸੋਝੀ ਅਤੇ ਮਿਹਨਤ ਦਾ ਸੰਗਮ ਹੋ ਗਿਆ, ਸਰਮ ਖੰਡ ਦੀ ਸਥਿਤੀ ਨਾਲੋਂ ਇਥੇ ਆ ਕੇ ਫ਼ਰਕ ਇਹ ਪੈ ਜਾਂਦਾ ਹੈ ਕਿ ਸਰਮ ਖੰਡ ਵਿਚ ਹਉਮੈ ਦੇ ਨਾਲ ਜਿਹੜਾ ਮੋਰਚਾ ਉਸਨੇ ਲਾਇਆ ਹੋਇਆ ਸੀ ਉਸਦੇ ਸੰਦਰਭ ਵਿਚ ਸੰਘਰਸ਼ ਕਰਨ ਲਗਿਆਂ ਹਰ ਵੇਲੇ ਉਸਨੇ ਆਪਣੇ ਆਪ ਨੂੰ ਕਸਕੇ ਰਖਿਆ ਹੋਇਆ ਹੁੰਦਾ ਸੀ, ਕਿਉਂਕਿ ਹਰ ਵੇਲੇ ਉਸਨੂੰ ਡਰ ਰਹਿੰਦਾ ਸੀ ਕਿ ਜਦੋਂ ਵੀ ਉਹ ਅਵੇਸਲਾ ਹੋ ਗਿਆ/ਉਦੋਂ ਹੀ ਸੰਭਾਵਨਾ ਪੈਦਾ ਹੋ ਜਾਏਗੀ ਕਿ ਉਹ ਆਪਣੇ ਰਾਹ ਤੋਂ ਥਿੜਕ ਨਾ ਜਾਏ। ਪਰੰਤੂ ਕਰਮ ਖੰਡ ਵਿਚ ਪਹੁੰਚੇ ਹੋਏ ਸੇਵਕ ਉਤੇ ਸੁਆਮੀ ਦੀ ਇਹ ਖ਼ਾਸ ਬਖ਼ਸ਼ਿਸ਼ ਹੋ ਜਾਂਦੀ ਹੈ ਕਿ ਹੁਣ ਉਸਦਾ ਆਪਾ ਅਡੋਲ ਅਤੇ ਅਡਿਗ ਹੋ ਜਾਂਦਾ ਹੈ। ਕੂੜ, ਮਾਇਆ ਅਤੇ ਹਉਮੈ ਵਲ ਲਿਜਾਣ ਵਾਲੀ ਹਰ ਇਕ ਕਮਜ਼ੋਰੀ ਉਤੇ ਉਸਨੇ ਵਿਜੈ ਪ੍ਰਾਪਤ ਕਰ ਲਈ ਹੁੰਦੀ ਹੈ। ਮੌਤ ਉਸਨੂੰ ਬਹੁਤ ਭਿਆਨਕ ਸੰਕਲਪ ਬਣਕੇ ਹੁਣ ਡਰਾ ਨਹੀਂ ਸਕਦੀ। ਜੀਵਨ ਦਾ ਅੰਤ ਉਸਨੂੰ ਇਕ ਚੋਲਾ ਬਦਲਣ ਦੇ ਸਮਾਨ ਪ੍ਰਤੀਤ ਹੋਣ ਲਗ ਪੈਂਦਾ ਹੈ। ਕੋਈ ਕਾਰਣ ਇਹੋ ਜਿਹਾ ਬਾਕੀ ਨਹੀਂ ਰਹਿੰਦਾ ਜਿਸ ਕਰਕੇ ਉਹ ਕਿਸੇ ਨਾਲ ਵੈਰ ਜਾਂ ਈਰਖਾ ਕਰੇ। ਨਾ ਹੀ ਲੋਭ ਜਾਂ ਮੋਹ ਇਹੋ ਜਿਹਾ ਬਾਕੀ ਰਹਿੰਦਾ ਹੈ ਜਿਹੜਾ ਕਿਸੇ ਵੇਲੇ ਕਿਸੇ ਸਥਿਤੀ ਵਿਚ ਉਸਨੂੰ ਭਰਮਾ ਕੇ ਆਪਣੇ ਰਾਹ ਤੋਂ ਥਿੜਕਾ ਦੇਵੇ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸੇਵਾ ਦੇ ਕਾਰਜ ਵਿਚ ਜੁਟੇ ਹੋਏ ਸੇਵਕ ਦੇ ਅਮਲਾਂ ਦੀ ਬਾਹਰਲੀ ਸ਼ਕਲ ਹੁਣ ਵੀ ਭਾਵੇਂ ਲਗਭਗ ਉਹੋ ਜਿਹੀ ਰਹਿੰਦੀ ਹੈ ਜਿਹੋ ਜਿਹੀ ਧਰਮ ਖੰਡ ਵਿਚ ਸੀ ਜਾਂ ਉਸਤੋਂ ਬਾਅਦ ਥੋੜ੍ਹੇ ਜਿਹੇ ਫ਼ਰਕ ਨਾਲ ਸਰਮ ਖੰਡ ਵਿਚ ਸੀ, ਪਰੰਤੂ ਸੇਵਕ ਦੀ ਮਾਨਸਿਕ ਸਥਿਤੀ ਇਸ ਖੰਡ ਵਿਚ ਪਹੁੰਚਕੇ ਇਤਨਾ ਵਿਕਾਸ ਕਰ ਚੁਕੀ ਹੁੰਦੀ ਹੈ ਕਿ ਹੁਣ ਉਸਨੂੰ ਸੇਵਾ ਵਿਚ ਜੁਟਣ ਲਈ ਕਿਸੇ ਪ੍ਰਕਾਰ ਦੇ ਉਚੇਚ ਦੀ ਲੋੜ ਨਹੀਂ। ਪੁਰਸ਼ਾਰਥ ਦੇ ਜਿਹੜੇ ਕੰਮ ਪਹਿਲਾਂ ਉਹ ਵਿਸ਼ੇਸ਼ ਯਤਨਾਂ ਨਾਲ ਕਰਦਾ ਸੀ, ਉਹ ਹੁਣ ਉਸਤੋਂ ਸਹਿਜ ਸੁਭਾ ਹੀ ਹੋਈ ਜਾਂਦੇ ਹਨ, ਕਿਉਂਕਿ ਉਸਦੇ ਮਿਹਰਬਾਨ ਪਾਰਬ੍ਰਹਮ ਦੀ ਉਸ ਉਤੇ ਇਤਨੀ ਕ੍ਰਿਪਾ-ਦ੍ਰਿਸ਼ਟੀ ਹੋ ਗਈ ਹੈ ਕਿ ਕਿਸੇ ਗ਼ਲਤ ਰਾਹ ਉਤੇ ਤੁਰਨ ਦਾ ਉਸਦੀ ਜ਼ਿੰਦਗੀ ਵਿਚ ਸਵਾਲ ਹੀ ਪੈਦਾ ਨਹੀਂ ਹੁੰਦਾ।

ਵਿਸ਼ੇਸ਼ ਰੂਪ ਵਿਚ ਚੇਤੇ ਰਖਣ ਵਾਲੀ ਗੱਲ ਇਹ ਹੈ ਕਿ ਗੁਰਮਤਿ ਨੂੰ ਆਪਣੀ ਸਾਧਨਾ ਦਾ ਆਧਾਰ ਅਤੇ ਸਾਧ ਸੰਗਤ ਨੂੰ ਆਪਣੀ ਪ੍ਰੇਰਨਾ ਦਾ ਮੁਖ ਸੋਮਾ ਸਮਝਣ ਵਾਲੇ ਵਿਅਕਤੀ ਦੀ ਸ਼ਖ਼ਸੀਅਤ ਟੋਟਿਆਂ ਵਿਚ ਵੰਡੀ ਹੋਈ ਨਹੀਂ ਹੁੰਦੀ। ਉਹ ਇਕੋ ਸਮੇਂ ਤਪਸਵੀ ਵੀ ਹੁੰਦਾ ਹੈ ਅਤੇ

ਸੇਵਕ ਵੀ। ਲਗਭਗ ਇਸੇ ਬਿੰਦੂ ਵਲ ਸੰਕੇਤ ਕਰਦਿਆਂ ਭਗਤ ਨਾਮਦੇਵ ਜੀ ਤ੍ਰਿਲੋਚਨ ਜੀ ਨੂੰ ਸੰਬੋਧਨ ਕਰਦੇ ਹਨ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।[1]

ਅਰਥਾਤ ਗੁਰਮਤਿ ਅਨੁਸਾਰ ਸੇਵਾ ਵਿਚ ਲਗੇ ਹੋਏ ਹੱਥ ਪੈਰ ਪ੍ਰਭੂ ਦੇ ਸਿਮਰਨ ਵਿਚ ਵਿਘਨ ਨਹੀਂ ਪੈਦਾ ਕਰਦੇ, ਸਗੋਂ ਸਫ਼ਲ ਸਾਧਕ ਅਥਵਾ ਗੁਰਮੁਖ ਉਹ ਵਿਅਕਤੀ ਹੁੰਦਾ ਹੈ, ਜਿਸ ਵਿਚ ਇਹ ਦੋਵੇਂ ਪੱਖ ਇਕਸੁਰ ਹੋ ਜਾਣ। ਜਪੁਜੀ ਦੇ ਆਖ਼ਰੀ ਸਲੋਕ ਦੀ ਵਿਆਖਿਆ ਕਰਦਿਆਂ ਪ੍ਰੋ: ਰਾਮ ਸਿੰਘ ਨੇ ਵੀ ਇਸੇ ਤੱਥ ਵਲ ਸੰਕੇਤ ਕੀਤਾ ਹੈ। ਉਹ ਲਿਖਦੇ ਹਨ:

> "ਮਿਹਰ ਮਾਰਗ ਦੇ ਸਾਰੇ ਅੰਗਾਂ ਵਿਚੋਂ ਦੋ ਹੀ ਸਭ ਤੋਂ ਵਧ ਮਹੱਤਵ ਪੂਰਨ ਹਨ, ਨਾਮ ਜਪਣਾ ਤੇ ਸੇਵਾ ਕਰਨੀ। ਸੇਵਾ ਨੂੰ ਚੰਗਿਆਈ ਜਾਂ ਨੇਕੀ ਭੀ ਕਿਹਾ ਜਾ ਸਕਦਾ ਹੈ। ਇਸੇ ਦੇ ਅਰਥਾਂ ਨੂੰ ਚੰਗੀ ਤਰ੍ਹਾਂ ਉਘਾੜਨ ਲਈ 'ਮਸਕਤਿ' ਸ਼ਬਦ ਵਰਤਿਆ ਗਿਆ ਲਗਦਾ ਹੈ। ਸੇਵਾ ਵਿਚ ਸਰੀਰਕ ਕਿਰਤ ਦੁਆਰਾ ਕੀਤੀ ਨੇਕੀ ਵੀ ਸ਼ਾਮਲ ਹੈ ਤੇ ਨਾਮ ਜਪਾਉਣ ਦਾ ਉਦਮ ਭੀ।"[2]

ਆਪਣੇ ਇਸ ਅਰਥ ਦੀ ਪੁਸ਼ਟੀ ਵਜੋਂ ਗੁਰਬਾਣੀ ਵਿਚੋਂ ਜਿਹੜੀ ਉਦਾਹਰਣ ਉਨ੍ਹਾਂ ਦਿਤੀ ਹੈ, ਉਹ ਹੈ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ।
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।[3]

---

1. ਆਦਿ ਗ੍ਰੰਥ, ਬਾਣੀ ਭਗਤ ਨਾਮਦੇਵ ਜੀ, ਪੰਨਾ 1376
2. ਰਾਮ ਸਿੰਘ (ਪ੍ਰੋ:), ਜਪੁਜੀ ਦਾ ਵਿਸ਼ਾ ਤੇ ਰੂਪ, ਪੰਨਾ 149
3. ਆਦਿ ਗ੍ਰੰਥ, ਮ. 1, ਪੰਨਾ 8

ਸਚ ਖੰਡ:

ਚਰਚਾ ਅਧੀਨ ਸੇਵਕ ਦੇ ਪੰਜ ਪੜਾਵੀ ਵਿਕਾਸ ਦੀ ਆਖਰੀ ਅਵਸਥਾ ਉਹ ਹੈ, ਜਿਸ ਨੂੰ ਜਪੁਜੀ ਵਿਚ ਸਚ ਖੰਡ ਕਿਹਾ ਗਿਆ ਹੈ। ਇਸ ਅਵਸਥਾ ਵਲ ਪਿਛੇ ਸੁਰਤਿ-ਸ਼ਬਦ ਦੇ ਸੰਦਰਭ ਵਿਚ ਵੀ ਸੰਕੇਤ ਕੀਤਾ ਗਿਆ ਹੈ। ਇਸ ਪੜਾਅ ਤੇ ਪਹੁੰਚ ਕੇ ਸੇਵਕ ਵਿਚ ਉਹ ਸਾਰੇ ਗੁਣ ਸ਼ਾਮਲ ਹੋ ਜਾਂਦੇ ਹਨ ਜਿਨ੍ਹਾਂ ਦੀ ਕਿਸੇ ਬ੍ਰਹਮ ਗਿਆਨੀ ਵਿਚ ਕਲਪਨਾ ਕੀਤੀ ਜਾਂਦੀ ਹੈ।

ਭਾਈ ਕਾਨ੍ਹ ਸਿੰਘ ਜੀ ਨੇ ਸਚ ਖੰਡ ਦੇ ਅਰਥ ਇਸ ਪ੍ਰਕਾਰ ਦਿਤੇ ਹਨ:

1. ਸਤਯ ਲੋਕ
2. ਨਿਰਵਾਣ ਪਦ, ਤੁਰੀਯਾ ਪਦ
3. ਅਵਿਨਾਸ਼ੀ ਮੰਡਲ[1]

ਭਾਈ ਸਾਹਿਬ ਦੁਆਰਾ ਉਪਰ ਦਿਤੇ ਤਿੰਨੇ ਅਰਥ ਲਗਭਗ ਇਕੋ ਸਥਿਤੀ ਵਲ ਸੰਕੇਤ ਕਰਦੇ ਪ੍ਰਤੀਤ ਹੁੰਦੇ ਹਨ। ਸੇਵਾ ਦੇ ਸੰਦਰਭ ਵਿਚ ਸਚ ਖੰਡ ਵਿਚ ਪਹੁੰਚਿਆ ਹੋਇਆ ਵਿਅਕਤੀ ਸਤਯ ਲੋਕ ਵਿਚ ਪਹੁੰਚੀ ਹੋਈ ਆਤਮਾ ਦੇ ਸਮਾਨ ਹੈ। ਸਪਸ਼ਟ ਹੈ ਕਿ ਇਸ ਲੋਕ ਜਾਂ ਅਵਸਥਾ ਵਿਚ ਪਹੁੰਚੇ ਹੋਏ ਵਿਅਕਤੀ ਨੂੰ ਨਿਰਵਾਣ ਪਦ ਪ੍ਰਾਪਤ ਹੁੰਦਾ ਹੈ ਅਤੇ ਜਿਸਨੂੰ ਨਿਰਵਾਣ ਪਦ ਪ੍ਰਾਪਤ ਹੋਵੇ ਉਹ ਨਿਰਸੰਦੇਹ ਅਵਿਨਾਸ਼ੀ ਹੀ ਹੁੰਦਾ ਹੈ।

ਅਧਿਆਤਮਕ ਮਾਰਗ ਦੇ ਪਾਂਧੀ ਦੇ ਸੰਦਰਭ ਵਿਚ ਸਚ ਖੰਡ ਦੀ ਚਰਚਾ ਕਰਦਿਆਂ ਪ੍ਰੋ: ਰਾਮ ਸਿੰਘ ਲਿਖਦੇ ਹਨ:

> "ਸਚ ਖੰਡ ਹੋਰ ਵੀ ਮਹਾਨ ਇਕਸੁਰਤਾ ਦਾ ਖੰਡ ਹੈ। ਇਸ ਵਿਚ ਪਿਛਲੇ ਚਾਰ ਖੰਡਾਂ ਦੀ ਚਹੁਮੁਖੀ ਇਕਾਗਰਤਾ ਵਧੇਰੇ ਇਕਸੁਰ ਹੋ ਜਾਂਦੀ ਹੈ। ਸਾਧਕ ਧਰਮ ਖੰਡ, ਗਿਆਨ ਖੰਡ, ਸਰਮ ਖੰਡ ਤੇ ਕਰਮ ਖੰਡ ਦੇ ਸਭ ਅਨੁਭਵਾਂ ਨੂੰ ਇਕਾਗਰ ਹੋਏ ਪ੍ਰਤੀਤ ਕਰਦਾ ਹੈ। ਸਚ ਖੰਡ ਅਨੁਭਵਾਂ ਦੀ ਇਕਸੁਰਤਾ ਦਾ ਮੰਡਲ ਹੈ; ਰਬ ਦਾ ਧਰਮ ਸਰੂਪ, ਗਿਆਨ ਸਰੂਪ, ਸੁਹਜ ਸਰੂਪ, ਮਿਹਰ ਸਰੂਪ ਸਭ ਇਥੇ ਇਕਾਗਰ ਹੋ ਜਾਂਦੇ ਹਨ।"[2]

---

1. ਕਾਨ੍ਹ ਸਿੰਘ ਨਾਭਾ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 144
2. ਰਾਮ ਸਿੰਘ (ਪ੍ਰੋ:), ਜਪੁਜੀ ਦਾ ਵਿਸ਼ਾ ਤੇ ਰੂਪ, ਪੰਨਾ 147-48

ਗੁਰੂ ਨਾਨਕ ਦੇਵ ਜੀ ਨੇ ਆਪ ਧਰਮ ਖੰਡ, ਗਿਆਨ ਖੰਡ, ਸਰਮ ਖੰਡ ਅਤੇ ਕਰਮ ਖੰਡ ਤੋਂ ਬਾਅਦ ਸਚ ਖੰਡ ਦਾ ਜ਼ਿਕਰ ਕਰਨ ਲਗਿਆਂ ਸੂਤਰ-ਬਧ ਰੂਪ ਵਿਚ ਹੇਠ ਲਿਖੀ ਪੰਗਤੀ ਲਿਖੀ ਹੈ:

ਸਚ ਖੰਡਿ ਵਸੈ ਨਿਰੰਕਾਰੁ।
ਕਰਿ ਕਰਿ ਵੇਖੈ ਨਦਰਿ ਨਿਹਾਲ।[1]

ਅਰਥਾਤ ਗੁਰਮਤਿ ਅਨੁਸਾਰ ਅਧਿਆਤਮਕ ਮਾਰਗ ਉਤੇ ਚਲਣ ਵਾਲਾ ਸਾਧਕ ਇਸ ਪੰਜਵੇਂ ਤੇ ਆਖ਼ਰੀ ਖੰਡ ਵਿਚ ਪਹੁੰਚ ਕੇ ਇਹ ਅਨੁਭਵ ਕਰਦਾ ਹੈ ਕਿ ਨਿਰੰਕਾਰ ਨਾਲ ਪ੍ਰਤਖ ਰੂਪ ਵਿਚ ਉਸਦਾ ਸਾਖਿਆਤਕਾਰ ਹੋ ਗਿਆ ਹੈ। ਇਸੇ ਸਥਿਤੀ ਨੂੰ ਥੋੜ੍ਹੀ ਜਿਹੀ ਬਦਲਵੀਂ ਸ਼ੈਲੀ ਵਿਚ ਸਥੂਲ ਜਗਤ ਦੇ ਪ੍ਰਾਣੀਆਂ ਦੀ ਸੁਰਤਿ ਦਾ ਡਾ. ਬਲਬੀਰ ਸਿੰਘ ਨੇ ਸ਼ਬਦ ਰੂਪੀ ਪਾਰਬ੍ਰਹਮ ਨਾਲ ਸੁਮੇਲ ਆਖਿਆ ਹੈ। ਇਸ ਅਵਸਥਾ ਵਿਚ ਪਹੁੰਚ ਕੇ ਸੇਵਕ ਅਤੇ ਸਵਾਮੀ ਦਾ ਸਭ ਪ੍ਰਕਾਰ ਦਾ ਅੰਤਰ ਮਿਟ ਜਾਂਦਾ ਹੈ। ਵਾਸਤਵਿਕਤਾ ਤਾਂ ਇਹ ਹੈ ਕਿ ਇਥੇ ਪਹੁੰਚਕੇ ਸੇਵਕ ਖ਼ੁਦ ਸੇਵਕ ਰਹਿੰਦਿਆਂ ਹੋਇਆਂ ਵੀ ਸੁਆਮੀ ਬਣ ਜਾਂਦਾ ਹੈ। ਹੋਰ ਸਪਸ਼ਟ ਰੂਪ ਵਿਚ ਸਮਝਣ ਲਈ ਅਸੀਂ ਗੁਰੂ ਅੰਗਦ ਦੇਵ ਤੇ ਗੁਰੂ ਅਮਰ ਦਾਸ ਜੀ ਦੀ ਉਦਾਹਰਣ ਆਪਣੇ ਸਾਹਮਣੇ ਰਖ ਸਕਦੇ ਹਾਂ। ਇਹ ਦੋਨੋਂ ਯੁਗ ਪੁਰਸ਼ ਮੁਢਲੀ ਅਵਸਥਾ ਵਿਚ ਕੇਵਲ ਸੇਵਕ ਮਾਤਰ ਸਨ ਜਿਨ੍ਹਾਂ ਦੀ ਸ਼ਖ਼ਸੀਅਤ ਪੜਾਵਾਰ ਵਿਕਾਸ ਕਰਦੀ ਗਈ ਅਤੇ ਅਖ਼ੀਰ ਸਚ ਖੰਡ ਵਿਚ ਪਹੁੰਚ ਗਈ। ਅਰਥਾਤ ਉਸ ਸਥਿਤੀ ਵਿਚ ਪਹੁੰਚ ਗਈ ਜਿਥੇ ਸੇਵਕ ਤੇ ਸੁਆਮੀ ਵਿਚ ਅੰਤਰ ਨਹੀਂ ਰਹਿੰਦਾ। ਨਤੀਜਾ ਸਾਡੇ ਸਾਹਮਣੇ ਹੈ ਕਿ ਬਹੁਤ ਦੇਰ ਤਕ ਸੇਵਕ ਰਹਿਣ ਵਾਲੇ ਇਹ ਯੁਗ ਪੁਰਸ਼ ਪੰਜਵੇਂ ਖੰਡ ਵਿਚ ਪਹੁੰਚ ਕੇ ਆਪ ਸੇਵਕ ਤੋਂ ਸੁਆਮੀ ਬਣ ਗਏ, ਅਰਥਾਤ ਜਗਤ ਵਿਚ ਬੇਸ਼ੁਮਾਰ ਪ੍ਰਾਣੀ ਇਨ੍ਹਾਂ ਦੀ ਸ਼ਖ਼ਸੀਅਤ ਵਿਚੋਂ ਪਾਰਬ੍ਰਹਮ ਦੇ ਦਰਸ਼ਨ ਕਰਨ ਲਗ ਪਏ।

ਸੇਵਕ ਲਹਿਣਾ ਜੀ ਦੇ ਸੁਆਮੀ ਗੁਰੂ ਅੰਗਦ ਦੇਵ ਜੀ ਬਣਨ ਤਕ ਦਾ ਇਹ ਲੰਬਾ ਸਫ਼ਰ ਗੁਰਮਤਿ ਅਨੁਸਾਰ ਸੇਵਾ ਦੇ ਕਾਰਜ ਵਿਚ ਲਗੇ ਹੋਏ ਹਰੇਕ ਪ੍ਰਾਣੀ ਲਈ ਅਨੁਸਰਣ ਯੋਗ ਮਾਡਲ ਦਾ ਕੰਮ ਕਰਦਾ ਹੈ। ਜਿਹੜਾ ਵਿਅਕਤੀ ਪਹਿਲੇ ਚਾਰ ਪੜਾਵਾਂ ਨੂੰ ਸਫ਼ਲਤਾ ਸਹਿਤ ਪਾਰ ਕਰਕੇ ਇਸ ਪੜਾ ਉਤੇ ਪਹੁੰਚਦਾ ਹੈ, ਉਸਦਾ ਆਪਣੇ ਸਤਿਗੁਰੂ ਜਾਂ ਪਾਰਬ੍ਰਹਮ ਨਾਲ ਰਿਸ਼ਤਾ ਉਹੋ

---

1. ਆਦਿ ਗ੍ਰੰਥ, ਮ. 1, ਪੰਨਾ 8

ਜਿਹਾ ਹੀ ਹੋ ਜਾਂਦਾ ਹੈ ਜਿਹੋ ਜਿਹਾ ਰਿਸ਼ਤਾ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦਾ ਸੀ ਜਾਂ ਅਗੇ ਚਲਕੇ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦਾ ਸੀ। ਇਹ ਇਕ ਅਲੌਕਿਕ ਸਥਿਤੀ ਹੈ ਜਿਸ ਵਿਚ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਤਾਰਿਆ ਅਤੇ ਗੁਰੂ ਅੰਗਦ ਦੇਵ ਜੀ ਵਿਚ ਇਹ ਦੈਵੀ ਯੋਗਤਾ ਪ੍ਰਵੇਸ਼ ਕਰ ਗਈ ਕਿ ਉਨ੍ਹਾਂ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਜਗਤ ਦੇ ਅਨੇਕ ਪ੍ਰਾਣੀ ਤਰ ਗਏ। ਇਹੀ ਪ੍ਰਕ੍ਰਿਆ ਅਗੋਂ ਦੁਹਰਾਈ ਗਈ ਅਤੇ ਗੁਰੂ ਅਮਰ ਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਪਾਸੋਂ ਪਹਿਲਾਂ ਆਪ ਸੰਪੂਰਣਤਾ ਗ੍ਰਹਿਣ ਕੀਤੀ ਅਤੇ ਫਿਰ ਉਹ ਆਪ ਆਪਣੇ ਤੋਂ ਅਗਲੇ ਗੁਰੂ ਸਾਹਿਬ ਗੁਰੂ ਰਾਮ ਦਾਸ ਜੀ ਨੂੰ ਸੰਪੂਰਨਤਾ ਪ੍ਰਦਾਨ ਕਰਨ ਦੇ ਯੋਗ ਹੋਏ। ਸਚ ਖੰਡ ਵਿਚ ਵਿਚਰਨ ਵਾਲੀਆਂ ਅਲੌਕਿਕ ਆਤਮਾਵਾਂ ਦੀ ਇਹ ਇਕ ਅਲੌਕਿਕ ਸਥਿਤੀ ਹੈ ਜਿਸਨੂੰ ਗੁਰਬਾਣੀ ਵਿਚ ਅਨੇਕ ਥਾਈਂ ਪ੍ਰਗਟ ਕੀਤਾ ਗਿਆ ਹੈ, ਜਿਵੇਂ:

1. ਮੰਨੈ ਤਰੈ ਤਾਰੇ ਗੁਰੁ ਸਿਖ।[1]

2. ਪ੍ਰਭ ਕੇ ਸੇਵਕ ਸਗਲ ਉਧਾਰਨ।
   ਪ੍ਰਭ ਕੇ ਸੇਵਕ ਦੁਖ ਬਿਸਾਰਨ।[2]

---

1. <u>ਆਦਿ ਗ੍ਰੰਥ</u>, ਮ. 1, ਪੰਨਾ 3
2. ਉਹੀ, ਮ. 5, ਪੰਨਾ 282

## ਪੰਜਵਾਂ ਅਧਿਆਇ

### ਸੇਵਾ ਦਾ ਫਲ

(ੳ) ਸੇਵਕ ਦੀ ਕਾਮਨਾ

(ਅ) ਸੇਵਕ ਦੀ ਪ੍ਰਾਪਤੀ

## (ੳ) ਸੇਵਕ ਦੀ ਕਾਮਨਾ

ਸਿੱਖ ਗੁਰੂ ਸਾਹਿਬਾਨ ਦੁਆਰਾ ਜਿਨ੍ਹਾਂ ਅਰਥਾਂ ਵਿਚ 'ਸੇਵਾ' ਸ਼ਬਦ ਦਾ ਪ੍ਰਯੋਗ ਹੋਇਆ ਹੈ, ਉਸ ਤੋਂ ਥੋੜ੍ਹੇ ਜਿਹੇ ਫ਼ਰਕ ਵਾਲੇ ਅਰਥਾਂ ਵਿਚ ਪ੍ਰਾਚੀਨ ਭਾਰਤ ਵਿਚ 'ਦਾਨ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਗੁਰਮਤਿ ਤੋਂ ਪਹਿਲਾਂ ਗੀਤਾ ਦੀ ਉਦਾਹਰਣ ਵੀ ਭਾਰਤ ਵਿਚ ਮੌਜੂਦ ਸੀ, ਜਿਸ ਅਨੁਸਾਰ ਕਿਸੇ ਪ੍ਰਕਾਰ ਦੇ ਫਲ ਦੀ ਕਾਮਨਾ ਕੀਤੇ ਬਿਨਾਂ ਸ਼ੁੱਧ ਹਿਰਦੇ ਨਾਲ ਕਰਮ ਕਰਨ ਦਾ ਉਪਦੇਸ਼ ਹੈ, ਪਰ ਆਮ ਤੌਰ ਤੇ ਭਾਰਤ ਦੇ ਬਹੁਤੇ ਹਿੱਸੇ ਦੇ ਧਾਰਮਿਕ ਮਾਹੌਲ ਵਿਚ ਇਤਨੀ ਗਿਰਾਵਟ ਆ ਚੁਕੀ ਸੀ ਕਿ ਦਾਨ ਦੇ ਰੂਪ ਵਿਚ ਕੀਤੀ ਗਈ ਸੇਵਾ ਵੇਲੇ ਵੀ ਕਿਸੇ ਨਾ ਕਿਸੇ ਇਵਜ਼ਾਨੇ ਦੀ ਕਾਮਨਾ ਦਾਨ ਕਰਨ ਵਾਲੇ ਦੇ ਮਨ ਵਿਚ ਜ਼ਰੂਰ ਹੁੰਦੀ ਸੀ। ਪਰੰਤੂ ਗੁਰਮਤਿ ਅਨੁਸਾਰ ਸੇਵਾ ਦੀ ਚਰਮ ਸੀਮਾ ਉਹ ਹੈ, ਜਿਸਦਾ ਪਿਛੇ ਸੇਵਕ ਦੇ ਵਿਕਾਸ ਦੇ ਸੰਦਰਭ ਵਿਚ ਪੰਜਵੇਂ ਪੜਾਅ ਅਥਵਾ ਪੰਜਵੇਂ ਖੰਡ ਵਿਚ ਪਹੁੰਚੇ ਹੋਏ ਸੇਵਕ ਦੀ ਸੇਵਾ ਦੇ ਪ੍ਰਸੰਗ ਵਿਚ ਜ਼ਿਕਰ ਕੀਤਾ ਗਿਆ ਹੈ। ਉਸਤੋਂ ਪਿਛੇ ਸੇਵਕ ਦੀ ਜਿਸ ਅਵਸਥਾ ਨੂੰ ਸੁਰਤਿ-ਸ਼ਬਦ ਦੀ ਅਵਸਥਾ ਕਿਹਾ ਗਿਆ ਹੈ, ਉਸ ਵਿਚ ਕੀਤੀ ਗਈ ਸੇਵਾ ਵੀ ਇਸੇ ਉਚਕੋਟੀ ਦੀ ਸੇਵਾ ਹੈ। ਗੁਰਮਤਿ ਵਿਚ ਇਹ ਵਿਸ਼ਵਾਸ਼ ਪ੍ਰਗਟ ਕੀਤਾ ਗਿਆ ਹੈ ਕਿ ਇਸ ਚਰਮ ਸੀਮਾ ਜਾਂ ਉਚਤਮ ਕੋਟੀ ਉਤੇ ਪਹੁੰਚਕੇ ਕੀਤੀ ਗਈ ਸੇਵਾ ਵੇਲੇ ਸੇਵਕ ਵਲੋਂ ਕਿਸੇ ਪ੍ਰਕਾਰ ਦੀ ਕੋਈ ਕਾਮਨਾ ਆਪਣੇ ਮਨ ਵਿਚ ਨਹੀਂ ਰਖੀ ਜਾਂਦੀ। ਡਾ. ਰਣਬੀਰ ਸਿੰਘ ਜੀ ਨੇ ਸਿੱਖਾਂ ਦੀ ਰਹਿਣੀ ਬਹਿਣੀ ਬਾਰੇ ਲਿਖੀ ਆਪਣੀ ਪੁਸਤਕ ਦੇ ਇਕ ਅਧਿਆਇ ਵਿਚ ਸੇਵਾ ਦੇ ਭਿੰਨ ਭਿੰਨ ਪੱਖਾਂ ਉਤੇ ਚਾਨਣਾ ਪਾਇਆ ਹੈ। ਸੇਵਾ ਸੰਬੰਧੀ ਚਰਚਾ ਕਰਨ ਵਾਲੇ ਇਸ ਅਧਿਆਇ ਦਾ ਸ਼ੀਰਸ਼ਕ ਹੀ ਉਨ੍ਹਾਂ ਨੇ "Seva-Unselfish Service" ਰਖਿਆ ਹੈ। ਭਾਵ, ਡਾ. ਰਣਬੀਰ ਸਿੰਘ ਜੀ ਅਨੁਸਾਰ ਸੇਵਾ ਸੁਆਰਥ-ਸਹਿਤ ਹੋ ਹੀ ਨਹੀਂ ਸਕਦੀ। ਇਸਦਾ ਸੁਆਰਥ-ਰਹਿਤ (unselfish) ਹੋਣਾ ਲਾਜ਼ਮੀ ਹੈ। ਜਿਹੜੀ ਸੇਵਾ ਨਾਲ ਕਿਸੇ ਕਿਸਮ ਦੀ ਕਾਮਨਾ ਜਾਂ ਲਾਲਸਾ ਜੁੜ ਜਾਏ, ਉਹ ਡਾ. ਰਣਬੀਰ ਸਿੰਘ ਜੀ ਅਨੁਸਾਰ ਦੂਸ਼ਿਤ ਹੋ ਜਾਂਦੀ ਹੈ। ਹਰ ਪ੍ਰਕਾਰ ਦੀ ਕਾਮਨਾ ਤੋਂ ਸੁਤੰਤਰ ਅਤੇ ਹਰ ਪ੍ਰਕਾਰ ਦੇ ਫਲ ਦੀ ਖ਼ਾਹਿਸ਼ ਤੋਂ ਮੁਕਤ ਸੇਵਾ, ਉਨ੍ਹਾਂ ਅਨੁਸਾਰ, ਸਿੱਖ ਧਰਮ ਦਾ ਵਿਦਾ ਬਿੰਦੂ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ:

"To do good without any motive or reward is the starting point in our religion."1

ਆਪਣੇ ਵਿਚਾਰ ਨੂੰ ਹੋਰ ਵਧੇਰੇ ਸਪਸ਼ਟ ਕਰਦਿਆਂ ਡਾ. ਰਣਬੀਰ ਸਿੰਘ ਜੀ ਲਿਖਦੇ ਹਨ ਕਿ ਹਰ ਸਿੱਖ ਕੋਲੋਂ ਇਹ ਆਸ਼ਾ ਕੀਤੀ ਜਾਂਦੀ ਹੈ ਕਿ ਜਿਸ ਪ੍ਰਾਣੀ ਦੀ ਵੀ ਅਤੇ ਜਿਸ ਪ੍ਰਕਾਰ ਦੀ ਵੀ ਸੇਵਾ ਦਾ ਉਸਨੂੰ ਮੌਕਾ ਨਸੀਬ ਹੋਵੇ, ਉਸ ਨੂੰ ਉਹ ਕਿਸੇ ਭਾਂਤ ਵੀ ਹੱਥੋਂ ਨਾ ਜਾਣ ਦੇਵੇ। ਸਭ ਪ੍ਰਾਣੀਆਂ ਨੂੰ ਪਰਮਾਤਮਾ ਦੀ ਔਲਾਦ ਮੰਨਕੇ ਕਿਸੇ ਦੀ ਸੇਵਾ ਕਰਨ ਲਗਿਆਂ ਉਹ ਕਿਸੇ ਪ੍ਰਕਾਰ ਦੇ ਇਵਜ਼ਾਨੇ ਦੀ ਤਾਂਘ ਆਪਣੇ ਮਨ ਵਿਚ ਨਾ ਰਖੇ, ਉਸਦੇ ਮਨ ਵਿਚ ਸੱਚੀ ਹਲੀਮੀ ਹੋਵੇ ਅਤੇ ਉਸ ਦਾ ਹਿਰਦਾ ਹਰ ਪ੍ਰਕਾਰ ਦੀ ਸੁਆਰਥੀ ਇੱਛਾ, ਲੋਭ, ਤਾਕਤ, ਅਮੀਰੀ, ਪ੍ਰਸਿੱਧੀ ਆਦਿ ਨੂੰ ਪ੍ਰਾਪਤ ਕਰਨ ਦੀ ਲਾਲਸਾ ਤੋਂ ਪੂਰਨ-ਭਾਂਤ ਮੁਕਤ ਹੋਵੇ।[2] ਡਾ. ਸਾਹਿਬ ਦਾ ਕਥਨ ਹੈ:

"The service of the people is the service of God. And it is through service that love is realized."3

ਇਸ ਪ੍ਰਕਾਰ ਉਨ੍ਹਾਂ ਦੀ ਧਾਰਨਾ ਹੈ ਕਿ ਉਚਤਮ ਪੱਧਰ ਉਤੇ ਪਹੁੰਚ ਕੇ ਸਿੱਖ ਮੱਤ ਵਿਚ ਸੇਵਾ ਅਤੇ ਪ੍ਰੇਮ ਇਕਮਿਕ ਹੋ ਜਾਂਦੇ ਹਨ। ਅਰਥਾਤ ਜਿਹੜਾ ਸੇਵਕ ਪ੍ਰਭੂ ਨੂੰ ਪ੍ਰੇਮ ਨਹੀਂ ਕਰਦਾ, ਉਹ ਪ੍ਰਭੂ ਦੇ ਬੰਦਿਆਂ ਦੀ ਸੱਚੀ ਸੇਵਾ ਵੀ ਨਹੀਂ ਕਰ ਸਕਦਾ। ਇਉਂ ਪ੍ਰੇਮ ਅਤੇ ਸੇਵਾ ਨੂੰ ਇਕੋ ਲੜੀ ਵਿਚ ਪਰੋਦਿਆਂ ਉਹ ਦ੍ਰਿੜ੍ਹ ਕਰਾਉਂਦੇ ਹਨ ਕਿ ਸੇਵਾ ਕਰਨ ਵੇਲੇ ਸੇਵਕ ਨੂੰ ਹਰ ਪ੍ਰਕਾਰ ਦੀ ਕਾਮਨਾ, ਲਾਲਸਾ ਅਤੇ ਸੁਆਰਥ ਤੋਂ ਮੁਕਤ ਹੋਣਾ ਚਾਹੀਦਾ ਹੈ ਕਿਉਂਕਿ:

"We are never selfish when we are in love."4

---

1. The Sikh Way of Life, p. 93

2. He is expected to seize every opportunity of helping his fellow-beings and serving them in any way he can, without yearning for anything in return. To do this therefore, he must have no selfish desire; his mind must be free of greed and attachment to power or riches or name and fame and he must have a truly humble heart.
Ranbir Singh, The Sikh Way of Life, p. 93

3. Ibid, p. 93

4. Ibid

ਡਾ. ਰਣਧੀਰ ਸਿੰਘ ਜੀ ਵਾਂਗ ਹੀ ਮਿਖਾਈਲ ਨਈਮੀ ਵੀ ਪ੍ਰੇਮ ਅਤੇ ਸੇਵਾ ਨੂੰ ਇਕਰੂਪਤਾ ਵਿਚ ਦੇਖਦੇ ਹਨ ਅਤੇ ਸੇਵਾ ਨੂੰ ਕਿਸੇ ਪ੍ਰਕਾਰ ਦੇ ਫਲ ਦੀ ਕਾਮਨਾ, ਨਾਲ ਨਾ ਜੋੜਨ ਦੀ ਚਿਤਾਵਨੀ ਦਿੰਦੇ ਹਨ, ਕਿਉਂਕਿ ਉਨ੍ਹਾਂ ਅਨੁਸਾਰ ਸੇਵਾ ਦੇ ਭਾਵ ਦਾ ਜਨਮਦਾਤਾ ਪ੍ਰੇਮ ਹੈ ਅਤੇ ਪ੍ਰੇਮ ਨੂੰ ਕਿਸੇ ਫਲ ਦੀ ਲੋੜ ਨਹੀਂ ਕਿਉਂਕਿ ਪ੍ਰੇਮ ਆਪਣਾ ਸਿਲਾ ਆਪ ਹੈ। ਉਹ ਕਹਿੰਦੇ ਹਨ:

> "ਪ੍ਰੇਮ' ਇਹ ਨਹੀਂ ਲੋੜਦਾ ਕਿ ਕੋਈ ਉਹਦੀ ਸ਼ਾਨ ਚਮਕਾਵੇ, ਉਹ ਤਾਂ ਆਪ ਉਸ ਦਿਲ ਦਾ ਰੁਤਬਾ ਉਚਿਆਂ ਦਿੰਦਾ ਹੈ ਜਿਸ ਨੂੰ ਉਹ ਆਪਣੇ ਯੋਗ ਸਮਝਦਾ ਹੈ। 'ਪ੍ਰੇਮ' ਲਈ ਕੋਈ ਸਿਲਾ ਨਾ ਲਭੋ। 'ਪ੍ਰੇਮ' ਆਪ ਹੀ 'ਪ੍ਰੇਮ' ਦਾ ਉਚਿਤ ਸਿਲਾ ਚੁਕਾ ਦਿੰਦਾ ਹੈ ਜਿਵੇਂ 'ਘ੍ਰਿਣਾ' ਆਪ ਹੀ 'ਘ੍ਰਿਣਾ' ਦਾ ਢੁਕਵਾਂ ਦੰਡ ਬਣ ਜਾਂਦੀ ਹੈ।"[1]

ਮਿਖਾਈਲ ਨਈਮੀ 'ਪ੍ਰੇਮ' ਦੇ ਭਾਵ ਵਿਚੋਂ ਪੈਦਾ ਹੋਈ ਸੇਵਾ ਨੂੰ ਹੀ 'ਨੇਕੀ' ਕਹਿੰਦੇ ਹਨ ਅਤੇ ਉਨ੍ਹਾਂ ਦਾ ਮੱਤ ਹੈ ਕਿ ਨੇਕੀ ਕਰਨ ਵਾਲਾ ਹੋਰ ਲੋਭਾਂ ਅਤੇ ਲਾਲਸਾਵਾਂ ਤੋਂ ਜੇ ਮੁਕਤ ਹੋ ਵੀ ਜਾਵੇ ਤਾਂ ਵੀ ਸਨਮਾਨ ਅਤੇ ਪ੍ਰਸਿੱਧੀ ਦੇ ਲੋਭ ਦਾ ਅਕਸਰ ਸ਼ਿਕਾਰ ਹੋ ਜਾਂਦਾ ਹੈ। ਇਹੋ ਜਿਹੀ ਨੇਕੀ ਦਾ ਉਪਹਾਸ ਉਡਾਉਂਦੇ ਹੋਏ ਮਿਖਾਈਲ ਨਈਮੀ ਇਸ ਨੂੰ "ਸ਼ੋਰ ਮਚਾਉਂਦੀ ਨੇਕੀ" ਕਹਿੰਦੇ ਹਨ, ਜਿਸਦਾ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਰੁਤਬਾ ਬਹੁਤ ਨੀਵਾਂ ਹੈ:

> "ਮੇਰੇ ਸਾਥੀਓ, ਕੁੜਕੁੜਾਉਂਦੀ ਨੇਕੀ ਤੋਂ ਖ਼ਬਰਦਾਰ ਰਹੋ। ਜਿਵੇਂ ਤੁਸੀਂ, ਆਪਣੀ ਸ਼ਰਮਿੰਦਗੀ ਨੂੰ ਛਿਕਲੀ ਪਾ ਕੇ ਰਖਦੇ ਹੋ, ਉਸੇ ਤਰ੍ਹਾਂ ਆਪਣੇ ਸਨਮਾਨ ਨੂੰ ਵੀ ਛਿਕਲੀ ਪਾ ਕੇ ਰਖੋ, ਕਿਉਂਕਿ ਕੁੜਕੁੜਾਉਂਦਾ ਸਨਮਾਨ ਚੁੱਪ ਬਦਨਾਮੀ ਤੋਂ ਵੀ ਭੈੜਾ ਹੈ, ਤੇ ਸ਼ੋਰ ਮਚਾਉਂਦੀ ਨੇਕੀ ਗੂੰਗੀ ਬਦੀ ਤੋਂ ਬਦਤਰ ਹੈ।"[2]

---

1. ਮਿਖਾਈਲ ਨਈਮੀ, ਮੀਰਦਾਦ ਦੀ ਪੁਸਤਕ, ਪੰਨਾ 91
2. ਉਹੀ, ਪੰਨਾ 101

ਇਸ ਤਰ੍ਹਾਂ ਗੁਰਮਤਿ ਦੇ ਆਸ਼ੇ ਅਨੁਸਾਰ ਚਰਚਾ ਕਰਨ ਵਾਲੇ ਵਿਦਵਾਨਾਂ ਨੇ ਆਮ ਤੌਰ ਤੇ ਪਿਆਰ ਤੇ ਨੇਕੀ ਨੂੰ ਸੇਵਾ ਦਾ ਸਮਾਨਾਰਥਕ ਮੰਨਿਆ ਹੈ। ਉਦਾਹਰਣਾਰਥ ਪ੍ਰਿੰ: ਤੇਜਾ ਸਿੰਘ ਜੀ ਲਿਖਦੇ ਹਨ:

> "Service is an essential part of a Sikh's duty. It is the practical expression of Love. Those whom one is to serve must be loved."1

ਡਾ. ਅਜੀਤ ਸਿੰਘ ਸਿੱਕਾ ਵੀ ਹੋਰ ਅਨੇਕ ਵਿਦਵਾਨਾਂ ਵਾਂਗ ਸੇਵਾ ਨੂੰ ਪ੍ਰੇਮ ਦੀ ਅਮਲੀ ਅਭਿਵਿਅਕਤੀ ਮੰਨਦੇ ਹਨ।[2] ਕਿਸੇ ਕਾਮਨਾ, ਇੱਛਾ ਜਾਂ ਲਾਲਸਾ ਦੀ ਪੂਰਤੀ ਲਈ ਕੀਤੀ ਗਈ ਸੇਵਾ ਅਤੇ ਸੁਆਰਥ-ਰਹਿਤ ਸੇਵਾ ਵਿਚ ਫ਼ਰਕ ਦਸਦੇ ਹੋਏ ਉਹ ਲਿਖਦੇ ਹਨ ਕਿ ਪਹਿਲੀ ਭਾਂਤ ਦੀ ਸੇਵਾ ਸੋਨੇ ਦਾ ਭੁਲੇਖਾ ਪਾਉਣ ਵਾਲੇ ਕਿਸੇ ਬਨਾਉਟੀ ਗਹਿਣੇ ਵਰਗੀ ਹੈ ਜਦੋਂ ਕਿ ਦੂਜੀ ਭਾਂਤ ਦੀ ਸੇਵਾ ਸੁੱਚੇ ਸੋਨੇ ਦੇ ਗਹਿਣੇ ਵਰਗੀ ਹੈ। ਡਾ. ਸਿੱਕਾ ਦੇ ਆਪਣੇ ਸ਼ਬਦਾਂ ਵਿਚ:

> "Such a service differs from real service just as an artificial golden article differs from that of pure gold."3

ਉਪਰੋਕਤ ਭਾਂਤ ਦੀ ਝੂਠੇ ਸੋਨੇ ਦੇ ਗਹਿਣਿਆਂ ਵਰਗੀ ਸੇਵਾ ਤੇ ਸ਼ੁਧ ਸੇਵਾ ਵਿਚ ਫ਼ਰਕ ਕਰਦਿਆਂ ਸੁਰਜੀਤ ਸਿੰਘ ਭਾਟੀਆ ਜੀ ਲਿਖਦੇ ਹਨ ਕਿ ਕੋਈ ਸੁੱਖਣਾ ਮਨ ਵਿਚ ਰਖ ਕੇ ਸੇਵਾ ਕਰਨਾ ਇਕ ਪ੍ਰਕਾਰ ਦੀ ਸੌਦੇਬਾਜ਼ੀ ਹੈ ਜੋ ਨਾਕਾਮੀ ਦੀ ਹਾਲਤ ਵਿਚ ਛੱਡੀ ਵੀ ਜਾ ਸਕਦੀ ਹੈ। ਭਾਟੀਆ ਜੀ ਦਾ ਝੂਠੀ ਅਤੇ ਸੱਚੀ ਸੇਵਾ ਬਾਰੇ ਵਿਚਾਰ ਇਸ ਪ੍ਰਕਾਰ ਹੈ:

> "ਕਿਸੇ ਸੁੱਖਣਾ ਦੇ ਰੂਪ ਵਿਚ ਸੇਵਾ ਕਰਨੀ, ਸੇਵਾ ਨਹੀਂ ਸੌਦੇਬਾਜ਼ੀ ਹੈ। ਇਸ ਨਾਲ ਮਨ ਨੀਵਾਂ ਨਹੀਂ ਹੁੰਦਾ, 'ਸੇਵਾ ਥੋਰੀ ਮਾਗਨੁ ਬਹੁਤਾ' ਵਾਲੀ ਹਾਲਤ ਹੋ ਜਾਵੇਗੀ। ਮਨ ਭਾਣੇ ਦੀ ਡਸਿਪਲਿਨ ਵਿਚੋਂ ਨਿਕਲ ਕੇ

---

1. Teja Singh, Sikhism: Its Ideals and Institutions, p. 110

2. It (Service) is the practical expression of love.
Ajit Singh, Beacons of Light, p. 26

3. Ibid, p. 26

ਹਉਮੈਂ ਦਾ ਪਾਸਾਰਾ ਉਸਾਰਨ ਲਈ ਸੇਵਾ ਨੂੰ ਇਕ ਪ੍ਰਕਾਰ ਦੀ ਮਜੂਰੀ ਦੇ ਰੂਪ ਵਿਚ ਵਰਤੇਗਾ। ਇਸ ਤਰ੍ਹਾਂ ਸੇਵਾ ਇਕ ਪ੍ਰਕਾਰ ਦੀ ਰਾਸ (Investment) ਜਾਂ ਰਿਸ਼ਵਤ ਬਣ ਜਾਵੇਗੀ ... ਸੁੱਖਣਾ ਪੂਰੀ ਹੋਣ ਨਾਲ, ਸੌਦਾ ਮੁਕ ਜਾਵੇਗਾ, ਦਾਤਾਰ ਵਿਸਰ ਜਾਵੇਗਾ। ਸੁੱਖਣਾ ਪੂਰੀ ਨਾ ਹੋਣ ਉਤੇ ਉਪਰਾਮਤਾ ਹੋਵੇਗੀ ਤੇ ਸੇਵਾ ਛੱਡ ਦਿੱਤੀ ਜਾਵੇਗੀ, ਜਿਵੇਂ ਕੋਈ ਅਸਫਲ ਤੇ ਘਾਟੇਵੰਦਾ ਸੌਦਾ ਹੋਵੇ।"[1]

ਡਾ. ਤਾਰਨ ਸਿੰਘ ਵੀ ਸੱਚੇ ਸੇਵਕ ਨੂੰ ਇਕ ਪ੍ਰਕਾਰ ਦਾ ਆਸ਼ਕ ਜਾਂ ਪ੍ਰੇਮੀ ਮੰਨਦੇ ਹਨ ਜੋ ਆਪਣੇ ਪ੍ਰੇਮ ਜਾਂ ਕੁਰਬਾਨੀ ਦਾ ਲੇਖਾ ਜੋਖਾ ਨਹੀਂ ਰਖਦਾ ਅਤੇ ਨਾ ਹੀ ਇਸਦੇ ਬਦਲੇ ਵਿਚ ਕਿਸੇ ਪ੍ਰਕਾਰ ਦੀ ਕਾਮਨਾ ਨੂੰ ਆਪਣੇ ਮਨ ਵਿਚ ਥਾਂ ਦਿੰਦਾ ਹੈ। ਡਾ. ਸਾਹਿਬ ਲਿਖਦੇ ਹਨ:

"'ਆਸ਼ਕ' ਜਾਂ 'ਪ੍ਰੇਮੀ' ਦਾ ਸਦਾ ਹੀ ਕਰਤਵ 'ਦੇਣਾ' ਹੈ ਲੈਣਾ ਨਹੀਂ; ਕੁਰਬਾਨੀ ਹੈ ਉਸ ਦਾ ਆਚਰਨ, ਉਹ ਲੇਖੇ ਨਹੀਂ ਵਰਤਦਾ। ਉਸਦਾ ਕੋਈ ਹਿਸਾਬ ਨਹੀਂ ਹੈ ਖਸਮ ਨਾਲ। ਉਸ ਨੇ ਸਦਾ ਕੁਝ ਦੇਣਾ ਹੈ ਤੇ 'ਲੇਖਾ' ਨਹੀਂ ਕਰਨਾ।"[2]

ਗੁਰੂ ਸਾਹਿਬ ਨੇ ਤਾਂ ਆਪਣੇ ਸਿੱਖਾਂ ਨੂੰ, ਜਿਹੜੇ ਲੰਗਰ ਵਿਚ ਸੇਵਾ ਕਰਦੇ ਸਨ, ਇਵਜ਼ਾਨੇ ਬਦਲੇ ਲੰਗਰ ਵਿਚੋਂ ਪ੍ਰਸ਼ਾਦਾ ਵੀ ਖਾਣ ਦੀ ਇਜਾਜ਼ਤ ਨਹੀਂ ਸੀ ਦਿਤੀ। ਉਦਾਹਰਣਾਰਥ ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਰਚਿਤ 'ਸੇਵਾ ਚਮਤਕਾਰ' ਵਿਚ ਦਿਤੀ ਗਈ ਭਾਈ ਮੰਝ ਦੀ ਸਾਖੀ ਸਾਡੇ ਸਾਹਮਣੇ ਹੈ। ਭਾਈ ਮੰਝ ਸਾਰਾ ਦਿਨ ਲੰਗਰ ਵਿਚ ਹੀ ਸੇਵਾ ਕਰਿਆ ਕਰਦੇ ਸਨ ਅਤੇ ਉਥੋਂ ਹੀ ਪ੍ਰਸ਼ਾਦਾ ਛਕ ਲੈਂਦੇ ਸਨ। ਕਾਫੀ ਸਮਾਂ ਗੁਜ਼ਰ ਜਾਣ ਬਾਅਦ ਗੁਰੂ ਅਰਜਨ ਦੇਵ ਜੀ ਨੇ ਕਿਸੇ ਸਿੱਖ ਤੋਂ ਪੁਛਿਆ:

"ਜੋ ਭਾਈ ਮੰਝ ਇਥੇ ਆਇਆ ਸੀ ਉਹ ਕੀ ਕੰਮ ਕਰਦਾ ਹੈ ਤੇ ਰੋਟੀ ਕਿਥੋਂ ਖਾਂਦਾ ਹੈ?"

---

1. ਸੁਰਜੀਤ ਸਿੰਘ ਭਾਟੀਆ, ਸਿਮਰਣ, ਸੇਵਾ ਤੇ ਸਿੱਖ ਆਚਰਣ, ਪੰਨਾ 64
2. ਤਾਰਨ ਸਿੰਘ, ਭਗਤੀ ਤੇ ਸ਼ਕਤੀ, ਪੰਨਾ 204

ਸਿੱਖ ਨੇ ਹੱਥ ਜੋੜਕੇ ਬੇਨਤੀ ਕੀਤੀ:

"ਗਰੀਬ ਨਿਵਾਜ ਉਹ ਸਿੱਖ ਜਦ ਦਾ ਇਥੇ ਆਇਆ ਹੈ, ਲੰਗਰ ਦੀ ਸੇਵਾ ਕਰਦਾ ਹੈ ਅਤੇ ਲੰਗਰ ਵਿਚੋਂ ਹੀ ਪ੍ਰਸ਼ਾਦਾ ਖਾਦਾ ਹੈ।"

ਗੁਰੂ ਸਾਹਿਬ ਨੇ ਇਸਦੇ ਜਵਾਬ ਵਿਚ ਫਰਮਾਇਆ:

"ਭਾਈ ਇਹ ਸੇਵਾ ਕਾਹਦੀ ਹੈ, ਸੇਵਾ ਵਿਚ ਕਮੀ ਹੈ। ਇਸ ਤਰ੍ਹਾਂ ਤਾਂ ਛੇਤੀ ਹਿਰਦਾ ਸਾਫ਼ ਨਹੀਂ ਹੋ ਸਕੇਗਾ ਕਿਉਂਕਿ ਉਹ ਸੇਵਾ ਦੀ ਮਜੂਰੀ ਤਾਂ ਨਾਲੋ ਨਾਲ ਲਈ ਜਾਂਦਾ ਹੈ।"

ਫਿਰ ਗੁਰੂ ਸਾਹਿਬ ਨੇ ਹੁਕਮ ਕੀਤਾ:

"ਲੰਗਰ ਦੀ ਸੇਵਾ ਕਰੇ ਪਰ ਭੋਜਨ ਕਿਤੋਂ ਹੋਰ ਛਕੇ।"[1]

ਗਿਆਨੀ ਮਨੀ ਸਿੰਘ ਜੀ ਦੀ ਦ੍ਰਿਸ਼ਟੀ ਵਿਚ ਜਿਸ ਤਰ੍ਹਾਂ ਸੇਵਾ ਦੇ ਬਦਲੇ ਭੋਜਨ ਛਕਣਾ ਸੇਵਾ ਦੇ ਸੰਕਲਪ ਨੂੰ ਨੀਵਾਂ ਕਰ ਦਿੰਦਾ ਹੈ, ਇਸੇ ਤਰ੍ਹਾਂ ਆਪਣਾ ਨਾਂ ਚਮਕਾਉਣ ਦੇ ਲੋਭ ਅਧੀਨ ਕੀਤੀ ਗਈ ਸੇਵਾ ਨੂੰ ਵੀ ਆਪ ਸੁਧ ਸੇਵਾ ਨਹੀਂ ਮੰਨਦੇ। ਗਿਆਨੀ ਜੀ ਦਾ ਕਥਨ ਹੈ:

"ਗਹਿਰੀ ਵੀਚਾਰ ਕਰਨ ਤੋਂ ਪਤਾ ਲਗਦਾ ਹੈ ਕਿ ਨਾਮ ਪ੍ਰਗਟਾਵੇ ਲਈ ਕੀਤੀ ਸੇਵਾ, ਸੇਵਾ ਹੀ ਨਹੀਂ ਕਹੀ ਜਾ ਸਕਦੀ, ਉਹ ਤਾਂ ਇਕ ਸੌਦਾ ਹੋਇਆ ਕਰਦਾ ਹੈ। ਜੋ ਲੋਕ ਥੋੜ੍ਹੀ ਜਿਹੀ ਸੇਵਾ ਕਰਕੇ ਉਸਦਾ ਵਧੇਰੇ ਫਲ ਮੰਗਦੇ ਹਨ, ਉਸ ਨੂੰ ਗੁਰਮਤਿ ਨੇ ਉਸ ਰਾਹੋਂ ਭੁਲੇ ਅਉਜੜ ਜਾਣ ਵਾਲੇ ਭੁਲੜ ਆਦਮੀ ਦੀ ਤੁਲਨਾ ਦਿਤੀ ਹੈ ਜੋ ਕਿ ਆਪਣੇ ਪੁਜਣ ਵਾਲੇ ਟਿਕਾਣੇ ਤੋਂ ਪਹਿਲਾਂ ਹੀ ਕਹਿ ਰਿਹਾ ਹੋਵੇ ਕਿ ਮੈਂ ਪੁਜ ਗਿਆ ਹਾਂ।"[2]

---

1. ਗਿਆਨੀ ਮਨੀ ਸਿੰਘ, ਸੇਵਾ ਚਮਤਕਾਰ, ਪੰਨਾ 182-183

2. ਉਹੀ, ਪੰਨਾ 14

ਆਪਣੇ ਇਸ ਕਥਨ ਦੀ ਪੁਸ਼ਟੀ ਲਈ ਗਿਆਨੀ ਜੀ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਹੇਠ ਲਿਖੀਆਂ ਪੰਗਤੀਆਂ ਪੇਸ਼ ਕਰਦੇ ਹਨ:

ਸੇਵਾ ਥੋਰੀ ਮਾਗਨੁ ਬਹੁਤਾ।
ਮਹਲੁ ਨ ਪਾਵੈ ਕਹਤੋ ਪਹੁਤਾ।[1]

ਗੁਰੂ ਅਰਜਨ ਦੇਵ ਜੀ ਨੇ ਇਕ ਹੋਰ ਥਾਂ ਇਹ ਤਾੜਨਾ ਵੀ ਕੀਤੀ ਹੈ ਕਿ ਜੇ ਕੋਈ ਪ੍ਰਾਣੀ ਇਸ ਮਾਣ ਨੂੰ ਆਪਣੇ ਹਿਰਦੇ ਵਿਚ ਵਸਾ ਲਵੇ ਕਿ ਉਹ ਕੋਈ ਚੰਗਾ ਕੰਮ ਕਰ ਰਿਹਾ ਹੈ, ਤਾਂ ਵੀ ਇਹ ਸਮਝਣਾ ਚਾਹੀਦਾ ਹੈ ਕਿ ਉਸਦਾ ਇਹ ਚੰਗਾ ਕੰਮ ਪ੍ਰਭੂ ਦੀ ਦਰਗਾਹ ਵਿਚ ਕਬੂਲ ਨਹੀਂ ਹੋ ਰਿਹਾ ਅਤੇ ਉਹ ਅਜੇ ਤਕ ਚੁਰਾਸੀ ਦੇ ਗੇੜ ਵਿਚ ਹੀ ਪਿਆ ਹੋਇਆ ਹੈ ਅਰਥਾਤ 'ਗਰਭ ਜੋਨਿ ਮਹਿ' ਵਿਚਰ ਰਿਹਾ ਹੈ:

ਜਬ ਇਹ ਜਾਨੈ ਮੈ ਕਿਛੁ ਕਰਤਾ।
ਤਬ ਲਗੁ ਗਰਭ ਜੋਨਿ ਮਹਿ ਫਿਰਤਾ।[2]

ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਦਾ ਵੀ ਫੁਰਮਾਨ ਹੈ ਕਿ ਜਿਹੜਾ ਸੇਵਕ ਆਪਣੀ ਸੇਵਾ ਦਾ ਲੇਖਾ ਜੋਖਾ ਆਪਣੇ ਮਨ ਵਿਚ ਰਖਦਾ ਹੈ ਅਰਥਾਤ ਆਪਣੀ ਸੇਵਾ ਦੇ ਬਦਲੇ ਵਿਚ ਕਿਸੇ ਪ੍ਰਕਾਰ ਦੇ ਸਿਲੇ ਦੀ ਕਾਮਨਾ ਕਰਦਾ ਹੈ, ਉਸਦੀ ਸੇਵਾ ਵਿਅਰਥ ਜਾਂਦੀ ਹੈ ਅਰਥਾਤ ਗੁਰੂ ਘਰ ਵਿਚ ਕਬੂਲ ਨਹੀਂ ਹੁੰਦੀ:

ਗਣਤੈ ਸੇਵ ਨ ਹੋਵਈ
ਕੀਤਾ ਥਾਇ ਨ ਪਾਇ।[3]

ਇਸ ਪ੍ਰਕਾਰ ਸਪਸ਼ਟ ਹੈ ਕਿ ਜਿਹੜਾ ਹਿਰਦਾ ਪ੍ਰਭੂ ਦੇ ਰੰਗ ਵਿਚ ਰੰਗਿਆ ਹੋਇਆ ਨਹੀਂ, ਉਹ ਨੇਕੀ ਨਹੀਂ ਕਰ ਸਕਦਾ। ਇਸੇ ਲਈ ਨੇਕੀ ਅਥਵਾ ਸੇਵਾ ਨੂੰ ਗੁਰਮਤਿ ਵਿਚ ਪ੍ਰੇਮ

---

1. <u>ਆਦਿ ਗ੍ਰੰਥ</u>, ਮ. 5, ਪੰਨਾ 738
2. ਉਹੀ, ਮ. 5, ਪੰਨਾ 278
3. ਉਹੀ, ਮ. 4, ਪੰਨਾ 1246

ਦਾ ਅਮਲੀ ਪ੍ਰਗਟਾਵਾ ਮੰਨਿਆ ਗਿਆ ਹੈ। ਗੁਰਮਤਿ ਦੇ ਸੰਦਰਭ ਵਿਚ ਸੇਵਾ ਦੇ ਸੰਕਲਪ ਉਤੇ ਵਿਚਾਰ ਕਰਨ ਵਾਲੇ ਸਭ ਵਿਦਵਾਨ ਇਸ ਤੱਥ ਉਤੇ ਸਹਿਮਤ ਹਨ ਕਿ ਜਿਹੜਾ ਸੇਵਕ ਸੇਵਾ ਕਰਨ ਲਗਿਆਂ ਚੇਤੰਨ ਰੂਪ ਵਿਚ ਆਪਣੀ ਸੇਵਾ ਦੇ ਸਿਲੇ ਵਜੋਂ ਕਿਸੇ ਪ੍ਰਕਾਰ ਦੀ ਕਾਮਨਾ, ਇੱਛਾ ਜਾਂ ਲਾਲਸਾ ਦੀ ਪੂਰਤੀ ਲੋਚਦਾ ਹੈ, ਉਸਦੀ ਸੇਵਾ ਅਸੁਧ ਮੰਨੀ ਗਈ ਹੈ ਅਤੇ ਇਸ ਨੂੰ ਗੁਰੂ ਘਰ ਵਿਚ ਜਾਂ ਪ੍ਰਭੂ ਦੀ ਦਰਗਾਹ ਵਿਚ ਪਰਵਾਨ ਹੋਣ ਦੇ ਯੋਗ ਨਹੀਂ ਮੰਨਿਆ ਗਿਆ।

## (ਅ) ਸੇਵਕ ਦੀ ਪ੍ਰਾਪਤੀ

ਪਿਛੇ 'ਸੇਵਕ ਦੀ ਕਾਮਨਾ' ਸ਼ੀਰਸ਼ਕ ਅਧੀਨ ਅਨੇਕ ਵਿਦਵਾਨਾਂ ਦੇ ਵਿਚਾਰਾਂ ਦੇ ਆਧਾਰ ਤੇ ਅਸੀਂ ਇਸ ਨਤੀਜੇ ਉਤੇ ਪਹੁੰਚੇ ਹਾਂ ਕਿ ਗੁਰਮਤਿ ਵਿਚ ਸਭ ਤੋਂ ਉੱਤਮ ਸੇਵਾ ਉਹ ਮੰਨੀ ਗਈ ਹੈ ਜਿਸਦੀ ਪ੍ਰਕ੍ਰਿਆ ਦੇ ਦੌਰਾਨ ਸੇਵਕ ਦੇ ਮਨ ਵਿਚ ਆਪਣੇ ਉੱਦਮ ਦੇ ਫਲ ਬਾਰੇ ਕਦੀ ਫੁਰਨਾ ਹੀ ਨਾ ਫੁਰੇ। ਇਸ ਪ੍ਰਕਾਰ ਦੀ ਸੇਵਾ ਨੂੰ ਗੁਰਮਤਿ ਵਿਚ ਨਿਸ਼ਕਾਮ ਸੇਵਾ ਕਿਹਾ ਗਿਆ ਹੈ। ਪਿਛੇ ਅਸੀਂ ਚਰਚਾ ਕਰ ਚੁਕੇ ਹਾਂ ਕਿ ਆਪਣੇ ਲੰਬੇ ਸੰਘਰਸ਼ ਦੇ ਦੌਰਾਨ ਆਖ਼ਰੀ ਮੰਜ਼ਿਲ ਤਕ ਪਹੁੰਚਣ ਤੋਂ ਪਹਿਲਾਂ ਸੇਵਕ ਅਨੇਕ ਪ੍ਰਕਾਰ ਦੀਆਂ ਕਮਜ਼ੋਰੀਆਂ ਦਾ ਸ਼ਿਕਾਰ ਹੁੰਦਾ ਹੈ। ਇਹਨਾਂ ਕਮਜ਼ੋਰੀਆਂ ਵਿਚੋਂ ਹੀ ਇਕ ਵੱਡੀ ਕਮਜ਼ੋਰੀ ਹੈ ਆਪਣੀ ਸੇਵਾ ਦੇ ਬਦਲੇ ਕਿਸੇ ਫਲ ਦੀ ਕਾਮਨਾ ਕਰਨਾ। ਸੇਵਕ ਆਪ ਆਪਣੀ ਸੇਵਾ ਦੇ ਬਦਲੇ ਵਿਚ ਕਿਸੇ ਫਲ ਦੀ ਕਾਮਨਾ ਕਰੇ ਜਾਂ ਨਾ ਕਰੇ, ਪਰੰਤੂ ਗੁਰਬਾਣੀ ਵਿਚ ਇਸ ਤੱਥ ਤੋਂ ਇਨਕਾਰ ਨਹੀਂ ਕਰਦੀ ਕਿ ਸੁਰਤਿ ਸ਼ਬਦ ਦੀ ਇਕਸੁਰਤਾ ਵਾਲੀ ਅਵਸਥਾ ਵਿਚ ਪਹੁੰਚੇ ਹੋਏ ਸੇਵਕ ਦੀ ਸੇਵਾ ਨੂੰ ਅਜਿਹੇ ਅਦੁਤੀ ਫਲ ਲਗਦੇ ਹਨ ਜਿਨ੍ਹਾਂ ਦੀ ਜਗਤ ਦਾ ਕੋਈ ਸਾਧਾਰਨ ਵਿਅਕਤੀ ਕਲਪਨਾ ਨਹੀਂ ਕਰ ਸਕਦਾ। ਉਦਾਹਰਣਾਰਥ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਤਿਗੁਰੂ ਦੀ ਸੇਵਾ ਕਰਨ ਨਾਲ ਸੇਵਕ ਨੂੰ "ਸਰਬ ਫਲ" ਪ੍ਰਾਪਤ ਹੋ ਜਾਂਦੇ ਹਨ। ਸਰਬ ਫਲ ਤੋਂ ਭਾਵ ਹੈ ਜਗਤ ਦਾ ਪ੍ਰਾਣੀ ਜਿਤਨੀ ਪ੍ਰਕਾਰ ਦੇ ਵੀ ਵੱਧ ਤੋਂ ਵੱਧ ਫਲਾਂ ਦੀ ਕਲਪਨਾ ਕਰ ਸਕਦਾ ਹੈ ਉਨ੍ਹਾਂ ਦੀ ਪ੍ਰਾਪਤੀ ਸਤਿਗੁਰੂ ਦੇ ਸੇਵਕ ਨੂੰ ਹੋ ਜਾਂਦੀ ਹੈ। ਸਰਬ ਫਲ ਵਿਚ, ਜਗਤ ਵਿਚ ਰਹਿੰਦਿਆਂ ਪ੍ਰਾਣੀ ਦੇ ਜੀਵਨ ਨੂੰ ਸੁਖੀ ਬਨਾਉਣ ਤੋਂ ਇਲਾਵਾ ਉਹ ਫਲ ਵੀ ਸ਼ਾਮਲ ਹਨ ਜਿਨ੍ਹਾਂ ਨਾਲ ਉਸਦੀ ਚੌਰਾਸੀ ਕੱਟੀ ਜਾਂਦੀ ਹੈ, ਉਸਦਾ ਪਿਛਲੇ ਸਭ ਜਨਮਾਂ ਦਾ ਹਿਸਾਬ ਨਿਬੜ ਜਾਂਦਾ ਹੈ ਅਤੇ ਉਹ ਮੈਲ ਰਹਿਤ ਹੋ ਕੇ ਆਵਾਗਵਣ ਤੋਂ ਮੁਕਤ ਹੋ ਜਾਂਦਾ ਹੈ।

> ਸਤਿਗੁਰੁ ਸੇਵਿ ਸਰਬ ਫਲ ਪਾਏ।
> ਜਨਮ ਜਨਮ ਕੀ ਮੈਲੁ ਮਿਟਾਏ।[1]

ਉਪਰਲੀਆਂ ਪੰਕਤੀਆਂ ਵਿਚ ਸਤਿਗੁਰੂ ਦੀ ਸੇਵਾ ਰਾਹੀਂ ਇਕ ਪਾਸੇ 'ਸਰਬ ਫਲ' ਪ੍ਰਾਪਤ ਕਰਨ ਦਾ ਜ਼ਿਕਰ ਹੈ ਅਤੇ ਦੂਜੇ ਪਾਸੇ 'ਜਨਮ ਜਨਮ ਕੀ ਮੈਲੁ ਮਿਟਾਏ' ਦੇ ਮਿਟ ਜਾਣ

---

1. ਆਦਿ ਗ੍ਰੰਥ, ਮ. 5, ਪੰਨਾ 1138

ਵਲ ਸੰਕੇਤ ਹੈ। ਇਸ ਤੋਂ ਸਾਨੂੰ ਇਹ ਸੇਧ ਮਿਲਦੀ ਹੈ ਕਿ ਸਰਬ ਫਲਾਂ ਦਾ ਨਿਚੋੜ ਉਹ ਫਲ ਹੈ ਜੋ ਜਗਤ ਦੇ ਪ੍ਰਾਣੀ ਦੀ ਜਨਮ ਜਨਮ ਦੀ ਮੈਲ ਮਿਟਾ ਕੇ ਉਸਨੂੰ ਆਵਾਗਵਣ ਤੋਂ ਮੁਕਤ ਕਰ ਦਿੰਦਾ ਹੈ। ਇਸੇ ਲਈ ਭਾਵੇਂ ਸੇਵਕ ਨੂੰ ਪ੍ਰਾਪਤ ਹੋਣ ਵਾਲੇ ਅਨੇਕ ਪ੍ਰਕਾਰ ਦੇ ਫਲਾਂ ਦਾ ਗੁਰਬਾਣੀ ਵਿਚ ਜ਼ਿਕਰ ਹੈ ਪਰੰਤੂ ਇਹ ਸਾਰੇ ਫਲ ਹੀ ਅਧਿਆਤਮਕ ਰੰਗ ਵਿਚ ਰੰਗੇ ਹੋਏ ਹਨ ਅਤੇ ਅਖੀਰ ਇਸ ਸਰਵੋਤਮ ਅਧਿਆਤਮਕ ਫਲ ਅਰਥਾਤ ਜਨਮ ਜਨਮ ਦੀ ਮੈਲ ਦੇ ਮਿਟ ਜਾਣ ਨਾਲ ਹੀ ਇਕਸੁਰ ਹੋ ਜਾਂਦੇ ਹਨ। ਇਸੇ ਸੰਦਰਭ ਵਲ ਸੰਕੇਤ ਕਰਦੀ ਹੈ ਗੁਰੂ ਨਾਨਕ ਦੇਵ ਜੀ ਦੀ ਹੇਠ ਲਿਖੀ ਪੰਕਤੀ:

ਫਲੁ ਤੇਵੇਹੋ ਪਾਈਐ
ਜੇਵੇਹੀ ਕਾਰ ਕਮਾਈਐ।[1]

ਅਰਥਾਤ ਉਪਰ ਸੰਕੇਤਿਤ ਜਨਮ ਜਨਮ ਦੀ ਮੈਲ ਦੇ ਮਿਟ ਜਾਣ ਵਾਲੀ ਪ੍ਰਾਪਤੀ ਕੇਵਲ ਉਸੇ ਸੂਰਤ ਵਿਚ ਹੀ ਹੋ ਸਕੇਗੀ ਜੇ ਸੇਵਕ ਦੀ ਸੇਵਾ ਦੀ ਉਚਾਈ ਇਸ ਫਲ ਦੇ ਮਹੱਤਵ ਦੇ ਅਨੁਰੂਪ ਹੋਵੇਗੀ। ਜੇ ਸੇਵਕ ਦੀ ਸੇਵਾ ਦਾ ਪੱਧਰ ਨੀਵਾਂ ਹੈ ਤਾਂ ਇਸ ਸੇਵਾ ਦਾ ਫਲ ਵੀ ਨਿਸਚੇ ਹੀ ਨੀਵਾਂ ਹੋਵੇਗਾ। ਇਸ ਸੰਦਰਭ ਨੂੰ ਹੋਰ ਵਧੇਰੇ ਸਪਸ਼ਟ ਕਰਦਿਆਂ ਗੁਰੂ ਨਾਨਕ ਦੇਵ ਜੀ ਇਕ ਹੋਰ ਥਾਂ ਕਹਿੰਦੇ ਹਨ:

ਵਿਚਿ ਦੁਨੀਆ ਸੇਵ ਕਮਾਈਐ।
ਤਾਂ ਦਰਗਹ ਬੈਸਣੁ ਪਾਈਐ।[2]

ਇਸ ਪੰਕਤੀ ਵਿਚ ਗੁਰਮਤਿ ਦੇ ਆਸ਼ੇ ਅਨੁਸਾਰ ਸੇਵਾ ਤੋਂ ਪ੍ਰਾਪਤ ਹੋਣ ਵਾਲੇ ਮੁਖ ਫਲ ਦਾ ਸਰੂਪ ਪੂਰੀ ਤਰ੍ਹਾਂ ਸਪਸ਼ਟ ਹੋ ਗਿਆ ਹੈ। ਅਰਥਾਤ ਇਹ ਭੌਤਿਕ ਜਗਤ ਜਿਸਨੂੰ ਮਾਤ ਲੋਕ ਕਿਹਾ ਜਾਂਦਾ ਹੈ ਇਕ ਵਿਸ਼ਾਲ ਕਰਮ ਭੂਮੀ ਹੈ। ਇਸ ਵਿਚ ਮਨੁੱਖ ਦਾ ਜਨਮ ਹੋ ਜਾਣਾ ਆਪਣੇ ਆਪ ਵਿਚ ਹੀ ਉਸਦੇ ਪਿਛਲੇ ਜਨਮ ਵਿਚ ਕੀਤੀ ਗਈ ਗੁਰੂ ਸੇਵਾ ਦਾ ਫਲ ਹੈ ਜਿਵੇਂ ਕਬੀਰ ਜੀ ਦੇ ਸ਼ਬਦਾਂ ਵਿਚ:

---

1. ਆਦਿ ਗ੍ਰੰਥ, ਮ. 1, ਪੰਨਾ 468
2. ਉਹੀ, ਮ. 1, ਪੰਨਾ 26

ਗੁਰ ਸੇਵਾ ਤੇ ਭਗਤਿ ਕਮਾਈ।
ਤਬ ਇਹ ਮਾਨਸ ਦੇਹੀ ਪਾਈ।[1]

ਉਪਰ ਦਿਤੀਆਂ ਗਈਆਂ ਪੰਕਤੀਆਂ ਵਿਚ ਇਹ ਮਹੱਤਵਪੂਰਨ ਸੰਕੇਤ ਹੈ ਕਿ ਪਿਛਲੀ ਸੇਵਾ ਦੀ ਕਮਾਈ ਨਾਲ ਇਹ ਵਡਮੁੱਲਾ ਜਨਮ ਪ੍ਰਾਪਤ ਹੋਇਆ ਹੈ ਅਤੇ ਵਡਭਾਗਾ ਮਨੁੱਖ ਹੁਣ ਉਹੀਉ ਹੋਵੇਗਾ ਜਿਹੜਾ ਜਗਤ ਰੂਪੀ ਕਰਮ ਭੂਮੀ ਵਿਚ ਹੋਰ ਵਧੇਰੇ ਸੁਧ ਹਿਰਦੇ ਨਾਲ ਅਣਥੱਕ ਸੇਵਾ ਕਰੇਗਾ, ਕਿਉਂਕਿ ਇਸ ਸੇਵਾ ਦੇ ਫਲਸਰੂਪ ਹੀ ਦਰਗਾਹ ਵਿਚ ਅਰਥਾਤ ਪਾਰਬ੍ਰਹਮ ਦੇ ਦਰਬਾਰ ਵਿਚ ਚੰਗੀ ਥਾਂ ਬੈਠਣ ਦਾ ਅਵਸਰ ਪ੍ਰਾਪਤ ਹੋ ਸਕੇਗਾ। ਅਰਥਾਤ ਜਨਮ ਜਨਮ ਦੀ ਮੈਲ ਮਿਟ ਜਾਵੇਗੀ ਅਤੇ ਚੌਰਾਸੀ ਦੇ ਗੇੜ ਤੋਂ ਮੁਕਤੀ ਪ੍ਰਾਪਤ ਹੋ ਜਾਵੇਗੀ।

ਪਿਛੇ ਅਸੀਂ ਚਰਚਾ ਕਰ ਚੁਕੇ ਹਾਂ ਕਿ ਸੇਵਕ ਦੀ ਸ਼ਖ਼ਸੀਅਤ ਵਿਚ ਗੁਰਮੁਖ ਵਿਅਕਤੀਆਂ ਦੇ ਸੰਪਰਕ ਅਤੇ ਸਾਧ ਸੰਗਤ ਵਿਚ ਰਹਿਕੇ ਸਹਿਜੇ ਸਹਿਜੇ ਅਤੇ ਪੜਾਵਾਰ ਵਿਕਾਸ ਹੁੰਦਾ ਹੈ। ਇੰਨ ਬਿਨ ਇਸੇ ਤਰ੍ਹਾਂ ਉਸਦੀ ਸੇਵਾ ਨੂੰ 'ਦਰਗਹ ਬੈਸਣੁ' ਵਾਲਾ ਜਿਹੜਾ ਮੁਖ ਫਲ ਲਗਦਾ ਹੈ ਉਸ ਤੋਂ ਪਹਿਲਾਂ ਵਾਲੀ ਸਥਿਤੀ ਬਾਰੇ ਇਉਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਪਹਿਲੀ ਸਟੇਜ ਤੇ ਉਸਨੂੰ ਇਕ ਫਲ ਲਗਦਾ ਹੈ ਅਤੇ ਇਸ ਸੇਵਾ ਦਾ ਬੀਜ ਉਸਦੀ ਹੋਰ ਅਗਲੇਰੀ ਸੇਵਾ ਨਾਲ ਰਲਕੇ ਅਗਲੇ ਫਲ ਨੂੰ ਜਨਮ ਦਿੰਦਾ ਹੈ ਅਤੇ ਇਸ ਤਰ੍ਹਾਂ ਇਹ ਸਿਲਸਿਲਾ ਤਦ ਤਕ ਚਲਦਾ ਰਹਿੰਦਾ ਹੈ ਜਦ ਤਕ ਉਹ ਆਪਣੀ ਆਖ਼ਰੀ ਮੰਜ਼ਿਲ ਤਕ ਪਹੁੰਚ ਕੇ ਸਰਬ-ਉਤਮ ਫਲ ਦੀ ਪ੍ਰਾਪਤੀ ਨਹੀਂ ਕਰ ਲੈਂਦਾ।

ਜਿਵੇਂ ਕਿ ਉਪਰ ਦਿਤੀ ਕਬੀਰ ਜੀ ਦੀ ਪੰਕਤੀ ਤੋਂ ਸਪਸ਼ਟ ਹੈ, ਪਿਛਲੇ ਜਨਮ ਵਿਚ ਗੁਰੂ ਦੀ ਸੇਵਾ ਦੇ ਫਲਸਰੂਪ ਇਸ ਜਗਤ ਵਿਚ 'ਮਾਨਸ ਦੇਹੀ' ਪ੍ਰਾਪਤ ਹੁੰਦੀ ਹੈ, ਇਹ ਮਾਨਸ ਦੇਹੀ ਫਿਰ ਜਦੋਂ ਇਸ ਜਗਤ ਵਿਚ ਗੁਰੂ ਚਰਨਾਂ ਦੀ ਸੇਵਾ ਨੂੰ ਸਮਰਪਿਤ ਹੋ ਜਾਂਦੀ ਹੈ ਤਾਂ ਸੇਵਕ ਨੂੰ ਸੇਵਾ ਦਾ ਇਹ ਫਲ ਪ੍ਰਾਪਤ ਹੋ ਜਾਂਦਾ ਹੈ ਕਿ ਸਾਧ ਸੰਗਤ ਵਿਚ ਬੈਠਣਾ ਉਸਨੂੰ ਨਸੀਬ ਹੋ ਜਾਂਦਾ ਹੈ:

ਗੁਰ ਕਾ ਸੇਵਕੁ ਸਾਧ ਸੰਗੁ ਪਾਏ
ਗੁਰੁ ਕਰਦਾ ਨਿਤ ਜੀਅ ਦਾਨਾ ਹੇ।[2]

---

1. ਆਦਿ ਗ੍ਰੰਥ, ਬਾਣੀ ਕਬੀਰ ਜੀ, ਪੰਨਾ 1159
2. ਉਹੀ, ਮ. 5, ਪੰਨਾ 1075

ਸਾਧ ਸੰਗਤ ਵਿਚ ਸ਼ਾਮਿਲ ਹੋ ਕੇ ਹੋਰ ਵਧ ਸੇਵਾ ਵਿਚ ਜੁਟੇ ਰਹਿਣ ਨਾਲ ਅਗਲੇ ਪੜਾਅ ਵਿਚ ਪਹੁੰਚ ਕੇ ਉਸਨੂੰ ਇਹ ਫਲ ਪ੍ਰਾਪਤ ਹੁੰਦਾ ਹੈ ਕਿ ਉਹਦੀ ਬਿਰਤੀ 'ਹਰੀ' ਦੇ 'ਨਾਮ' ਨਾਲ ਜੁੜ ਜਾਂਦੀ ਹੈ। ਨਾਮ ਨੂੰ ਗੁਰੂ ਸਾਹਿਬ ਨੇ ਇਕ ਅਮੋਲਕ ਰਤਨ ਕਿਹਾ ਹੈ ਜਿਸ ਦੀ ਪ੍ਰਾਪਤੀ ਸੇਵਕ ਨੂੰ ਸੇਵਾ ਵਿਚ ਸੰਲਗਨ ਰਹਿਣ ਤੋਂ ਬਾਅਦ ਹੋ ਜਾਂਦੀ ਹੈ:

ਨਾਮੁ ਅਮੋਲਕੁ ਰਤਨੁ ਹੈ
ਪੂਰੇ ਸਤਿਗੁਰ ਪਾਸਿ।
ਸਤਿਗੁਰ ਸੇਵੈ ਲਗਿਆ
ਕਢਿ ਰਤਨੁ ਦੇਵੈ ਪਰਗਾਸਿ।[1]

ਇਹ ਅਮੋਲਕ ਰਤਨ ਰੂਪੀ ਨਾਮ ਜਦੋਂ ਸੇਵਕ ਦੇ ਹਿਰਦੇ ਵਿਚ ਵਸ ਜਾਂਦਾ ਹੈ ਤਾਂ ਉਸਦੇ ਅੰਦਰੋਂ ਅਭਿਮਾਨ ਅਤੇ ਹਉਮੈਂ ਦਾ ਵਿਨਾਸ਼ ਹੋ ਜਾਂਦਾ ਹੈ:

ਸਤਿਗੁਰੁ ਸੇਵਿਐ ਜਾਇ ਅਭਿਮਾਨੁ
ਗੋਵਿਦੁ ਪਾਈਐ ਗੁਣੀ ਨਿਧਾਨੁ।[2]

ਅਭਿਮਾਨ ਅਤੇ ਹਉਮੈਂ ਦੇ ਵਿਨਾਸ਼ ਨਾਲ ਸੇਵਕ ਦੀ ਦੁਰਮੱਤ ਸੁਮੱਤ ਵਿਚ ਬਦਲ ਜਾਂਦੀ ਹੈ ਜਿਸ ਦਾ ਸਹਿਜੇ ਹੀ ਇਹ ਫਲ ਨਿਕਲਦਾ ਹੈ ਕਿ ਦੁਰਮੱਤ ਦੇ ਜਮਪਲ ਕਾਮ, ਕ੍ਰੋਧ, ਲੋਭ, ਮੋਹ ਆਦਿ ਸੇਵਕ ਦੇ ਹਿਰਦੇ ਵਿਚੋਂ ਅਲੋਪ ਹੋ ਜਾਂਦੇ ਹਨ:

ਦੂਤੀਆ ਦੁਰਮਤਿ ਦੂਰਿ ਕਰਿ
ਗੁਰ ਸੇਵਾ ਕਰਿ ਨੀਤ।
ਰਾਮ ਰਤਨੁ ਮਨਿ ਤਨਿ ਬਸੈ
ਤਜਿ ਕਾਮੁ ਕ੍ਰੋਧੁ ਲੋਭੁ ਮੀਤ।[3]

ਇਸ ਪ੍ਰਕਾਰ ਨਾਮ ਵਿਚ ਰੰਗੇ ਹੋਏ ਸੇਵਕ ਦੇ ਹਿਰਦੇ ਵਿਚੋਂ ਜਦੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਵਿਨਾਸ਼ ਹੋ ਜਾਂਦਾ ਹੈ ਤਾਂ ਉਸਨੂੰ ਕਿਸੇ ਪ੍ਰਕਾਰ ਦਾ ਵੀ ਡਰ (ਭਉ)

---

1. <u>ਆਦਿ ਗ੍ਰੰਥ</u>, ਮ. 4, ਪੰਨਾ 40
2. ਉਹੀ, ਮ. 3, ਪੰਨਾ 233
3. ਉਹੀ, ਮ. 5, ਪੰਨਾ 296

ਨਹੀਂ ਲਗਦਾ, ਨਾ ਹੀ ਕਿਸੇ ਦੁਖ ਦਾ ਸੰਤਾਪ ਉਸਨੂੰ ਮਹਿਸੂਸ ਹੁੰਦਾ ਹੈ:

ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ।
ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ।[1]

ਇਉਂ ਹਰ ਪ੍ਰਕਾਰ ਦੀ ਦੁਰਭਾਵਨਾ ਤੋਂ ਮੁਕਤ ਹੋ ਕੇ ਅਤੇ ਹਰ ਪ੍ਰਕਾਰ ਦੀ ਸਦਭਾਵਨਾ ਦੇ ਆਪਣੇ ਹਿਰਦੇ ਵਿਚ ਵਸ ਜਾਣ ਨਾਲ ਸੇਵਕ ਦੀ ਸੁਖ਼ਸੀਅਤ ਪ੍ਰਭਾਵਸ਼ਾਲੀ ਹੋ ਜਾਂਦੀ ਹੈ ਅਤੇ ਉਸਨੂੰ ਲੋਕ, ਪਰਲੋਕ ਵਿਚ ਵਡਿਆਈ ਅਤੇ ਸ਼ੋਭਾ ਪ੍ਰਾਪਤ ਹੋ ਜਾਂਦੀ ਹੈ:

ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ
ਦਰਿ ਸਚੈ ਸੋਭਾ ਪਾਇਦਾ।[2]

ਪਰੰਤੂ ਹਰ ਪ੍ਰਕਾਰ ਦੀ ਵਡਿਆਈ ਅਤੇ ਸ਼ੋਭਾ ਦੀ ਪ੍ਰਾਪਤੀ ਤੋਂ ਨਿਰਲੇਪ ਹੋ ਕੇ ਉਹ ਹੁਣ ਵੀ ਅਣਥਕ ਅਤੇ ਨਿਸ਼ਕਾਮ ਸੇਵਾ ਵਿਚ ਮਗਨ ਰਹਿੰਦਾ ਹੈ, ਦਿਨ ਰਾਤ ਆਪਣੇ ਸਤਿਗੁਰੂ ਅਤੇ ਸਤਿਗੁਰੂ ਦੇ ਪਿਆਰਿਆਂ ਦੀ ਸੇਵਾ ਕਰਦਾ ਹੈ ਜਿਸ ਨਾਲ ਉਸਦਾ ਹਿਰਦਾ ਸਹਿਜ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ ਅਤੇ ਉਸਦਾ ਮਨ ਹਰ ਪ੍ਰਕਾਰ ਦੇ ਕੋਲਾਹਲ ਤੋਂ ਸ਼ਾਂਤ ਹੋ ਜਾਂਦਾ ਹੈ:

ਗੁਰ ਕੀ ਸੇਵਾ ਕਰਹੁ ਦਿਨ ਰਾਤਿ।
ਸੂਖ ਸਹਜ ਮਨਿ ਆਵੈ ਸਾਂਤਿ।[3]

ਇਹ ਸੁਖ ਹੋਰ ਅਗੇਰੇ ਚਲਕੇ ਇਤਨਾ ਨਿਰਵਿਘਨ ਅਤੇ ਨਿਰੰਤਰ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਇਸ ਨੂੰ 'ਸਦਾ ਸੁਖ' ਕਿਹਾ ਹੈ ਜਿਸ ਦੇ ਨੇੜੇ ਤੇੜੇ ਫਿਰ ਕਦੀ ਵੀ ਦੁੱਖ ਨਹੀਂ ਫਟਕਦਾ:

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ
ਫਿਰਿ ਦੁਖੁ ਨ ਲਾਗੈ ਧਾਇ।[4]

---

1. <u>ਆਦਿ ਗ੍ਰੰਥ</u>, ਮ. 5, ਪੰਨਾ 1142
2. ਉਹੀ, ਮ. 3, ਪੰਨਾ 1063
3. ਉਹੀ, ਮ. 5, ਪੰਨਾ 741
4. ਉਹੀ, ਮ. 3, ਪੰਨਾ 1132

ਇਸ ਅਵਸਥਾ ਵਿਚ ਸੇਵਕ ਨੂੰ ਪ੍ਰਾਪਤ ਹੋਇਆ 'ਸਦਾ ਸੁਖ' ਜਗਤ ਵਿਚ ਉਸਨੂੰ ਸੁਖੀ ਰਖਦਾ ਹੈ ਅਤੇ ਪਰਲੋਕ ਵਿਚ ਅਰਥਾਤ ਪ੍ਰਭੂ ਦੀ ਦਰਗਾਹ ਵਿਚ ਵੀ ਉਸਦਾ ਮੁਖ ਮਾਣ ਨਾਲ ਉਜਲ ਹੋ ਜਾਂਦਾ ਹੈ:

ਈਹਾ ਸੁਖੁ ਆਗੈ ਮੁਖ ਊਜਲ
ਜਨ ਕਾ ਸੰਗੁ ਵਡਭਾਗੀ ਪਾਈਐ।[1]

ਪੜਾਵਾਰ ਹੋਈਆਂ ਸੇਵਕ ਦੀਆਂ ਉਪਰੋਕਤ ਪ੍ਰਾਪਤੀਆਂ ਵਿਚੋਂ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਜੇ ਉਸ ਕੋਲੋਂ ਅਣਜਾਣੇ ਵਿਚ ਜਾਂ ਸੇਵਾ ਦੇ ਕਾਰਜ ਵਿਚ ਸੰਲਗਨ ਹੋਣ ਤੋਂ ਪਹਿਲਾਂ ਕੋਟੀ ਕੋਟੀ ਅਪਰਾਧ ਹੋ ਗਏ ਹੋਣ ਤਾਂ ਵੀ ਇਨ੍ਹਾਂ ਅਪਰਾਧਾਂ ਦੀ ਉਸਨੂੰ ਸਜ਼ਾ ਨਹੀਂ ਮਿਲਦੀ ਅਤੇ ਕਿਸੇ ਵੀ ਅਪਰਾਧ ਜਾਂ ਪਾਪ ਦੇ ਬਦਲੇ ਉਸਨੂੰ ਨਰਕ ਨਹੀਂ ਭੋਗਣਾ ਪੈਂਦਾ:

1. ਗੁਰ ਕਾ ਸੇਵਕੁ ਨਰਕਿ ਨ ਜਾਏ।
   ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ।[2]

2. ਕੋਟਿ ਪਰਾਧ ਮਿਟਹਿ ਜਨ ਸੇਵਾ
   ਹਰਿ ਕੀਰਤਨੁ ਰਸਿ ਗਾਈਐ।[3]

ਸਪਸ਼ਟ ਹੈ ਕਿ ਜਿਸ ਸੇਵਕ ਨੂੰ ਉਪਰੋਕਤ ਸਭ ਪ੍ਰਾਪਤੀਆਂ ਹੋ ਜਾਣ ਉਸ ਲਈ ਮੁਕਤੀ ਦਾ ਦੁਆਰ ਖੁਲ੍ਹ ਜਾਂਦਾ ਹੈ ਅਤੇ ਪ੍ਰਭੂ ਚਰਨਾਂ ਵਿਚ ਹਮੇਸ਼ਾ ਲਈ ਉਸਦਾ ਨਿਵਾਸ ਹੋ ਜਾਂਦਾ ਹੈ:

ਗੁਰ ਸੇਵਾ ਪ੍ਰਭੁ ਪਾਇਆ
ਸਚੁ ਮੁਕਤਿ ਦੁਆਰਾ।[4]

---

1. <u>ਆਦਿ ਗ੍ਰੰਥ</u>, ਮ. 5, ਪੰਨਾ 610
2. ਉਹੀ, ਮ. 5, ਪੰਨਾ 1075
3. ਉਹੀ, ਮ. 5, ਪੰਨਾ 610
4. ਉਹੀ, ਮ. 1, ਪੰਨਾ 228

ਇਸ ਪ੍ਰਕਾਰ ਸੇਵਾ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਇਕ ਸੰਪੂਰਨ ਗੁਰਮੁਖ ਵਾਂਗ ਜਗਤ ਵਿਚ ਵਿਚਰਦਿਆਂ ਹੋਇਆਂ ਵੀ ਅਤੇ ਪਰਲੋਕ ਵਿਚ ਪਹੁੰਚਕੇ ਵੀ ਸੇਵਕ ਪ੍ਰਭੂ ਨਾਲ ਇਕ-ਮਿਕ ਰਹਿੰਦਾ ਹੈ ਅਤੇ ਉਸਦੀ ਪਦਵੀ ਇਤਨੀ ਉੱਚੀ ਹੋ ਜਾਂਦੀ ਹੈ ਕਿ ਹਰੀ ਦੇ ਰੰਗ ਵਿਚ ਰੰਗਿਆ ਹੋਇਆ ਇਹ ਮਹਾਨ ਸੇਵਕ ਹਰੀ ਜਿਹਾ ਹੀ ਹੋ ਜਾਂਦਾ ਹੈ:

ਹਰਿ ਕਾ ਸੇਵਕੁ ਸੋ ਹਰਿ ਜੇਹਾ।
ਭੇਦੁ ਨ ਜਾਣਹੁ ਮਾਣਸ ਦੇਹਾ।[1]

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਆਪ ਭਾਵੇਂ ਸੇਵਕ ਕਿਸੇ ਫਲ ਦੀ ਕਾਮਨਾ ਨਹੀਂ ਕਰਦਾ ਪਰੰਤੂ ਸਹਿਜ ਸੁਭਾ ਹੀ ਉਸਨੂੰ ਆਪਣੇ ਜੀਵਨ ਦੇ ਹਰ ਪੜਾਅ ਉਤੇ ਕੋਈ ਨਾ ਕੋਈ ਮਹੱਤਵਪੂਰਨ ਪ੍ਰਾਪਤੀ ਹੁੰਦੀ ਰਹਿੰਦੀ ਹੈ ਜਿਸ ਨਾਲ ਮਾਤ ਲੋਕ ਵਿਚ ਵਿਚਰਦਿਆਂ ਉਸਨੂੰ ਸੁਖ ਮਿਲਦਾ ਹੈ ਅਤੇ ਪਰਲੋਕ ਵਿਚ ਪਹੁੰਚ ਕੇ ਮੁਕਤੀ।

ਸੇਵਕ ਦੀਆਂ ਇਨ੍ਹਾਂ ਵਡਮੁੱਲੀਆਂ ਪ੍ਰਾਪਤੀਆਂ ਨੂੰ ਦ੍ਰਿਸ਼ਟੀ ਵਿਚ ਰਖਕੇ ਹੀ ਪ੍ਰੋ: ਹਰਬੰਸ ਸਿੰਘ ਆਪਣਾ ਇਹ ਵਿਸ਼ਵਾਸ਼ ਪ੍ਰਗਟ ਕਰਦੇ ਹਨ ਕਿ ਸਤਿਗੁਰੂ ਦੀ ਸੇਵਾ ਕਰਨਾ ਗੁਰਸਿੱਖ ਦਾ ਸਭ ਤੋਂ ਮਹੱਤਵਪੂਰਨ ਕਰਤੱਵ ਹੈ। ਸਿੱਖਾਂ ਦੇ ਵਿਸ਼ਵਾਸ਼ ਅਨੁਸਾਰ ਸੇਵਕ ਦੀ ਆਤਮਾ ਦੇ ਪਾਰਬ੍ਰਹਮ ਅਥਵਾ ਪਰਮ ਸੱਚ ਨਾਲ ਵਿਲੀਨ ਹੋਣ ਦਾ ਇਕੋ ਇਕ ਮਾਧਿਅਮ ਗੁਰਮੁਖ ਦੁਆਰਾ ਸੱਚੇ ਹਿਰਦੇ ਨਾਲ ਕੀਤੀ ਹੋਈ ਸੇਵਾ ਹੀ ਹੈ ਜਿਸ ਰਾਹੀਂ ਉਸਨੂੰ ਆਵਾਗਵਣ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ।[2]

ਇਕ ਮੁਹਾਵਰੇ ਜਾਂ ਅਖੌਤ ਦੇ ਰੂਪ ਵਿਚ ਭਾਵੇਂ ਸੇਵਕ ਦੀ ਸੇਵਾ ਨੂੰ ਨਿਸ਼ਕਾਮ ਕਿਹਾ ਜਾਂਦਾ ਰਹੇ ਪਰ ਵਾਸਤਵਿਕਤਾ ਤਾਂ ਇਹ ਹੈ ਕਿ ਬੈਰਾਗ ਅਤੇ ਸਵਾਰਥ-ਰਹਿਤ ਹੋ ਕੇ ਜਿਹੜਾ ਸੇਵਕ ਨਿਰੰਤਰ ਗੁਰੂ ਦੀ ਸੇਵਾ ਕਰਦਾ ਹੈ, ਉਸਦੀ ਸੇਵਾ ਨੂੰ ਅਖੀਰ ਵਿਚ ਅਵਸ਼ ਫਲ ਲਗਦਾ ਹੈ।

---

1. ਆਦਿ ਗ੍ਰੰਥ, ਮ. 5, ਪੰਨਾ 1076

2. It is the duty of the devotee to also put himself in the service of the True Guru. He will have then complete success in attaining true salvation, which according to the Sikh faith is the merger of the human soul in the Supreme Being.

   Harbans Singh Doabia, The Philosophy of Sikh Religion, p. 13

ਇਹੀ ਕਾਰਨ ਹੈ ਕਿ ਪ੍ਰੋ: ਬਲਦੇਵ ਸਿੰਘ ਗੁਰੂ ਦੇ ਸੇਵਕ ਦੀਆਂ ਅਦੁਤੀ ਪ੍ਰਾਪਤੀਆਂ ਨੂੰ ਇਕ ਚਮਤਕਾਰ ਦੇ ਰੂਪ ਵਿਚ ਅਨੁਭਵ ਕਰਦੇ ਹਨ। ਉਨ੍ਹਾਂ ਦਾ ਕਥਨ ਹੈ:

> "ਗੁਰਸਿੱਖ ਦੀ ਗੁਰੂ ਪ੍ਰਤੀ ਸੇਵਾ ਨਾਲ ਸਿੱਖ ਦੀ ਸ਼ਖ਼ਸੀਅਤ ਵਿਚ ਮਹਾਨ ਪਰਿਵਰਤਨ ਆ ਜਾਂਦਾ ਹੈ। ਉਹ ਮਨੁੱਖ ਤੋਂ ਦੇਵਤਾ ਬਣ ਜਾਂਦਾ ਹੈ। ਨਾਮ ਦੀ ਪ੍ਰਾਪਤੀ, ਸਭ ਭੁਖਾਂ ਤੋਂ ਤ੍ਰਿਪਤੀ, ਵਿਕਾਰਾਂ ਤੇ ਕਾਬੂ, ਆਤਮਿਕ ਵਿਗਾਸ, ਮਾਨਸਿਕ ਅਤੇ ਸਰੀਰਕ ਪਵਿਤਰਤਾ, ਮਾਇਕ ਬੰਧਨਾਂ ਅਤੇ ਮੌਤ ਦੇ ਭੈ ਤੋਂ ਛੁਟਕਾਰਾ ਅਤੇ ਆਤਮਿਕ ਰਸ ਆਦਿ ਪ੍ਰਾਪਤੀਆਂ ਗੁਰੂ ਦੀ ਸੇਵਾ ਦੇ ਹੀ ਚਮਤਕਾਰ ਹਨ।"[1]

ਮਹਾਂ ਕਵੀ ਸੰਤੋਖ ਸਿੰਘ ਜੀ ਦੀ ਦ੍ਰਿਸ਼ਟੀ ਵਿਚ ਗੁਰਮਤਿ ਦੇ ਸਿਧਾਂਤ ਅਨੁਸਾਰ ਕੀਤੀ ਗਈ ਗੁਰਸਿੱਖ ਦੀ ਸੇਵਾ ਇਕ ਪ੍ਰਕਾਰ ਦੀ ਭਗਤੀ ਹੈ ਜੋ ਗੁਰਸਿੱਖ ਸੇਵਕ ਨੂੰ ਮਨ ਦੇ ਨੀਵੇਂਪਣ ਤੋਂ ਮੁਕਤੀ ਪ੍ਰਾਪਤ ਕਰਾਉਂਦੀ ਹੈ। ਇਹ ਗੁਰਸਿਖ ਦੀ ਬਹੁਤ ਵੱਡੀ ਪ੍ਰਾਪਤੀ ਹੈ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

> ਮਮਸਿਖ ਹੋਇ ਜੁ ਸੇਵਾ ਕਰੈ।
> ਨੀਵੇਂ ਮਨ ਭਗਤੀ ਕੋ ਧਰੈ।[2]

ਪ੍ਰੋ: ਗੁਰਬਚਨ ਸਿੰਘ ਤਾਲਿਬ ਜੀ ਤਪਸਿਆ, ਭਗਤੀ, ਗਿਆਨ, ਸੁੱਚਮ ਨੂੰ ਮਨੁੱਖ ਦੀਆਂ ਉਚੇਰੀਆਂ ਕਦਰਾਂ ਵਿਚ ਸ਼ਾਮਿਲ ਕਰਦੇ ਹਨ ਅਤੇ ਇਹ ਦ੍ਰਿੜ੍ਹ ਕਰਾਉਂਦੇ ਹਨ ਕਿ ਕਿਸੇ ਸੇਵਕ ਨੂੰ ਜੀਵਨ ਦੀਆਂ ਇਹ ਮਹਾਨ ਕਦਰਾਂ ਕੇਵਲ ਤਦ ਹੀ ਪ੍ਰਾਪਤ ਹੁੰਦੀਆਂ ਹਨ ਜੇ ਉਹ ਸੁਧ ਹਿਰਦੇ ਨਾਲ ਸੇਵਾ ਦੀ ਪ੍ਰਕ੍ਰਿਆ ਵਿਚ ਸੰਲਗਨ ਰਹੇ। ਆਪ ਲਿਖਦੇ ਹਨ:

> "ਸਿੱਖ ਜਦ ਤੀਕ ਆਪਣੇ ਜੀਵਨ ਨੂੰ ਸੇਵਾ ਵਿਚ ਨਹੀਂ ਲਾਉਂਦਾ, ਉਸ ਦੀ ਤਪਸਿਆ, ਭਗਤੀ, ਗਿਆਨ ਸੁੱਚਮ ਨੂੰ ਨਹੀਂ ਪਹੁੰਚਦੀ।"[3]

---

1. ਬਲਦੇਵ ਸਿੰਘ, "ਗੁਰਬਾਣੀ ਤੇ ਇਤਿਹਾਸ ਵਿਚ ਸੇਵਾ ਦਾ ਸੰਕਲਪ", ਨਾਨਕ ਪ੍ਰਕਾਸ਼ ਪਤ੍ਰਿਕਾ (ਸੇਵਾ ਵਿਸ਼ੇਸ਼ ਅੰਕ), ਪੰਨਾ 102
2. ਸੰਤੋਖ ਸਿੰਘ, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ 9, ਅਧਿਆਇ 6, ਪੰਨਾ 3565
3. ਗੁਰਬਚਨ ਸਿੰਘ ਤਾਲਿਬ (ਪ੍ਰੋ:), ਤਿੰਨ ਧਾਰਮਿਕ ਖੋਜ ਨਿਬੰਧ, ਪੰਨਾ 43

ਡਾ. ਬਲਕਾਰ ਸਿੰਘ ਸੁੱਚੇ ਮਨ ਨਾਲ ਨਿਰੰਤਰ ਕੀਤੀ ਗਈ ਗੁਰਸਿਖ ਦੀ ਸੇਵਾ ਦੇ ਦੋ ਫਲਾਂ ਦੀ ਕਲਪਨਾ ਕਰਦੇ ਹਨ। ਉਨ੍ਹਾਂ ਅਨੁਸਾਰ ਇਕ ਪਾਸੇ ਸੇਵਾ 'ਮਨ ਦਾ ਪ੍ਰਕਾਸ਼' ਹੈ ਅਤੇ ਦੂਜੇ ਪਾਸੇ 'ਆਤਮਾ ਦਾ ਖਿੜਾਉ' ਹੈ। ਉਨ੍ਹਾਂ ਦਾ ਕਥਨ ਹੈ:

> "ਸੇਵਾ ਮਨ ਦਾ ਪ੍ਰਕਾਸ਼ ਹੈ ਪਰੰਤੂ ਇਸ ਦੇ ਚਾਨਣ ਦਾ ਅਨੰਦ ਕੋਲ ਵਾਲੇ ਮਾਣਦੇ ਹਨ। ਸੇਵਾ ਆਤਮਾ ਦਾ ਖਿੜਾਉ ਹੈ ਜੋ ਚੁਫੇਰੇ ਨੂੰ ਮਹਿਕਾਉਂਦੀ ਹੈ। ਇਸ ਸਥਿਤੀ ਨੂੰ ਪ੍ਰਾਪਤ ਸੇਵਕ ਸੇਵਾ ਰਾਹੀਂ ਪਰਮਾਤਮਾ-ਰੂਪ ਹੋ ਜਾਂਦਾ ਹੈ।"[1]

ਪ੍ਰੋ: ਗੁਲਵੰਤ ਸਿੰਘ ਜੀ ਅਨੁਸਾਰ:

> "ਸੇਵਾ ਕੋਈ ਵਿਅਰਥ ਨਹੀਂ ਜਾਂਦੀ।"

ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ "ਕਿਸੇ ਪ੍ਰਕਾਰ ਦੀ ਸਾਰਥਕ ਅਤੇ ਮਹੱਤਵਪੂਰਨ ਪ੍ਰਾਪਤੀ ਸੇਵਾ ਤੋਂ ਬਿਨਾਂ ਸੰਭਵ ਨਹੀਂ।" ਉਨ੍ਹਾਂ ਦੀ ਧਾਰਣਾ ਹੈ ਕਿ "ਸੇਵਾ ਵਿਅਕਤਿਤਵ ਨੂੰ ਸਮਰਿਧ ਅਤੇ ਸੂਖਮ ਬਣਾਉਂਦੀ ਹੈ।"[2]

ਗੁਰਮਤਿ ਅਨੁਸਾਰ ਸੱਚੇ ਸੇਵਕ ਦਾ ਹਿਰਦਾ ਦਇਆ, ਹਮਦਰਦੀ ਅਤੇ ਪ੍ਰੇਮ ਦੀਆਂ ਭਾਵਨਾਵਾਂ ਨਾਲ ਭਰਪੂਰ ਹੁੰਦਾ ਹੈ। ਇਸੇ ਲਈ ਜਦੋਂ ਕਿਸੇ ਦੀਨ, ਦੁਖੀ ਜਾਂ ਲੋੜਵੰਦ ਦੀ ਉਹ ਸੇਵਾ ਕਰਦਾ ਹੈ ਤਾਂ ਇਸ ਸੇਵਾ ਨੂੰ ਦੋਹਰਾ ਫਲ ਲਗਦਾ ਹੈ। ਇਸ ਸੇਵਾ ਦਾ ਪਾਤਰ ਤਾਂ ਆਪਣੇ ਦੁਖ ਤਕਲੀਫ਼ ਤੋਂ ਨਿਜਾਤ ਪਾਉਂਦਾ ਹੀ ਹੈ ਪਰੰਤੂ ਇਸਦੇ ਨਾਲ ਹੀ ਸੇਵਕ ਦਾ ਆਪਣਾ ਮਨ ਵੀ ਖਿੜ ਜਾਂਦਾ ਹੈ। ਲਾਲਾ ਹਰਦਿਆਲ ਜੀ ਨੇ ਵੀ ਆਪਣੇ ਇਕ ਲੇਖ Personal Service ਵਿਚ ਸੇਵਾ ਤੋਂ ਪ੍ਰਾਪਤ ਹੋਣ ਵਾਲੇ ਫਲ ਸੰਬੰਧੀ ਲਗਭਗ ਇਹੀ ਵਚਾਰ ਹੇਠ ਲਿਖੇ ਅਨੁਸਾਰ ਪ੍ਰਗਟਾਏ ਹਨ:

> "Service is twice blessed: it blesses him that gives and him that receives it."[3]

---

1. ਬਲਕਾਰ ਸਿੰਘ (ਡਾ.), "ਸੇਵਾ ਦੇ ਸੰਕਲਪ ਦਾ ਤੁਲਨਾਤਮਕ ਅਧਿਐਨ", <u>ਨਾਨਕ ਪ੍ਰਕਾਸ਼ ਪਤ੍ਰਿਕਾ</u>, ਪੰਨਾ 33
2. ਪ੍ਰੋ: ਗੁਲਵੰਤ ਸਿੰਘ, <u>ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ</u>, ਪੰਨਾ 5
3. <u>Hints for Self Culture</u>, p. 210

## ਨਿਸ਼ਕਰਸ਼

ਗੁਰਮਤਿ ਅਨੁਸਾਰ ਸੇਵਾ ਦਾ ਸਮੁੱਚਾ ਸੰਕਲਪ ਭਿੰਨ ਭਿੰਨ ਪਰਤਾਂ ਅਤੇ ਭਿੰਨ ਭਿੰਨ ਦਿਸ਼ਾਵਾਂ ਤਕ ਫੈਲੇ ਹੋਏ ਹੋਣ ਦੇ ਬਾਵਜੂਦ ਅਖ਼ੀਰ ਇਕੋ ਇਕਾਈ ਵਿਚ ਬੱਝ ਜਾਂਦਾ ਹੈ ਅਤੇ ਉਸਦੇ ਅਧਿਆਤਮਿਕ, ਨੈਤਿਕ ਤੇ ਪਦਾਰਥਕ ਸੰਦਰਭ ਆਪੋ ਵਿਚ ਪੂਰੀ ਤਰ੍ਹਾਂ ਇਕਸੁਰ ਹੋ ਜਾਂਦੇ ਹਨ।

ਧਨ ਅਤੇ ਤਨ ਸੇਵਾ ਦੇ ਦੋ ਸਥੂਲ ਮਾਧਿਅਮ ਹਨ, ਕਿਉਂਕਿ ਸੇਵਕ ਦੀ ਕਰਮ-ਭੂਮੀ ਸਥੂਲ ਜਗਤ ਹੁੰਦੀ ਹੈ। ਇਸੇ ਤਰ੍ਹਾਂ ਮਨ ਦੀ ਇਕਾਗਰਤਾ ਅਤੇ ਸੁਰਤਿ-ਸ਼ਬਦ ਦੀ ਇੱਕਸੁਰਤਾ ਦੋ ਅਵਸਥਾਵਾਂ ਹਨ, ਜਿਨ੍ਹਾਂ ਨੂੰ ਸੇਵਾ ਦੇ ਦੋ ਸੂਖਮ ਸੰਦਰਭ ਕਿਹਾ ਜਾ ਸਕਦਾ ਹੈ।

ਸੇਵਕ ਦੀਨ-ਦੁਖੀਆਂ, ਲੋੜਵੰਦਾਂ ਜਾਂ ਸਾਂਝੀ ਭਲਾਈ ਲਈ ਆਰੰਭੇ ਗਏ ਸਤਿਕਾਰਜਾਂ ਲਈ ਦਸਵੰਧ ਦੇ ਰੂਪ ਵਿਚ ਆਪਣੇ ਕਮਾਏ ਹੋਏ ਧਨ ਦਾ ਕੁਝ ਹਿੱਸਾ ਗੁਰੂ ਦੇ ਚਰਨਾਂ ਵਿਚ ਸਮਰਪਿਤ ਕਰਦਾ ਹੈ ਅਤੇ ਬਾਕੀ ਬਚਦੇ ਧਨ ਨੂੰ ਵੀ ਉਹ ਆਪਣੇ ਉਤੇ ਗੁਰੂ ਦੀ ਬਖ਼ਸ਼ਿਸ਼ ਸਮਝਕੇ ਵਰਤਦਾ ਹੈ। ਇਸ ਤਰ੍ਹਾਂ ਧਨ ਦੀ ਸੇਵਾ ਸੇਵਕ ਨੂੰ ਮਾਇਆ ਦੇ ਮੋਹ ਤੋਂ ਨਿਰਲੇਪ ਰਖਦੀ ਹੈ। ਤਨ ਦੀ ਸੇਵਾ ਵੀ ਉਹ ਭਾਵੇਂ ਕਿਸੇ ਥਾਂ, ਕਿਸੇ ਵੀ ਵਿਅਕਤੀ ਦੀ ਕਰ ਰਿਹਾ ਹੋਵੇ, ਆਪਣੇ ਵਲੋਂ ਆਪਣੇ ਗੁਰੂ ਨੂੰ ਦ੍ਰਿਸ਼ਟੀ ਵਿਚ ਰਖਕੇ ਹੀ ਗੁਰੂ ਦੇ ਪਿਆਰਿਆਂ ਦੀ ਭਲਾਈ ਲਈ ਆਪਣੇ ਸਰੀਰ ਦੇ ਅੰਗਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਇਸ ਤਰ੍ਹਾਂ ਤਨ ਦੀ ਸੇਵਾ ਉਸਨੂੰ ਹਉਮੈਂ ਤੋਂ ਮੁਕਤ ਕਰਦੀ ਹੈ।

ਸੇਵਾ ਭਾਵੇਂ ਉਹ ਧਨ ਨਾਲ ਕਰ ਰਿਹਾ ਹੋਵੇ ਅਤੇ ਭਾਵੇਂ ਤਨ ਨਾਲ, ਹਉਮੈਂ ਤੋਂ ਮੁਕਤ ਹੋ ਚੁਕਿਆ ਉਸਦਾ ਮਨ ਇਕਾਗਰ ਅਤੇ ਸੰਤੋਖੀ ਰਹਿੰਦਾ ਹੈ, ਅਤੇ ਇਹ ਇਕਾਗਰਤਾ ਅਤੇ ਸੰਤੋਖ ਉਸਦੀ ਸੁਰਤਿ ਨੂੰ ਸ਼ਬਦ ਰੂਪੀ ਬ੍ਰਹਮ ਨਾਲ ਜੋੜੀ ਰਖਦੇ ਹਨ।

ਮਨ ਦੀ ਇਕਾਗਰਤਾ ਅਤੇ ਸੁਰਤਿ-ਸ਼ਬਦ ਦੇ ਜੋੜ ਵਾਲੀ ਅਵਸਥਾ ਵਿਚ ਸੇਵਕ ਨਿਰੰਤਰ ਅਤੇ ਅਣਥੱਕ ਸੰਘਰਸ਼ ਕਰਕੇ ਪਹੁੰਚਦਾ ਹੈ। ਉਸਦੇ ਇਸ ਸੰਘਰਸ਼ ਦੀ ਯਾਤਰਾ ਉਹੀ ਹੈ ਜਿਸ ਦਾ ਅਧਿਆਤਮਿਕ ਸੰਦਰਭ ਵਿਚ ਪੰਜ ਖੰਡਾਂ ਅਰਥਾਤ ਧਰਮ ਖੰਡ ਤੋਂ ਸਚ ਖੰਡ ਤਕ ਦੀ ਯਾਤਰਾ ਦਾ ਜਪੁਜੀ ਸਾਹਿਬ ਵਿਚ ਜ਼ਿਕਰ ਹੈ।

ਆਪਣੇ ਗੁਰੂ ਨੂੰ ਦ੍ਰਿਸ਼ਟੀ ਵਿਚ ਰਖਕੇ ਸੁਧ ਹਿਰਦੇ ਨਾਲ ਸੇਵਕ ਭਾਵੇਂ ਕਿਤਨੀ ਵੀ ਵੱਡਮੁੱਲੀ ਸੇਵਾ ਕਰ ਰਿਹਾ ਹੋਵੇ, ਇਸਦੇ ਬਦਲੇ ਵਿਚ ਆਪਣੇ ਵਲੋਂ ਉਹ ਕਿਸੇ ਪ੍ਰਕਾਰ ਦੇ ਫਲ ਦੀ ਕਾਮਨਾ ਆਪਣੇ ਮਨ ਵਿਚ ਨਹੀਂ ਰਖਦਾ। ਪਰੰਤੂ ਉਸਦੀ ਆਪਣੇ ਵਲੋਂ ਕੀਤੀ ਗਈ ਨਿਸ਼ਕਾਮ ਸੇਵਾ ਨੂੰ ਵੀ ਅਖੀਰ ਫਲ ਜ਼ਰੂਰ ਲਗਦਾ ਹੈ ਜੋ ਮਾਤ ਲੋਕ ਵਿਚ ਸੁਖ ਦੇ ਰੂਪ ਵਿਚ ਅਤੇ ਪਰਲੋਕ ਵਿਚ ਮੁਕਤੀ ਦੇ ਰੂਪ ਵਿਚ ਉਸਨੂੰ ਪ੍ਰਾਪਤ ਹੁੰਦਾ ਹੈ।

## ਪੁਸਤਕ-ਸੂਚੀ

### ਪੰਜਾਬੀ


ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਮ੍ਰਿਤਸਰ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਅੰਗਰੇਜ਼ੀ-ਪੰਜਾਬੀ ਕੋਸ਼, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1986

ਸਾਹਿਬ ਸਿੰਘ (ਪ੍ਰੋ:), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਜਲੰਧਰ, ਰਾਜ ਪਬਲਿਸ਼ਰਜ਼ (ਰਜਿ.), 1981

—, ਧਰਮ ਤੇ ਸਦਾਚਾਰ, ਅੰਮ੍ਰਿਤਸਰ, ਖਾਲਸਾ ਕਾਲਜ, 1951

ਸਾਵਣ ਸਿੰਘ, ਮਹਾਰਾਜ, ਗੁਰਮਤ ਸਿਧਾਂਤ, ਭਾਗ ਦੂਜਾ, ਬਿਆਸ, ਰਾਧਾਸੁਆਮੀ ਸਤਿਸੰਗ, 1982

ਸੰਤੋਖ ਸਿੰਘ (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ਨੌਵੀਂ, ਸੰਪਾ. ਭਾਈ ਵੀਰ ਸਿੰਘ, ਅੰਮ੍ਰਿਤਸਰ, ਖਾਲਸਾ ਸਮਾਚਾਰ, 1964

ਹਜ਼ਾਰਾ ਸਿੰਘ (ਗਿਆਨੀ), ਵਾਰਾਂ ਭਾਈ ਗੁਰਦਾਸ ਸਟੀਕ, ਅੰਮ੍ਰਿਤਸਰ, ਖਾਲਸਾ ਸਮਾਚਾਰ 1977

ਹਰਬੰਸ ਸਿੰਘ ਤੇ ਐਲ.ਐਮ. ਜੋਸ਼ੀ, ਸੰਸਾਰ ਦੇ ਧਰਮ, ਅਨੁ. ਭਗਤ ਸਿੰਘ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1980

ਹੀਰਾ, ਭਗਤ ਸਿੰਘ, ੴ ਦਰਸ਼ਨ, ਨਵੀਂ ਦਿੱਲੀ, ਭਗਤ ਸਿੰਘ ਹੀਰਾ, ਤਿਲਕ ਨਗਰ, 1982

ਕਵੀਸ਼ਰ, ਸਰਦੂਲ ਸਿੰਘ, ਸਿੱਖ ਧਰਮ ਦਰਸ਼ਨ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1969

ਗੁਪਤਾ, ਸ਼ਾਂਤੀ ਨਾਥ, ਭਾਰਤੀ ਦਰਸ਼ਨ, ਚੰਡੀਗੜ੍ਹ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, 1974

ਗੁਰਨਾਮ ਕੌਰ (ਸੰਪਾ.), ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1986

ਗੁਰਮੁਖ ਨਿਹਾਲ ਸਿੰਘ (ਮੁਖ ਸੰਪਾ.), ਗੁਰੂ ਨਾਨਕ: ਜੀਵਨ, ਯੁਗ ਅਤੇ ਉਪਦੇਸ਼, ਦਿੱਲੀ, ਨਵਯੁਗ ਪਬਲਿਸ਼ਰਜ਼, 1969

ਗੰਗਾ ਸਿੰਘ (ਪ੍ਰਿੰ:.), ਸਿਖ ਧਰਮ ਫ਼ਿਲਾਸਫ਼ੀ, ਅੰਮ੍ਰਿਤਸਰ, ਭਾਈ ਮੇਹਰ ਸਿੰਘ, ਸੁਰਿੰਦਰ ਸਿੰਘ, 1978

ਗੰਡਾ ਸਿੰਘ (ਸੰਪਾ.), ਹੁਕਮਨਾਮੇ ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖਾਲਸਾ ਜੀ ਦੇ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1967

ਜੋਧ ਸਿੰਘ (ਭਾਈ), ਗੁਰਮਤ ਨਿਰਣਯ, ਲਾਹੌਰ, ਮੈਸਰਜ਼ ਅਤਰ ਚੰਦ ਕਪੂਰ ਐਂਡ ਸਨਜ਼, 1940

ਜੱਗੀ, ਰਤਨ ਸਿੰਘ, ਗੁਰੂ ਨਾਨਕ ਦੀ ਵਿਚਾਰਧਾਰਾ, ਦਿੱਲੀ, ਨਵਯੁਗ ਪਬਲਿਸ਼ਰਜ਼, 1969

ਤਾਰਨ ਸਿੰਘ, ਭਗਤੀ ਤੇ ਸ਼ਕਤੀ, ਅੰਮ੍ਰਿਤਸਰ, ਫ਼ਕੀਰ ਸਿੰਘ ਐਂਡ ਸਨਜ਼, 1962

ਤਾਲਿਬ, ਗੁਰਬਚਨ ਸਿੰਘ (ਸੰਪਾ.), ਸੰਸਾਰ ਦੇ ਕੁਝ ਮੁਖ ਧਰਮ, ਅਨੁ. ਡਾ. ਦਰਸ਼ਨ ਸਿੰਘ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1977

—, ਤਿੰਨ ਧਾਰਮਿਕ ਖੋਜ ਨਿਬੰਧ, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ

ਤੇਜਾ ਸਿੰਘ (ਪ੍ਰਿੰ:), ਜਪੁਜੀ ਸਟੀਕ, ਅੰਮ੍ਰਿਤਸਰ, ਪ੍ਰਕਾਸ਼ ਪੁਸਤਕਾਲਾ, ਤੀਜੀ ਵਾਰ

ਦਰਸ਼ਨ ਸਿੰਘ (ਡਾ.), ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1976

ਦੀਪ, ਦਲੀਪ ਸਿੰਘ (ਡਾ.), ਜਪੁਜੀ ਇਕ ਤੁਲਨਾਤਮਕ ਅਧਿਐਨ, ਨਵੀਂ ਦਿੱਲੀ, ਪੰਜਾਬੀ ਬੁਕ ਸੈਂਟਰ, 1969

ਨਾਨਕ ਪ੍ਰਕਾਸ਼ ਪਤ੍ਰਿਕਾ (ਸੇਵਾ ਵਿਸ਼ੇਸ਼ ਅੰਕ), ਸੰਪਾ. ਡਾ. ਬਲਕਾਰ ਸਿੰਘ , ਪਟਿਆਲਾ, ਪੰਜਾਬੀ ਯੂਨੀਵਰਸਿਟੀ, ਦਸੰਬਰ 1984

ਨਾਭਾ, ਕਾਨ੍ਹ ਸਿੰਘ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1981

ਪਦਮ, ਪਿਆਰਾ ਸਿੰਘ (ਸੰਪਾ.), ਰਹਿਤਨਾਮੇ, ਪਟਿਆਲਾ, ਕਲਮ ਮੰਦਿਰ, 1978

ਪੂਰਨ ਸਿੰਘ (ਪ੍ਰੋ:), ਖੁਲ੍ਹੇ ਲੇਖ, ਲੁਧਿਆਣਾ, ਲਾਹੌਰ ਬੁਕ ਸ਼ਾਪ, 1981

ਪ੍ਰੀਤਮ ਸਿੰਘ (ਪ੍ਰੋ:), ਸਿੱਖ ਵੀਚਾਰ-ਧਾਰਾ, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1962

ਪ੍ਰੇਮ ਪ੍ਰਕਾਸ਼ ਸਿੰਘ (ਡਾ.), ਗੁਰੂ ਨਾਨਕ ਤੇ ਨਿਰਗੁਣ ਧਾਰਾ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1973

ਬਲਬੀਰ ਸਿੰਘ (ਡਾ.), ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਪਹਿਲੀ ਜਿਲਦ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1972

ਬੇਦੀ, ਕਾਲਾ ਸਿੰਘ, ਗੁਰੂ ਨਾਨਕ ਸ਼ਬਦ ਰਤਨਾਕਰ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1969

ਭਗਤੀ ਕਾਵਿ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970

ਭਾਈ ਵੀਰ ਸਿੰਘ ਰਚਨਾਵਲੀ, ਚੌਥੀ ਜਿਲਦ (ਗੁਰੂ ਚਮਤਕਾਰ), ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1973

ਭਾਟੀਆ, ਸੁਰਜੀਤ ਸਿੰਘ, ਸਿਮਰਣ, ਸੇਵਾ ਤੇ ਸਿੱਖ ਆਚਰਣ, ਲੁਧਿਆਣਾ, ਲਾਹੌਰ ਬੁਕ ਸ਼ਾਪ, 1987

ਮਨੀ ਸਿੰਘ (ਗਿਆਨੀ), ਸੇਵਾ ਚਮਤਕਾਰ, ਅੰਮ੍ਰਿਤਸਰ, ਗਿ. ਜਸਵੰਤ ਕੌਰ ਤਕਦੀਰ, 1976

ਮਾਚਵੇ, ਪ੍ਰਭਾਕਰ, ਨਾਮਦੇਵ - ਜੀਵਨ ਤੇ ਦਰਸ਼ਨ, ਅਨੁ. ਵਜ਼ੀਰ ਸਿੰਘ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1969

ਮਿਖਾਈਲ ਨਈਮੀ, ਮੀਰਦਾਦ ਦੀ ਪੁਸਤਕ, ਅਨੁ. ਮਹਿੰਦਰ ਸਿੰਘ ਜੋਸੀ, ਬਿਆਸ, ਰਾਧਾ ਸੁਆਮੀ ਸਤਿਸੰਗ, 1986

ਰਾਮ ਸਿੰਘ (ਪ੍ਰੋ:), ਜਪੁਜੀ ਦਾ ਵਿਸ਼ਾ ਤੇ ਰੂਪ, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ, 1969

ਵੀਰ ਸਿੰਘ, ਭਾਈ (ਸੰਪਾ.), ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਅੰਮ੍ਰਿਤਸਰ, ਖਾਲਸਾ ਸਮਾਚਾਰ, 1967

ਹਿੰਦੀ

ਉਪਾਧਿਆਇ, ਬਲਦੇਵ (ਆਚਾਰੀਯਾ), ਭਾਰਤੀਯ ਦਰਸ਼ਨ, ਵਾਰਾਨਸੀ, ਚੌਖੰਬਾ ਓਰੀਐਂਟਾਲਿਯਾ, 1976

ਸਹਿਗਲ, ਮਨਮੋਹਨ (ਡਾ.), ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਕ ਸਰਵੇਕਸ਼ਣ, ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1971

ਸ਼ਾਸਤਰੀ, ਮੰਗਲਦੇਵ, ਭਾਰਤੀ ਸੰਸਕ੍ਰਿਤੀ ਕਾ ਵਿਕਾਸ, ਬਨਾਰਸ, ਸਮਾਜ ਵਿਗਿਆਨ ਪਰੀਸ਼ਦ, 1956

ਹਿੰਦੀ ਸ਼ਬਦ ਸਾਗਰ, ਦਸਵਾਂ ਭਾਗ, ਵਾਰਾਨਸੀ, ਨਾਗਰੀ ਮੁਦਰਣ, 1973

ਚਟੋਪਾਧਯ, ਸਤੀਸ਼ ਚੰਦਰ ਤੇ ਧੀਰੇਂਦਰ ਦੱਤ, ਭਾਰਤੀਯ ਦਰਸ਼ਨ, ਪਟਨਾ, ਪੁਸਤਕ ਭੰਡਾਰ, 1961

ਥਾਨਵੀ, ਅਸ਼ਰਫ ਅਲੀ, ਦੀਨੀ ਬਹਿਸ਼ਤੀ ਜ਼ੇਵਰ, ਅਨੁ. ਸਈਯਦ ਅਖ਼ਤਰ ਇਸਲਾਮ, ਦਿੱਲੀ, ਦੀਨੀ ਬੁਕ ਡੀਪੂ, 1982

ਮਿਸਰ, ਜਯ ਰਾਮ (ਡਾ.), ਸ੍ਰੀ ਗੁਰੂ ਗ੍ਰੰਥ ਦਰਸ਼ਨ, ਇਲਾਹਾਬਾਦ, ਸਾਹਿਤਯ ਭਵਨ, 1960

English


Avtar Singh, *Ethics of the Sikhs*, Patiala, Panjabi University, 1970.

Charan Singh, Maharaj, *Spiritual Heritage*, Beas, Radhasoami Satsang, 1985

Cole, W. Owen, *Sikh Religious Thought*, New Delhi, Vikas Publishing House, Pvt. Ltd., 1978.

Darshan Singh (Dr.), *The Bhakti Tradition in India and the Sikh Gurus*, Chandigarh, Punjab Publishers, 1968.

Doabia, Harbans Singh, *The Philosophy of Sikh Religion*, Chandigarh, The Harbans Singh Doabia Satwant Kaur Charitable Trust.

Emil Brunner, *The Divine Imperative*, Philadelpha, The Westminster Press, 1936.

*English-Punjabi Dictionary*, Chandigarh, Punjab State University Text-Book Board, 1982.

Gurdev Singh (Ed.), *Perspectives on the Sikh Tradition*, Patiala, Academy of Sikh Religion & Culture, 1986.

Harbans Singh (Dr.), *Degh Tegh Fateh*, Chandigarh, Alam Publishing House, 1986.

Hardayal, Lala, *Hints for Self-Culture*, Bombay, Jaico Publishing House, 1983.

Kane, Panduran Vaman, *The History of Dharmasastra*, Vol. II, Part II, Poona, Bhandarkar Oriental Research Institute, 1941.

Kohli, Surinder Singh (Dr.), *Outlines of Sikh Thought*, New Delhi, Punjabi Prakashak, 1966.

Macauliffe, M.A., *The Sikh Religion*, Vol. V, New Delhi, S. Chand & Co., 1963

MacLeod, W.H., *Guru Nanak and the Sikh Religion*, London, Oxford University Press, 1968

Muhammad Ali, Maulana, The Religion of Islam, Lahore, The Ahmadiyya Anjuman Ishaat Islam, 1936

Narang, Gokal Chand, Transformation of Sikhism, Lahore, New Book Society, 1946.

New Webster's Dictionary of the English Language, 1981

Prabhananda, Swami, The Spiritual Heritage of India, London, George Allen & Unwin Ltd., 1962.

Puran Singh, The Ten Masters, Amritsar, Chief Khalsa Diwan, 1975.

Radhakrishnan, S. (Dr.), Indian Philosophy, Vol. I, London, George Allen & Unwin Ltd., 1966.

_____, The Principal Upanisads, London, George Allen & Unwin Ltd., 1953

Ranbir Singh, The Sikh Way of Life, New Delhi, India Publishers, 1968.

Sanskrit-Hindi-English Dictionary, New Delhi, Orient Longman, 1975.

Sikhism and Indian Society, Vol. IV, Simla, Indian Institute of Advanced Studies, 1967.

Sikka, Ajit Singh (Dr.), Beacons of Light, Ludhiana, Bee Kay Publications, 1973.

_____, The Philosophy of Mind in the Poetry of Guru Nanak, Ludhiana, Bee Kay Publications, 1973.

Sivananda, Swami, The Conquest of Mind, Sivanandanagar, Distt. Tehri Garhwal, The Divine Life Society, 1968.

Teja Singh, Sikhism - Its Ideals and Institution, Calcutta, Orient Longmans, 1964

The Holy Bible (Containing Old and New Testaments), tr. New York, American Bible Society.

Thomas, George F , *Christian Ethics and Moral Philosophy*, New York, Charles Scribner's Sons, 1955

Yusub Ali, Abdullah, *The Holy Quran* - Text, Translation and Commentary, Vol. I, New Delhi, Hafner Publishing Company, 1946